ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 150
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Monday, 1 June, 2026) ਸੋਮਵਾਰ, 1 ਜੂਨ, 2026, 18 ਜੇਠ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

## ਮਾਨ ਨੇ ਅੱਜ ਮੁੜ ਸੱਦੀ ਮੰਤਰੀ ਮੰਡਲ ਦੀ ਮੀਟਿੰਗ

ਚੰਡੀਗੜ੍ਹ, 31 ਮਈ (ਚੜ੍ਹਦੀਕਲਾ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਕ ਜੂਨ ਨੂੰ ਮੁੜ ਤੋਂ ਮੰਤਰੀ ਮੰਡਲ ਦੀ ਮੀਟਿੰਗ ਸੱਦ ਲਈ ਹੈ। ਇਹ ਮੀਟਿੰਗ 1 ਜੂਨ ਨੂੰ ਦੁਪਹਿਰ 12 ਵਜੇ ਚੰਡੀਗੜ੍ਹ ਸਥਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰੀ ਰਿਹਾਇਸ਼ ਉੱਤੇ ਹੋਵੇਗੀ। ਪੰਜਾਬ ਸਰਕਾਰ ਵੱਲੋਂ ਮੀਟਿੰਗ ਦਾ ਏਜੰਡਾ ਹਾਲੇ ਕੋਈ ਜਾਰੀ ਨਹੀਂ ਕੀਤਾ ਗਿਆ ਪਰ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸੂਬਾ ਸਰਕਾਰ ਵੱਲੋਂ ਮੀਟਿੰਗ ਵਿੱਚ ਕਈ ਅਹਿਮ ਫੈਸਲੇ ਲਏ ਜਾਣਗੇ।ਦੱਸਣਯੋਗ ਹੈ ਕਿ ਲੰਘੇ ਦਿਨ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਪੰਜਾਬ ਸਰਕਾਰ ਨੇ ਸੂਬੇ ਵਿੱਚ ਆਊਟਸੋਰਸ ਤੇ ਕੰਮ ਕਰਨ ਵਾਲੇ ਕਾਮਿਆਂ ਨੂੰ

(ਬਾਕੀ ਸਫ਼ਾ 2 'ਤੇ)

*'ਮਨ ਕੀ ਬਾਤ' ਦੇ 134ਵੇਂ ਐਪੀਸੋਡ 'ਚ ਪੀ.ਐਮ. ਵੱਲੋਂ ਖਿਡਾਰੀਆਂ ਦੀ ਸ਼ਲਾਘਾ*

## ਐਥਲੀਟ ਗੁਰਿੰਦਰ ਵੀਰ ਸਿੰਘ ਵੱਲੋਂ 100 ਮੀਟਰ 'ਚ ਨਵਾਂ ਰਾਸ਼ਟਰੀ ਰਿਕਾਰਡ ਬਣਾਉਣਾ ਮਾਣ ਵਾਲੀ ਗੱਲ: ਮੋਦੀ

ਚੜ੍ਹਦੀਕਲਾ ਬਿਊਰੋ
==============

ਨਵੀਂ ਦਿੱਲੀ, 31 ਮਈ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਨ ਕੀ ਬਾਤ ਦੇ 134ਵੇਂ ਐਪੀਸੋਡ ਵਿੱਚ ਖੇਡਾਂ, ਵਾਤਾਵਰਣ ਸੰਭਾਲ, ਰਵਾਇਤੀ ਸੱਭਿਆਚਾਰ ਅਤੇ ਵਿਗਿਆਨਕ ਸਿੱਖਿਆ ਦੇ ਖੇਤਰ ਵਿੱਚ ਭਾਰਤ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਨਵੇਂ ਰਿਕਾਰਡ ਬਣਾਉਣ ਵਾਲੇ ਖਿਡਾਰੀਆਂ ਦੀ ਤਾਰੀਫ਼ ਕੀਤੀ, ਭਾਰਤ ਦੇ ਰਵਾਇਤੀ ਗਰਮੀਆਂ ਦੇ ਪੀਣ ਵਾਲੇ ਪਦਾਰਥਾਂ (ਡਰਿੰਕਸ) ਬਾਰੇ ਗੱਲ ਕੀਤੀ, ਖ਼ਤਰੇ ਵਿੱਚ ਪਈ ਗੰਗਾ ਨਦੀ ਦੀ ਡਾਲਫਿਨ ਨੂੰ ਬਚਾਉਣ ਦੇ ਯਤਨਾਂ ਨੂੰ ਸਲਾਹਿਆ ਅਤੇ ਨੌਜਵਾਨਾਂ ਨੂੰ ਖਗੋਲ ਵਿਗਿਆਨ ਵਿੱਚ ਦਿਲਚਸਪੀ ਵਧਾਉਣ ਲਈ ਪ੍ਰੇਰਿਤ ਕੀਤਾ।



ਐਤਵਾਰ ਨੂੰ ਆਪਣੇ ਮਹੀਨਾਵਾਰ ਰੇਡੀਓ ਪ੍ਰੋਗਰਾਮ ਦੌਰਾਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਰਾਂਚੀ ਵਿੱਚ ਹਾਲ ਹੀ ਵਿੱਚ ਹੋਈ ਨੈਸ਼ਨਲ ਸੀਨੀਅਰ ਐਥਲੈਟਿਕਸ ਫੈਡਰੇਸ਼ਨ ਪ੍ਰਤੀਯੋਗਤਾ ਵਿੱਚ ਕਈ ਸ਼ਾਨਦਾਰ ਰਿਕਾਰਡ ਟੁੱਟੇ। ਉਨ੍ਹਾਂ ਇਹ ਵੀ ਕਿਹਾ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਦੇ ਰਵਾਇਤੀ ਦੇਸੀ ਡਰਿੰਕਸ 'ਏਕ ਭਾਰਤ, ਸ਼੍ਰੇਸ਼ਠ ਭਾਰਤ' ਦੀ ਭਾਵਨਾ ਨੂੰ ਦਰਸਾਉਂਦੇ ਹਨ। ਇਸ ਤੋਂ ਇਲਾਵਾ, ਉਨ੍ਹਾਂ ਨੇ ਇੱਕ ਖ਼ਾਸ ਤੌਰ ਤੇ ਤਿਆਰ ਕੀਤੀ ਡਾਲਫਿਨ ਰੈਸਕਿਊ ਐਂਬੂਲੈਂਸ ਰਾਹੀਂ ਗੰਗਾ ਨਦੀ ਦੀ ਡਾਲਫਿਨ ਨੂੰ ਸੁਰੱਖਿਅਤ ਬਚਾਉਣ ਦੀ ਸ਼ਲਾਘਾ ਕੀਤੀ ਅਤੇ ਨੌਜਵਾਨਾਂ ਨੂੰ ਕਲੱਬਾਂ ਅਤੇ ਪਲੈਨੇਟਰੀਅਮ (ਤਾਰਾਮੰਡਲ) ਰਾਹੀਂ ਖਗੋਲ ਵਿਗਿਆਨ ਨੂੰ ਸਮਝਣ ਦੀ ਅਪੀਲ ਕੀਤੀ।

ਖੇਡਾਂ ਵਿੱਚ ਨਵੇਂ ਰਾਸ਼ਟਰੀ ਰਿਕਾਰਡਖੇਡਾਂ ਦਾ ਜ਼ਿਕਰ ਕਰਦਿਆਂ

(ਬਾਕੀ ਸਫ਼ਾ 2 'ਤੇ)

## ਜਨਰਲ ਸੁਬਰਾਮਣੀ ਨੇ ਦੇਸ਼ ਦੇ ਨਵੇਂ ਸੀ.ਡੀ.ਐਸ. ਵਜੋਂ ਅਹੁਦਾ ਸੰਭਾਲਿਆ

ਨਵੀਂ ਦਿੱਲੀ, 31 ਮਈ (ਚੜ੍ਹਦੀਕਲਾ ਬਿਊਰੋ): ਜਨਰਲ ਐੱਨ.ਐੱਸ. ਰਾਜਾ ਸੁਬਰਾਮਣੀ ਨੇ ਐਤਵਾਰ ਨੂੰ ਭਾਰਤ ਦੇ ਨਵੇਂ ਚੀਫ਼ ਆਫ਼ ਡਿਫੈਂਸ ਸਟਾਫ਼ (ਸੀ.ਡੀ.ਐੱਸ.) ਵਜੋਂ ਅਹੁਦਾ ਸੰਭਾਲ ਲਿਆ ਹੈ। ਦੇਸ਼ ਦੇ ਸਭ ਤੋਂ ਸੀਨੀਅਰ ਮਿਲਟਰੀ ਕਮਾਂਡਰ ਵਜੋਂ ਉਨ੍ਹਾਂ ਦੀ ਮੁੱਖ ਜ਼ਿੰਮੇਵਾਰੀ ਭਾਰਤੀ ਸੁਰੱਖਿਆ ਬਲਾਂ ਦੇ ਅਭਿਲਾਸ਼ੀ 'ਮਿਲਟਰੀ ਥੀਏਟਰਾਈਜ਼ੇਸ਼ਨ' (ਸਾਂਝੇ ਸੈਨਿਕ ਕਮਾਂਡ) ਮਾਡਲ ਨੂੰ ਲਾਗੂ ਕਰਨਾ ਅਤੇ ਤਿੰਨਾਂ ਸੈਨਾਵਾਂ (ਥਲ ਸੈਨਾ, ਜਲ ਸੈਨਾ ਅਤੇ ਵਾਯੂ ਸੈਨਾ) ਵਿਚਾਲੇ ਤਾਲਮੇਲ ਨੂੰ ਮਜ਼ਬੂਤ ਕਰਨਾ ਹੋਵੇਗੀ।



ਉਨ੍ਹਾਂ ਨੇ ਜਨਰਲ ਅਨਿਲ ਚੌਹਾਨ ਦੀ ਜਗ੍ਹਾ ਲਈ ਹੈ, ਜੋ ਸ਼ਨੀਵਾਰ ਨੂੰ ਆਪਣਾ ਕਾਰਜਕਾਲ ਸਫ਼ਲਤਾਪੂਰਵਕ ਪੂਰਾ ਕਰਨ ਤੋਂ ਬਾਅਦ ਸੇਵਾਮੁਕਤ ਹੋਏ ਹਨ। ਜਨਰਲ ਸੁਬਰਾਮਣੀ ਨੂੰ ਪਾਕਿਸਤਾਨ ਅਤੇ ਚੀਨ ਨਾਲ ਲੱਗਦੀਆਂ ਸਰਹੱਦਾਂ ਅਤੇ ਰਣਨੀਤਕ

(ਬਾਕੀ ਸਫ਼ਾ 2 'ਤੇ)

*ਸਰਕਾਰ ਵੱਲੋਂ 'ਸਿਤਾਰੇ ਜ਼ਮੀਨ 'ਤੇ' ਤਹਿਤ ਜ਼ਿਲ੍ਹਿਆਂ 'ਚੋਂ ਪਹਿਲੇ ਤਿੰਨ ਸਥਾਨਾਂ ਉੱਤੇ ਆਉਣ ਵਾਲੇ ਬੱਚੇ ਸਨਮਾਨਿਤ*

## ਪੰਜਾਬ ਨੂੰ ਦੇਸ਼ ਦਾ ਮੋਹਰੀ ਸਿੱਖਿਆ ਕੇਂਦਰ ਬਣਾਵਾਂਗੇ: ਭਗਵੰਤ ਮਾਨ



ਚੜ੍ਹਦੀਕਲਾ ਬਿਊਰੋ
==============

ਚੰਡੀਗੜ੍ਹ, 31 ਮਈ: ਪੰਜਾਬ ਦੇ ਸਿੱਖਿਆ ਢਾਂਚੇ ਵਿੱਚ ਇਨਕਲਾਬੀ ਬਦਲਾਅ ਲਿਆਉਣ ਦੇ ਚਾਰ ਸਾਲਾਂ ਬਾਅਦ ਭਗਵੰਤ ਮਾਨ ਸਰਕਾਰ ਹੁਣ ਵੱਡੇ ਟੀਚੇ 'ਤੇ ਨਜਰਾਂ ਟਿਕਾਈ ਬੈਠੀ ਹੈ। ਇਸ ਟੀਚੇ ਤਹਿਤ ਪੰਜਾਬ ਨੂੰ ਦੇਸ ਦਾ ਮੋਹਰੀ ਸਿੱਖਿਆ ਕੇਂਦਰ ਬਣਾਉਣਾ ਅਤੇ ਇਸ ਪੁਰਾਤਨ ਧਾਰਨਾ ਨੂੰ ਬਦਲ ਦੇਣਾ ਹੈ ਕਿ ਮਿਆਰੀ ਸਿੱਖਿਆ ਸਿਰਫ ਵਿਦੇਸ਼ਾਂ ਵਿੱਚ ਹੀ ਮਿਲ ਸਕਦੀ ਹੈ।

ਕੌਮੀ ਸਿੱਖਿਆ ਰੈਂਕਿੰਗ ਵਿੱਚ ਕੇਰਲ ਨੂੰ ਪਛਾੜ ਕੇ ਪੰਜਾਬ ਵੱਲੋਂ ਵੱਡੀ ਪੁਲਾਂਘ ਪੁੱਟਣ, ਬੋਰਡ ਟੌਪਰਾਂ ਵਿੱਚ ਲੜਕੀਆਂ ਦੇ ਵਧਦੇ ਦਬਦਬੇ ਅਤੇ ਜੇ.ਈ.ਈ. ਮੇਨ ਵਿੱਚ ਸਰਕਾਰੀ ਸਕੂਲਾਂ ਦੇ 359 ਵਿਦਿਆਰਥੀਆਂ ਦੀ ਸਫਲਤਾ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੀ 'ਸਿੱਖਿਆ ਕ੍ਰਾਂਤੀ' ਦੇ ਜ਼ਮੀਨੀ ਪੱਧਰ 'ਤੇ ਸਾਰਥਕ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ।

ਅੱਜ ਇੱਥੇ ਟੈਗੋਰ ਥੀਏਟਰ ਵਿਖੇ 'ਸਿਤਾਰੇ ਜ਼ਮੀਨ 'ਤੇ' ਪ੍ਰੋਗਰਾਮ ਦੌਰਾਨ 8ਵੀਂ, 10ਵੀਂ ਅਤੇ 12ਵੀਂ ਜਮਾਤ ਵਿੱਚ ਸਾਰੇ ਜ਼ਿਲ੍ਹਿਆਂ ਵਿੱਚੋਂ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲ ਹੁਣ ਪਛਾਣ ਲਈ ਸੰਘਰਸ਼ ਨਹੀਂ ਕਰ ਰਹੇ, ਸਗੋਂ ਦੇਸ ਭਰ ਵਿੱਚ ਉੱਤਮਤਾ, ਆਤਮ-ਵਿਸਵਾਸ਼ ਅਤੇ ਮੌਕਿਆਂ ਦੇ ਨਵੇਂ ਮਾਪਦੰਡ ਸਥਾਪਤ ਕਰ ਰਹੇ ਹਨ।

ਇਸ ਇਕੱਠ ਦੀਆਂ ਕੁਝ ਝਲਕੀਆਂ 'ਐਕਸ' 'ਤੇ ਸਾਂਝੀਆਂ

(ਬਾਕੀ ਸਫ਼ਾ 2 'ਤੇ)

## ਪੰਜਾਬ 'ਚ ਤਾਪਮਾਨ ਡਿੱਗਾ, 6 ਜੂਨ ਤੱਕ ਲਗਾਤਾਰ ਪਵੇਗਾ ਮੀਂਹ

ਚੜ੍ਹਦੀਕਲਾ ਬਿਊਰੋ
==============

ਚੰਡੀਗੜ੍ਹ, 31 ਮਈ: ਉੱਤਰ-ਪੱਛਮੀ ਭਾਰਤ ਵਿੱਚ ਚਾਰ ਦਿਨਾਂ ਤੋਂ ਜਾਰੀ ਮੀਂਹ ਦੇ ਸਿਲਸਿਲੇ ਅਤੇ ਪਿਛਲੇ 24 ਘੰਟਿਆਂ ਦੌਰਾਨ ਪਏ ਮੀਂਹ ਨੇ ਪੰਜਾਬ ਵਿੱਚ ਮਈ ਮਹੀਨੇ ਦੌਰਾਨ ਮੀਂਹ ਦੀ ਵੱਡੀ ਕਮੀ ਨੂੰ ਪੂਰਾ ਕਰ ਦਿੱਤਾ ਹੈ। ਜੋ ਮੀਂਹ 29 ਮਈ ਤੱਕ ਲੰਮੀ ਮਿਆਦ ਦੇ ਔਸਤ (ਐਲਪੀਏ) ਨਾਲੋਂ 37 ਫ਼ੀਸਦੀ ਘੱਟ ਸੀ, ਉਹ ਹੁਣ ਔਸਤ ਨਾਲੋਂ 25 ਫ਼ੀਸਦੀ ਵੱਧ (ਸਰਪਲੱਸ) ਹੋ ਗਿਆ ਹੈ। ਭਾਰਤੀ ਮੌਸਮ ਵਿਗਿਆਨ ਵਿਭਾਗ ਵੱਲੋਂ 31 ਮਈ ਨੂੰ ਜਾਰੀ ਬੁਲੇਟਿਨ ਅਨੁਸਾਰ, ਪੰਜਾਬ ਅਤੇ



ਹਰਿਆਣਾ ਵਿੱਚ 6 ਜੂਨ ਤੱਕ ਮੀਂਹ

(ਬਾਕੀ ਸਫ਼ਾ 2 'ਤੇ)

*ਬਾਬਾ ਬਕਾਲਾ ਸਾਹਿਬ ਵਿਖੇ ਵਿਸ਼ਾਲ ਪੰਥਕ ਕਾਨਫ਼ਰੰਸ*

## ਬੁਲਾਰਿਆਂ ਨੇ ਇੱਕਮਤ ਨਾਲ ਸਰਕਾਰ ਨੂੰ ਐਕਟ 'ਚੋਂ ਇਤਰਾਜ਼ਯੋਗ ਮੱਦਾਂ ਤੁਰੰਤ ਹਟਾਉਣ ਲਈ ਆਖਿਆ

ਬਲਜਿੰਦਰ ਸਿੰਘ
=============

ਬਾਬਾ ਬਕਾਲਾ ਸਾਹਿਬ, 31 ਮਈ: ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ "ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ (ਸੋਧ) ਐਕਟ 2026" ਵਿਚ ਦਰਜ ਮੱਦਾਂ ਜਿਨ੍ਹਾਂ 'ਤੇ ਸਿੱਖ ਪੰਥ ਵੱਲੋਂ ਇਤਰਾਜ਼ ਜਿਤਾਏ ਜਾ ਰਹੇ ਹਨ, ਸਬੰਧੀ ਵਿਚਾਰਾਂ ਕਰਨ ਲਈ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ



ਸਰਪ੍ਰਸਤੀ ਹੇਠ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ ਸਾਹਿਬ ਵਿਖੇ ਵਿਸ਼ਾਲ ਪੰਥਕ ਕਾਨਫ਼ਰੰਸ ਹੋਈ। ਇਸ ਕਾਨਫ਼ਰੰਸ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ

(ਬਾਕੀ ਸਫ਼ਾ 2 'ਤੇ)

*ਪੀ.ਡਬਲਯੂ.ਡੀ. ਵਿਭਾਗ ਦੀ ਕਾਰਗੁਜ਼ਾਰੀ ਦੀ ਖੁੱਲ੍ਹੀ ਪੋਲ*

## ਕਰੋੜਾਂ ਦੀ ਲਾਗਤ ਵਾਲਾ ਹਲਵਾਰਾ ਏਅਰਪੋਰਟ ਨਹੀਂ ਸਹਾਰ ਸਕਿਆ ਸੀਜ਼ਨ ਦਾ ਪਹਿਲਾ ਮੀਂਹ

ਚੜ੍ਹਦੀਕਲਾ ਬਿਊਰੋ
==============

ਲੁਧਿਆਣਾ, 31 ਮਈ: ਭਾਰੀ ਬਾਰਿਸ਼ ਕਾਰਨ ਹਲਵਾਰਾ ਏਅਰਪੋਰਟ ਦੇ ਟਰਮੀਨਲ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਹੈ, ਜਿਸ ਕਾਰਨ ਇਹ ਮਾਮਲਾ ਕਾਫ਼ੀ ਗਰਮਾ ਗਿਆ ਹੈ। ਮੀਂਹ ਦੌਰਾਨ ਕਈ ਥਾਵਾਂ ਤੋਂ ਛੱਤ ਦੀਆਂ ਸ਼ੀਟਾਂ ਉੱਡ ਗਈਆਂ, ਜਿਸ ਕਾਰਨ ਇਲੈਕਟ੍ਰੀਸਿਟੀ ਰੂਮ, ਟਿਕਟ ਕਾਊਂਟਰ ਅਤੇ ਮੇਨ ਐਂਟਰੈਂਸ (ਮੁੱਖ ਗੇਟ) 'ਤੇ ਪਾਣੀ ਦੀ ਭਾਰੀ ਲੀਕੇਜ ਹੋਈ। ਜ਼ਿਕਰਯੋਗ ਹੈ ਕਿ ਹਲਵਾਰਾ ਏਅਰਪੋਰਟ ਦਾ ਇਹ ਪ੍ਰਾਜੈਕਟ ਕਰੋੜਾਂ ਰੁਪਏ ਦੀ



(ਬਾਕੀ ਸਫ਼ਾ 2 'ਤੇ)




| ਲੜੀ ਨੰਬਰ | ਖੇਤਰ | ਤੋਂ | ਤੱਕ | ਬਿਜਲੀ ਦੀ ਸਪਲਾਈ |
|---|---|---|---|---|
| 1 | ਸਾਰੇ ਪੰਜਾਬ ਵਿੱਚ ਝੋਨੇ ਦੀ ਸਿੱਧੀ ਬਿਜਾਈ (ਡੀ.ਐਸ.ਆਰ) | 15 ਮਈ, 2026 | 31 ਮਈ, 2026 | ਘੱਟੋ-ਘੱਟ 8 ਘੰਟੇ ਰੋਜ਼ਾਨਾ |
| 2 | ਗੁਰਦਾਸਪੁਰ, ਪਠਾਨਕੋਟ, ਸ੍ਰੀ ਅੰਮ੍ਰਿਤਸਰ ਸਾਹਿਬ, ਤਰਨ ਤਾਰਨ, ਰੂਪਨਗਰ, ਐਸ.ਏ.ਐਸ. ਨਗਰ (ਮੋਹਾਲੀ), ਸ੍ਰੀ ਫ਼ਤਹਿਗੜ੍ਹ ਸਾਹਿਬ ਅਤੇ ਹੁਸ਼ਿਆਰਪੁਰ | 01 ਜੂਨ, 2026 | ਫ਼ਸਲ ਪੱਕਣ ਤੱਕ | ਘੱਟੋ-ਘੱਟ 8 ਘੰਟੇ ਰੋਜ਼ਾਨਾ |
| 3 | ਫ਼ਰੀਦਕੋਟ, ਬਠਿੰਡਾ, ਫ਼ਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ, ਫ਼ਾਜ਼ਿਲਕਾ | 05 ਜੂਨ, 2026 | ਫ਼ਸਲ ਪੱਕਣ ਤੱਕ | ਘੱਟੋ-ਘੱਟ 8 ਘੰਟੇ ਰੋਜ਼ਾਨਾ |
| 4 | ਲੁਧਿਆਣਾ, ਮਾਲੇਰਕੋਟਲਾ, ਮਾਨਸਾ, ਮੋਗਾ, ਪਟਿਆਲਾ, ਸੰਗਰੂਰ, ਬਰਨਾਲਾ, ਕਪੂਰਥਲਾ, ਜਲੰਧਰ ਅਤੇ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) | 09 ਜੂਨ, 2026 | ਫ਼ਸਲ ਪੱਕਣ ਤੱਕ | ਘੱਟੋ-ਘੱਟ 8 ਘੰਟੇ ਰੋਜ਼ਾਨਾ |

## ਮਾਨ ਨੇ ਅੱਜ ਮੁੜ ਸੱਦੀ ਮੰਤਰੀ ਮੰਡਲ ਦੀ ਮੀਟਿੰਗ

ਸਰਕਾਰ ਅਧੀਨ ਠੇਕੇ 'ਤੇ ਲਿਆਉਣ ਲਈ ਪ੍ਰਵਾਨਗੀ ਦੇ ਦਿੱਤੀ ਸੀ। ਇਸ ਤੋਂ ਇਲਾਵਾ ਡੀਏ ਦੇ ਬਕਾਏ ਦੇ ਭੁਗਤਾਨ ਬਾਰੇ ਅਧਿਅਨ ਕਰਨ ਲਈ ਕਮੇਟੀ ਦੇ ਪੁਨਰਗਠਨ ਨੂੰ ਵੀ ਹਰੀ ਝੰਡੀ ਦੇ ਦਿੱਤੀ ਸੀ।

## ਐਥਲੀਟ ਗੁਰਿੰਦਰ ਵੀਰ ਸਿੰਘ ਵੱਲੋਂ 100 ਮੀਟਰ 'ਚ ...

ਪੀਐਮ ਮੋਦੀ ਨੇ ਝਾਰਖੰਡ ਦੇ ਰਾਂਚੀ ਵਿੱਚ ਹੋਈ ਚੈਂਪੀਅਨਸ਼ਿਪ ਦੌਰਾਨ ਨਵੇਂ ਰਾਸ਼ਟਰੀ ਰਿਕਾਰਡ ਬਣਾਉਣ ਲਈ ਐਥਲੀਟ ਗੁਰਿੰਦਰ ਵੀਰ ਸਿੰਘ, ਵਿਸ਼ਾਲ ਟੀਕੇ, ਤੇਜਸਵਿਨ ਸ਼ੰਕਰ, ਦੇਵ ਮੀਨਾ ਅਤੇ ਕੁਲਦੀਪ ਕੁਮਾਰ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਪੁਰਸ਼ਾਂ ਦੀ 100 ਮੀਟਰ ਦੌੜ ਦਾ ਜ਼ਿਕਰ ਕੀਤਾ, ਜਿੱਥੇ ਐਥਲੀਟ ਗੁਰਿੰਦਰ ਵੀਰ ਸਿੰਘ ਅਤੇ ਅਨੀਮੇਸ਼ ਕੁਜੂਰ ਵੱਲੋਂ ਦੋ ਦਿਨਾਂ ਦੇ ਅੰਦਰ ਤਿੰਨ ਵਾਰ ਰਾਸ਼ਟਰੀ ਰਿਕਾਰਡ ਤੋੜਿਆ ਗਿਆ। ਉਨ੍ਹਾਂ ਇਸ ਨੂੰ ਭਾਰਤੀ ਐਥਲੈਟਿਕਸ ਲਈ ਮਾਣ ਵਾਲੀ ਗੱਲ ਦੱਸਿਆ। ਗਰਮੀ ਤੋਂ ਬਚਾਅ ਅਤੇ ਦੇਸੀ ਡਰਿੰਕਸਦੇਸ਼ ਭਰ ਵਿੱਚ ਚੱਲ ਰਹੀ ਲੂ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਨੇ ਨਾਗਰਿਕਾਂ ਨੂੰ ਹਾਈਡ੍ਰੇਟਿਡ ਰਹਿਣ (ਸਰੀਰ ਵਿੱਚ ਪਾਣੀ ਦੀ ਕਮੀ ਨਾ ਹੋਣ ਦੇਣ) ਅਤੇ ਪ੍ਰਸ਼ਾਸਨ ਵੱਲੋਂ ਜਾਰੀ ਗਾਈਡਲਾਈਨਜ਼ ਦਾ ਪਾਲਣ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਭਾਰਤੀ ਰਵਾਇਤੀ ਪੇਅ ਪਦਾਰਥਾਂ ਜਿਵੇਂ ਪੰਜਾਬ ਅਤੇ ਹਰਿਆਣਾ ਦੀ ਲੱਸੀ, ਰਾਜਸਥਾਨ ਅਤੇ ਗੁਜਰਾਤ ਦੀ ਛਾਛ, ਬਿਹਾਰ ਅਤੇ ਝਾਰਖੰਡ ਦਾ ਸੱਤੂ ਸ਼ਰਬਤ, ਕੋਂਕਨ ਤੇ ਗੋਆ ਦਾ ਕੋਕਮ ਸ਼ਰਬਤ ਅਤੇ ਸੋਲ ਕਢੀ, ਦੱਖਣ ਭਾਰਤ ਦੇ ਪਾਨਕਮ ਅਤੇ ਨੀਰ ਮੋਰ ਅਤੇ ਓਡੀਸ਼ਾ ਦੇ ਬੇਲ ਪਾਨਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਤਾਜ਼ਗੀ ਹੀ ਨਹੀਂ ਦਿੰਦੇ, ਸਗੋਂ ਭਾਰਤ ਦੀ ਅਮੀਰ ਸੱਭਿਆਚਾਰਕ ਵਿਭਿੰਨਤਾ ਦੇ ਪ੍ਰਤੀਕ ਵੀ ਹਨ।

ਡਾਲਫਿਨ ਰੈਸਕਿਊ ਐਂਬੂਲੈਂਸ ਅਤੇ ਨਦੀ ਦੀ ਸਫ਼ਾਈਪ੍ਰਧਾਨ ਮੰਤਰੀ ਨੇ ਡਾਲਫਿਨ ਰੈਸਕਿਊ ਐਂਬੂਲੈਂਸ ਦੀ ਵਿਲੱਖਣ ਪਹਿਲਕਦਮੀ ਦੀ ਸ਼ਲਾਘਾ ਕੀਤੀ, ਜਿਸ ਨੇ 13 ਘੰਟੇ ਦੇ ਮੁਸ਼ਕਲ ਅਪਰੇਸ਼ਨ ਤੋਂ ਬਾਅਦ ਗੰਗਾ ਨਦੀ ਦੀ ਡਾਲਫਿਨ ਨੂੰ ਬਚਾਇਆ। ਇਹ ਮੋਬਾਈਲ ਹਸਪਤਾਲ ਵਰਗੀ ਐਂਬੂਲੈਂਸ ਆਕਸੀਜਨ ਸਪੋਰਟ ਅਤੇ ਖ਼ਾਸ ਸਟ੍ਰੈਚਰਾਂ ਨਾਲ ਲੈਸ ਹੈ। ਇਸ ਦੇ ਨਾਲ ਹੀ ਉਨ੍ਹਾਂ ਉੱਤਰ ਪ੍ਰਦੇਸ਼ ਦੇ ਬਸਤੀ ਜ਼ਿਲ੍ਹੇ ਦੇ ਆਕਾਸ਼ ਗੁਪਤਾ ਦੀ ਕਹਾਣੀ ਸਾਂਝੀ ਕੀਤੀ, ਜਿਨ੍ਹਾਂ ਨੇ ਸਥਾਨਕ ਨੌਜਵਾਨਾਂ ਨੂੰ ਨਾਲ ਲੈ ਕੇ ਪ੍ਰਦੂਸ਼ਿਤ ਮਨੋਰਮਾ ਨਦੀ ਵਿੱਚੋਂ ਜਲ-ਕੁੰਭੀ ਅਤੇ ਪਲਾਸਟਿਕ ਦਾ ਕੂੜਾ ਸਾਫ਼ ਕਰਕੇ ਵਾਤਾਵਰਨ ਪ੍ਰਤੀ ਜਾਗਰੂਕਤਾ ਫੈਲਾਈ।

ਖਗੋਲ ਵਿਗਿਆਨ ਅਤੇ ਸਮਾਜਿਕ ਪਹਿਲਕਦਮੀਵਿਗਿਆਨ ਵੱਲ ਮੁੜਦਿਆਂ, ਪੀਐਮ ਮੋਦੀ ਨੇ ਕਿਹਾ ਕਿ ਨੌਜਵਾਨਾਂ ਵਿੱਚ ਖਗੋਲ ਵਿਗਿਆਨ ਦੇ ਕਲੱਬ ਬਹੁਤ ਮਕਬੂਲ ਹੋ ਰਹੇ ਹਨ। ਉਨ੍ਹਾਂ ਐਸਟਰੋ ਕੇਰਲਾ ਦੇ ਯਤਨਾਂ ਦਾ ਜ਼ਿਕਰ ਕੀਤਾ, ਜੋ ਟੈਲੀਸਕੋਪ ਬਣਾਉਣ ਦੀਆਂ ਵਰਕਸ਼ਾਪਾਂ ਲਗਾਉਂਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਛੁੱਟੀਆਂ ਦੌਰਾਨ ਪਲੈਨੇਟੇਰੀਅਮ ਜਾਣ ਲਈ ਪ੍ਰੇਰਿਤ ਕੀਤਾ।

ਅਖੀਰ ਵਿੱਚ, ਉਨ੍ਹਾਂ ਕੇਰਲ ਦੇ ਅਲੁਵਾ ਵਿੱਚ ਸਾਜੀ ਵਲਸੇਰਿਲ ਦੁਆਰਾ ਸ਼ੁਰੂ ਕੀਤੀ ਇੱਕ ਪ੍ਰੇਰਨਾਦਾਇਕ ਮੁਹਿੰਮ ਦੀ ਤਾਰੀਫ਼ ਕੀਤੀ। ਇੱਕ ਬੇੜੀ ਹਾਦਸੇ ਵਿੱਚ ਵਿਦਿਆਰਥੀਆਂ ਦੀ ਜਾਨ ਜਾਣ ਤੋਂ ਦੁਖੀ ਹੋ ਕੇ, ਸਾਜੀ ਨੇ ਇੱਕ ਸਵਿਮਿੰਗ ਟ੍ਰੇਨਿੰਗ ਮਿਸ਼ਨ ਸ਼ੁਰੂ ਕੀਤਾ ਜਿਸ ਤਹਿਤ ਉਹ ਹੁਣ ਤੱਕ ਦਿਵਿਆਂਗ ਬੱਚਿਆਂ ਸਮੇਤ 15,000 ਤੋਂ ਵੱਧ ਲੋਕਾਂ ਨੂੰ ਤੈਰਾਕੀ ਸਿਖਾ ਕੇ ਉਨ੍ਹਾਂ ਦੀ ਜਾਨ ਬਚਾਉਣ ਦਾ ਹੁਨਰ ਦੇ ਚੁੱਕੇ ਹਨ।

## ਜਨਰਲ ਸੁਬਰਾਮਣੀ ਨੇ ਦੇਸ਼ ਦੇ ਨਵੇਂ ਸੀ.ਡੀ.ਐਸ. ਵਜੋਂ ...

ਮਾਮਲਿਆਂ ਦਾ ਮਾਹਿਰ ਮੰਨਿਆ ਜਾਂਦਾ ਹੈ। ਇਸ ਅਹੁਦੇ 'ਤੇ ਨਿਯੁਕਤੀ ਤੋਂ ਪਹਿਲਾਂ ਉਹ ਕੌਮੀ ਸੁਰੱਖਿਆ ਕੌਂਸਲ ਸਕੱਤਰੇਤ ਵਿੱਚ ਮਿਲਟਰੀ ਐਡਵਾਈਜ਼ਰ (ਫ਼ੌਜੀ ਸਲਾਹਕਾਰ) ਵਜੋਂ ਸੇਵਾਵਾਂ ਨਿਭਾਅ ਰਹੇ ਸਨ।

ਜਨਰਲ ਸੁਬਰਾਮਣੀ ਦਾ ਭਾਰਤੀ ਫ਼ੌਜ ਵਿੱਚ 40 ਸਾਲਾਂ ਤੋਂ ਵੱਧ ਦਾ ਸ਼ਾਨਦਾਰ ਅਤੇ ਬੇਦਾਗ਼ ਕਰੀਅਰ ਰਿਹਾ ਹੈ। ਆਪਣੇ ਇਸ ਲੰਬੇ ਸਫ਼ਰ ਦੌਰਾਨ ਉਨ੍ਹਾਂ ਨੇ ਦੇਸ਼ ਦੇ ਵੱਖ-ਵੱਖ ਮੁਸ਼ਕਿਲ ਭੂਗੋਲਿਕ ਖੇਤਰਾਂ ਅਤੇ ਸੰਘਰਸ਼ ਵਾਲੇ ਇਲਾਕਿਆਂ ਵਿੱਚ ਸੇਵਾ ਨਿਭਾਈ ਹੈ। ਉਹ ਫ਼ੌਜ ਵਿੱਚ ਕਈ ਅਹਿਮ ਕਮਾਂਡ, ਸਟਾਫ਼ ਅਤੇ ਇੰਸਟ੍ਰਕਸ਼ਨਲ ਅਹੁਦਿਆਂ 'ਤੇ ਰਹਿ ਚੁੱਕੇ ਹਨ। ਦੇਸ਼ ਦੇ ਨਵੇਂ ਸੀ.ਡੀ.ਐਸ. ਵਜੋਂ ਜਨਰਲ ਸੁਬਰਾਮਣੀ ਦੇ ਮੋਢਿਆਂ 'ਤੇ ਭਾਰਤੀ ਰੱਖਿਆ ਪ੍ਰਣਾਲੀ ਦੇ ਸਭ ਤੋਂ ਵੱਡੇ ਸੁਧਾਰ ਯਾਨੀ 'ਥੀਏਟਰਾਈਜ਼ੇਸ਼ਨ ਮਾਡਲ' ਨੂੰ ਜ਼ਮੀਨੀ ਪੱਧਰ 'ਤੇ ਉਤਾਰਨ ਦਾ ਵੱਡਾ ਜ਼ਿੰਮਾ ਹੋਵੇਗਾ। ਇਸ ਤਹਿਤ ਤਿੰਨਾਂ ਸੈਨਾਵਾਂ ਦੇ ਸੰਸਾਧਨਾਂ ਨੂੰ ਇਕੱਠਾ ਕਰਕੇ ਏਕੀਕ੍ਰਿਤ ਥੀਏਟਰ ਕਮਾਂਡਾਂ ਬਣਾਈਆਂ ਜਾਣੀਆਂ ਹਨ, ਤਾਂ ਜੋ ਭਵਿੱਖੀ ਜੰਗਾਂ ਦਾ ਸਾਂਝੇ ਤੌਰ 'ਤੇ ਸਾਹਮਣਾ ਕੀਤਾ ਜਾ ਸਕੇ।

ਉਹ 1 ਜੁਲਾਈ, 2024 ਤੋਂ 31 ਜੁਲਾਈ, 2025 ਤੱਕ ਭਾਰਤੀ ਥਲ ਸੈਨਾ ਦੇ ਉਪ-ਪ੍ਰਮੁੱਖ (ਵਾਈਸ ਚੀਫ਼ ਆਫ਼ ਆਰਮੀ ਸਟਾਫ਼) ਵਜੋਂ ਸੇਵਾਮੁਕਤ ਹੋਏ ਸਨ। ਇਸ ਤੋਂ ਪਹਿਲਾਂ, ਉਹ ਮਾਰਚ, 2023 ਤੋਂ ਜੂਨ, 2024 ਤੱਕ ਭਾਰਤੀ ਫ਼ੌਜ ਦੀ ਸੈਂਟਰਲ ਕਮਾਂਡ ਦੇ ਜਨਰਲ ਅਫ਼ਸਰ ਕਮਾਂਡਿੰਗ-ਇਨ-ਚੀਫ਼ ਵਜੋਂ ਵੀ ਅਹਿਮ ਜ਼ਿੰਮੇਵਾਰੀ ਸੰਭਾਲ ਚੁੱਕੇ ਹਨ। ਰੱਖਿਆ ਮਾਹਰਾਂ ਮੁਤਾਬਕ ਉਨ੍ਹਾਂ ਦਾ ਇਹ ਵਿਸ਼ਾਲ ਤਜ਼ਰਬਾ ਭਾਰਤ ਦੀਆਂ ਸਰਹੱਦੀ ਚੁਣੌਤੀਆਂ ਨਾਲ ਨਜਿੱਠਣ ਅਤੇ ਸੈਨਾਵਾਂ ਦੇ ਆਧੁਨਿਕੀਕਰਨ ਵਿੱਚ ਬੇਹੱਦ ਕਾਰਗਰ ਸਾਬਤ ਹੋਵੇਗਾ।

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi

PRGI (RNI) Regd. No. 22972/1972

## ਪੰਜਾਬ ਨੂੰ ਦੇਸ਼ ਦਾ ਮੋਹਰੀ ਸਿੱਖਿਆ ਕੇਂਦਰ ...

ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲਿਖਿਆ, "ਅੱਜ ਚੰਡੀਗੜ੍ਹ ਵਿਖੇ 'ਸਿਤਾਰੇ ਜ਼ਮੀਨ 'ਤੇ' ਪ੍ਰੋਗਰਾਮ ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਦੇ 8ਵੀਂ, 10ਵੀਂ ਅਤੇ 12ਵੀਂ ਜਮਾਤ ਦੇ ਹੋਣਹਾਰ ਟੌਪਰਾਂ ਨੂੰ ਸਨਮਾਨਿਤ ਕਰਨ ਦਾ ਮਾਣ ਹਾਸਲ ਹੋਇਆ। ਇਸ ਮੌਕੇ ਮੈਂ ਸਿੱਖਿਆ ਵਿਭਾਗ ਨੂੰ ਵਿਸੇਸ ਹਦਾਇਤਾਂ ਜਾਰੀ ਕੀਤੀਆਂ ਕਿ ਜਨਮ ਮਿਤੀ ਦੇ ਆਧਾਰ 'ਤੇ ਰੈਂਕ ਤੈਅ ਕਰਨ ਦੀ ਬਜਾਏ ਬਰਾਬਰ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਾਂਝੇ ਰੂਪ ਵਿੱਚ ਪਹਿਲਾ ਸਥਾਨ ਦਿੱਤਾ ਜਾਵੇ। ਅੱਜ ਤੁਹਾਡੀ ਸਰਕਾਰ ਦੇ ਸੁਹਿਰਦ ਯਤਨਾਂ ਸਦਕਾ ਪੰਜਾਬ ਦੇ ਸਰਕਾਰੀ ਸਕੂਲ ਸਿੱਖਿਆ ਦੇ ਖੇਤਰ ਵਿੱਚ ਕੇਰਲ ਨੂੰ ਵੀ ਪਛਾੜ ਰਹੇ ਹਨ।

ਮੁੱਖ ਮੰਤਰੀ ਨੇ ਪੋਸਟ ਦੇ ਅੰਤ ਵਿੱਚ ਕਿਹਾ, "ਵਿਦਿਆਰਥੀਆਂ ਲਈ ਮੇਰਾ ਸੰਦੇਸ ਸਾਫ ਤੇ ਸਪੱਸ਼ਟ ਹੈ ਕਿ ਜ਼ਿੰਦਗੀ ਵਿੱਚ ਤੁਸੀਂ ਭਾਵੇਂ ਕਿੰਨੇ ਵੀ ਸਫਲ ਹੋ ਜਾਓ, ਹਮੇਸ਼ਾ ਜ਼ਮੀਨ ਨਾਲ ਜੁੜੇ ਰਹੋ। ਆਪਣੇ ਅਧਿਆਪਕਾਂ ਅਤੇ ਮਾਪਿਆਂ ਦਾ ਹਮੇਸ਼ਾ ਸਤਿਕਾਰ ਕਰੋ, ਕਿਉਂਕਿ ਇੱਕ ਜੇਤੂ ਨੂੰ ਵੀ ਮੈਡਲ ਲੈਣ ਲਈ ਝੁਕਣਾ ਪੈਂਦਾ ਹੈ। ਤੁਹਾਡੇ ਸਾਰਿਆਂ ਦੇ ਰੌਸ਼ਨ ਅਤੇ ਸਫਲ ਭਵਿੱਖ ਲਈ ਮੇਰੀਆਂ ਦਿਲੋਂ ਸ਼ੁਭਕਾਮਨਾਵਾਂ।"

ਪੰਜਾਬ ਭਰ ਦੇ ਜ਼ਿਲ੍ਹਿਆਂ ਦੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਕਰਵਾਏ 'ਸਿਤਾਰੇ ਜ਼ਮੀਨ ਤੇ' ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੀ 'ਸਿੱਖਿਆ ਕ੍ਰਾਂਤੀ' ਨੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀਆਂ ਇੱਛਾਵਾਂ ਨੂੰ ਬਦਲ ਦਿੱਤਾ ਹੈ ਅਤੇ ਉਨ੍ਹਾਂ ਲਈ ਮੌਕਿਆਂ ਦੇ ਨਵੇਂ ਰਾਹ ਖੋਲ੍ਹੇ ਹਨ।

ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸਾਨਦਾਰ ਪ੍ਰਾਪਤੀਆਂ ਲਈ ਵਧਾਈ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮੈਂ ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਆਪਣੀ ਮਿਹਨਤ ਅਤੇ ਲਗਨ ਸਦਕਾ ਆਪਣੇ ਮਾਪਿਆਂ, ਅਧਿਆਪਕਾਂ ਅਤੇ ਸਮਾਜ ਦਾ ਨਾਂ ਰੌਸਨ ਕੀਤਾ ਹੈ। ਅਤੀਤ ਵਿੱਚ ਅਜਿਹੇ ਸਮਾਗਮ ਕਦੇ ਨਹੀਂ ਕਰਵਾਏ ਗਏ ਕਿਉਂਕਿ ਪਿਛਲੀਆਂ ਸਰਕਾਰਾਂ ਨੇ ਸਿੱਖਿਆ, ਖਾਸ ਕਰਕੇ ਸਰਕਾਰੀ ਸਕੂਲਾਂ ਵੱਲ ਕਦੇ ਧਿਆਨ ਨਹੀਂ ਦਿੱਤਾ। ਪਹਿਲਾਂ ਇਨ੍ਹਾਂ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀ ਅਕਸਰ ਪ੍ਰੀਖਿਆਵਾਂ ਵਿੱਚ ਮੁਕਾਬਲਾ ਕਰਨ ਤੋਂ ਝਿਜਕਦੇ ਅਤੇ ਅਸੁਰੱਖਿਅਤ ਮਹਿਸੂਸ ਕਰਦੇ ਸਨ, ਪਰ ਅੱਜ ਉਹ ਪੂਰੇ ਆਤਮ-ਵਿਸਵਾਸ ਨਾਲ ਮੱਲਾਂ ਮਾਰ ਰਹੇ ਹਨ ਅਤੇ ਆਪਣੀ ਕਾਬਲੀਅਤ ਸਾਬਤ ਕਰ ਰਹੇ ਹਨ।"

ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਈ ਪੰਜਾਬ ਸਰਕਾਰ ਦੇ ਯਤਨਾਂ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਾਡੇ ਅਧਿਆਪਕਾਂ ਨੂੰ ਵਿਸੇਸ ਸਿਖਲਾਈ ਲਈ ਵਿਦੇਸ ਭੇਜਿਆ ਜਾ ਰਿਹਾ ਹੈ ਜਿੱਥੇ ਉਹ ਆਧੁਨਿਕ ਅਧਿਆਪਨ ਪ੍ਰਣਾਲੀਆਂ ਸਿੱਖਦੇ ਹਨ। ਵਾਪਸ ਆਉਣ ਤੋਂ ਬਾਅਦ ਉਹ ਇਸ ਗਿਆਨ ਨੂੰ ਵਿਦਿਆਰਥੀਆਂ ਅਤੇ ਸਾਥੀ ਅਧਿਆਪਕਾਂ ਨਾਲ ਸਾਂਝਾ ਕਰਦੇ ਹਨ, ਜਿਸ ਨਾਲ ਇਹ ਯਕੀਨੀ ਹੁੰਦਾ ਹੈ ਕਿ ਸਿੱਖਿਆ ਦਾ ਵਿਸਵ ਪੱਧਰੀ ਮਿਆਰ ਪੰਜਾਬ ਦੇ ਕੋਨੇ-ਕੋਨੇ ਦੇ ਕਲਾਸਰੂਮਾਂ ਤੱਕ ਪਹੁੰਚੇ। ਇਹ ਨਵੀਨਤਮ ਪਹਿਲਕਦਮੀ ਸਿੱਖਿਆ ਪ੍ਰਣਾਲੀ ਨੂੰ ਮੁੜ ਸੁਰਜੀਤ ਕਰ ਰਹੀ ਹੈ ਅਤੇ ਗੁਣਾਤਮਕ ਤਬਦੀਲੀਆਂ ਲਿਆ ਰਹੀ ਹੈ ਜਿਸ ਦਾ ਸਿੱਧਾ ਫਾਇਦਾ ਵਿਦਿਆਰਥੀਆਂ ਨੂੰ ਹੋ ਰਿਹਾ ਹੈ। ਇਹ ਅਧਿਆਪਕ ਬਦਲਾਅ ਦੇ ਦੂਤ ਵਜੋਂ ਕੰਮ ਕਰ ਰਹੇ ਹਨ ਅਤੇ ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਨੂੰ ਮਜ਼ਬੂਤ ਕਰ ਰਹੇ ਹਨ।"

ਉਨ੍ਹਾਂ ਨੇ ਅੱਗੇ ਕਿਹਾ, "ਇਹ ਪਹਿਲਕਦਮੀ ਅਧਿਆਪਕਾਂ ਦੀ ਮੁਹਾਰਤ ਨੂੰ ਨਿਖਾਰਦੀ ਹੈ ਅਤੇ ਉਨ੍ਹਾਂ ਨੂੰ ਆਧੁਨਿਕ ਵਿਧੀਆਂ ਨਾਲ ਲੈਸ ਕਰਦੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਚੁਣੌਤੀਆਂ ਅਤੇ ਕੌਮਾਂਤਰੀ ਮੁਕਾਬਲਿਆਂ ਲਈ ਤਿਆਰ ਕੀਤਾ ਜਾ ਸਕੇ। ਨਤੀਜੇ ਅੱਜ ਦਿਖਾਈ ਦੇ ਰਹੇ ਹਨ, ਕਿਉਂਕਿ ਪੰਜਾਬ ਦੇ ਵਿਦਿਆਰਥੀ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਪ੍ਰਦਰਸਨ ਕਰ ਰਹੇ ਹਨ ਅਤੇ ਆਪਣੇ ਪਰਿਵਾਰਾਂ ਦਾ ਨਾਂ ਰੌਸਨ ਕਰ ਰਹੇ ਹਨ। ਮੌਜੂਦਾ ਯੁੱਗ ਹੁਨਰ ਦਾ ਹੈ, ਸਾਡੀ ਸਰਕਾਰ ਨੌਜਵਾਨਾਂ ਨੂੰ ਹੁਨਰ ਸਿਖਲਾਈ ਪ੍ਰਦਾਨ ਕਰਨ 'ਤੇ ਵਿਸੇਸ਼ ਜ਼ੋਰ ਦੇ ਰਹੀ ਹੈ।"

ਵਿਦਿਆਰਥੀਆਂ ਨੂੰ ਜ਼ਮੀਨ ਨਾਲ ਜੁੜੇ ਰਹਿਣ ਅਤੇ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਤੁਹਾਨੂੰ ਜ਼ਿੰਦਗੀ ਵਿੱਚ ਗ੍ਰਾਸ-ਰੂਟਸ (ਜ਼ਮੀਨੀ ਨਾਲ ਜੁੜਨ) ਬਣਨ ਦੀ ਕੋਸ਼ਿਸ ਕਰਨੀ ਚਾਹੀਦੀ ਹੈ ਨਾ ਕਿ ਪੈਰਾਸੂਟਰ ਬਣਨ ਦੀ। ਗ੍ਰਾਸ-ਰੂਟਸ ਮਿਹਨਤ ਤੇ ਦ੍ਰਿੜ ਇਰਾਦੇ ਨਾਲ ਜ਼ਮੀਨ ਤੋਂ ਉੱਠਦੇ ਹਨ ਅਤੇ ਦੁਨੀਆਂ ਨੂੰ ਜਿੱਤਣ ਲਈ ਅੱਗੇ ਵਧਦੇ ਹਨ। ਅਜਿਹੇ ਮਿਹਨਤੀ ਵਿਅਕਤੀਆਂ ਲਈ ਅਸੀਮ ਮੌਕੇ ਹੁੰਦੇ ਹਨ। ਦੂਜੇ ਪਾਸੇ ਪੈਰਾਸੂਟਰਜ਼ ਅਸਮਾਨ ਤੋਂ ਹੇਠਾਂ ਉਤਰਦੇ ਹਨ ਅਤੇ ਉਨ੍ਹਾਂ ਦਾ ਦੇਰ-ਸਵੇਰ ਡਿੱਗਣਾ ਤੈਅ ਹੁੰਦਾ ਹੈ। ਤੁਹਾਡਾ ਧਿਆਨ ਹਮੇਸਾ ਬੁਲੰਦੀ ਛੂਹਣ 'ਤੇ ਹੋਣਾ ਚਾਹੀਦਾ ਹੈ ਅਤੇ ਸਾਡੀ ਸਰਕਾਰ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ।"

ਹਵਾਬਾਜੀ ਨਾਲ ਤੁਲਨਾ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਜਿਸ ਤਰ੍ਹਾਂ ਇੱਕ ਰਨਵੇ ਹਵਾਈ ਜਹਾਜ ਨੂੰ ਸੁਚਾਰੂ ਢੰਗ ਨਾਲ ਉਡਾਣ ਭਰਨ ਦੇ ਸਮਰੱਥ ਬਣਾਉਂਦਾ ਹੈ, ਪੰਜਾਬ ਸਰਕਾਰ ਵਿਦਿਆਰਥੀਆਂ ਨੂੰ ਅਜਿਹੇ ਮੌਕਿਆਂ ਲਈ ਤਿਆਰ ਕਰ ਰਹੀ ਹੈ ਤਾਂ ਜੋ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਦਦ ਮਿਲੇ। ਸਾਡੇ ਨੌਜਵਾਨਾਂ ਦੇ ਵਿਚਾਰਾਂ ਨੂੰ ਉਡਾਰੀ ਮਾਰਨ ਲਈ ਖੰਭ ਦੇਣ ਦੀ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਇਸ ਨੇਕ ਕਾਰਜ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਮੈਂ ਹਰ ਨੌਜਵਾਨ ਨੂੰ ਮਿਹਨਤ ਅਤੇ ਲਗਨ ਰਾਹੀਂ ਵੱਖਰੀ ਪਛਾਣ ਬਣਾਉਣ ਦੀ ਅਪੀਲ ਕਰਦਾ ਹਾਂ, ਕਿਉਂਕਿ ਤੁਸੀਂ ਜੋ ਕੁਝ ਹਾਸਲ ਕਰ ਸਕਦੇ ਹੋ ਉਸ ਦੀ ਕੋਈ ਸੀਮਾ ਨਹੀਂ ਹੈ।"

ਸਫਲਤਾ ਦੇ ਬਾਵਜੂਦ ਵਿਦਿਆਰਥੀਆਂ ਨੂੰ ਨਿਮਰ ਰਹਿਣ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਤੁਹਾਨੂੰ ਆਪਣੀਆਂ ਪ੍ਰਾਪਤੀਆਂ ਕਰਕੇ ਕਦੇ ਵੀ ਹੰਕਾਰੀ ਨਹੀਂ ਹੋਣਾ ਚਾਹੀਦਾ। ਆਤਮ-ਵਿਸਵਾਸ ਅਤੇ ਸਕਾਰਾਤਮਕ ਰਹਿਣਾ ਜਰੂਰੀ ਗੁਣ ਹੁੰਦੇ ਹਨ, ਪਰ ਹੰਕਾਰ ਕਦੇ ਵੀ ਸਫਲਤਾ ਦੇ ਨਾਲ ਨਹੀਂ ਆਉਣਾ ਚਾਹੀਦਾ। ਨਿਮਰਤਾ, ਮਿਹਨਤ ਅਤੇ ਦ੍ਰਿੜਤਾ ਨਿਰੰਤਰ ਸਫਲਤਾ ਦੀਆਂ ਅਸਲ ਕੁੰਜੀਆਂ ਹਨ ਅਤੇ ਇਹ ਕਦਰਾਂ-ਕੀਮਤਾਂ ਹਮੇਸ਼ਾ ਤੁਹਾਡੇ ਸਫਰ ਦਾ ਮਾਰਗਦਰਸਨ ਕਰਦੀਆਂ ਹੋਣ।"

ਪੰਜਾਬ ਦੀ ਸ਼ਾਨਦਾਰ ਵਿਰਾਸਤ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਨਾ ਸਿਰਫ ਦੇਸ ਨੂੰ ਅਨਾਜ ਦਿੰਦਾ ਹੈ ਸਗੋਂ ਦੇਸ਼ ਦੀ ਖੜਗਭੁਜਾ ਵੀ ਹੈ। ਪੰਜਾਬ ਦੇ ਲੋਕ ਆਪਣੀ ਬਹਾਦਰੀ, ਮਿਹਨਤ ਅਤੇ ਉੱਦਮੀ ਭਾਵਨਾ ਲਈ ਪੂਰੀ ਦੁਨੀਆ ਵਿੱਚ ਜਾਣੇ ਜਾਂਦੇ ਹਨ। ਇਸ ਪਵਿੱਤਰ ਧਰਤੀ ਦਾ ਇਕ-ਇਕ ਇੰਚ ਮਹਾਨ ਗੁਰੂਆਂ, ਸੰਤਾਂ, ਪੀਰਾਂ-ਪੈਗੰਬਰਾਂ ਅਤੇ ਸਹੀਦਾਂ ਦੀ ਮਹਾਨ ਵਿਰਾਸਤ ਨੂੰ ਪ੍ਰਣਾਇਆ ਹੋਇਆ ਹੈ ਜਿਨ੍ਹਾਂ ਨੇ ਸਾਨੂੰ ਬੇਇਨਸਾਫ਼ੀ, ਜ਼ੁਲਮ ਅਤੇ ਜਬਰ ਦੇ ਵਿਰੁੱਧ ਖੜ੍ਹੇ ਹੋਣਾ ਸਿਖਾਇਆ। ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਨਿੱਘੀ ਮਹਿਮਾਨਨਿਵਾਜੀ ਨੂੰ ਵਿਸਵ ਪੱਧਰ 'ਤੇ ਮਾਨਤਾ ਪ੍ਰਾਪਤ ਹੈ।"

ਉਨ੍ਹਾਂ ਨੇ ਅੱਗੇ ਜੋੜਿਆ, "ਪੰਜਾਬੀ ਕੁਦਰਤ ਵੱਲੋਂ ਹੀ ਮੋਹਰੀ ਰਹਿਣ ਦੇ ਸੁਭਾਅ ਦੇ ਮਾਲਕ ਹਨ ਅਤੇ ਉਨ੍ਹਾਂ ਨੇ ਹਮੇਸਾ ਹਰ ਖੇਤਰ ਵਿੱਚ ਬੁਲੰਦੀ ਹਾਸਲ ਕੀਤੀ ਹੈ। ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਭਾਰਤ ਦੇ ਆਜਾਦੀ ਸੰਗਰਾਮ ਵਿੱਚ ਪੰਜਾਬੀਆਂ ਨੇ ਮੋਹਰੀ ਭੂਮਿਕਾ ਨਿਭਾਈ ਅਤੇ ਦੇਸ ਲਈ ਬੇਮਿਸਾਲ ਕੁਰਬਾਨੀਆਂ ਦਿੱਤੀਆਂ।"

ਇਕੱਠ ਨੂੰ ਸੰਬੋਧਨ ਕਰਦਿਆਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, "ਜਦੋਂ ਮੈਂ ਅਹੁਦਾ ਸੰਭਾਲਿਆ ਸੀ ਤਾਂ ਪੰਜਾਬ ਵਿੱਚ ਲਗਭਗ ਚਾਰ ਲੱਖ ਬੱਚੇ ਫਰਸ 'ਤੇ ਬੈਠ ਕੇ ਪੜ੍ਹ ਰਹੇ ਸਨ। ਅੱਜ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਇੱਕ ਵੀ ਬੱਚਾ ਫਰਸ 'ਤੇ ਬੈਠ ਕੇ ਪੜ੍ਹਨ ਲਈ ਮਜਬੂਰ ਨਹੀਂ ਹੈ। ਪੰਜਾਬ ਹੁਣ ਸਿੱਖਿਆ ਖੇਤਰ ਨਾਲ ਸਬੰਧਤ ਲਗਭਗ ਹਰ ਰਾਸਟਰੀ ਰਿਪੋਰਟ ਵਿੱਚ ਸਿਖਰਲੇ ਦਰਜੇ ਹਾਸਲ ਕਰ ਰਿਹਾ ਹੈ। ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਪੰਜਾਬ ਪ੍ਰਭਾਰੀ ਮਨੀਸ ਸਿਸੋਦੀਆ ਨੇ ਦੇਸ ਦੀ ਪ੍ਰੀਖਿਆ ਪ੍ਰਣਾਲੀ ਵਿੱਚ ਵਿਆਪਕ ਸੁਧਾਰਾਂ ਦੀ ਲੋੜ 'ਤੇ ਜੋਰ ਦਿੱਤਾ। ਉਨ੍ਹਾਂ ਕਿਹਾ, "ਦੇਸ ਵਿੱਚ ਪੁਰਾਣੀ ਪ੍ਰੀਖਿਆ ਪ੍ਰਣਾਲੀ ਨੂੰ ਬਦਲਣਾ ਚਾਹੀਦਾ ਹੈ। ਨੀਟ ਵਰਗੀਆਂ ਪ੍ਰੀਖਿਆਵਾਂ ਦੇ ਲੀਕ ਹੋਣ ਵਰਗੀਆਂ ਘਟਨਾਵਾਂ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨੂੰ ਬਰਬਾਦ ਕਰ ਰਹੀਆਂ ਹਨ। 19ਵੀਂ ਸਦੀ ਦੇ ਸਿਸਟਮ 'ਤੇ ਭਰੋਸਾ ਕਰਨ ਦੀ ਬਜਾਏ ਪ੍ਰੀਖਿਆਵਾਂ, ਵਿਦਿਆਰਥੀਆਂ ਦੀ ਸਮੁੱਚੀ ਯੋਗਤਾ ਅਤੇ ਸਮਰੱਥਾਵਾਂ ਦਾ ਮੁਲਾਂਕਣ ਕਰਨ ਵਾਲੀਆਂ ਹੋਣੀਆਂ ਚਾਹੀਦੀਆਂ ਹਨ ਨਾ ਕਿ ਤਿੰਨ ਘੰਟੇ ਦੀ ਪ੍ਰੀਖਿਆ ਤੱਕ ਸੀਮਤ ਹੋਣ।

ਮਨੀਸ ਸਿਸੋਦੀਆ ਨੇ ਅੱਗੇ ਕਿਹਾ, "ਪ੍ਰੀਖਿਆ ਪ੍ਰਣਾਲੀ ਨੂੰ 21ਵੀਂ ਸਦੀ ਦੇ ਵਿਦਿਆਰਥੀਆਂ ਦੀਆਂ ਲੋੜਾਂ ਅਤੇ ਯੋਗਤਾਵਾਂ ਮੁਤਾਬਕ ਢਾਲਿਆ ਜਾਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੀ ਸਮੁੱਚੀ ਸਖਸੀਅਤ ਅਤੇ ਸਮਰੱਥਾ ਦਾ ਵਿਕਾਸ ਹੋ ਸਕੇ। ਇਸ ਤਬਦੀਲੀ ਲਈ ਸਾਨੂੰ ਸਿੱਖਿਆ ਨੂੰ ਤਰਜੀਹ ਦੇਣ ਵਾਲੀਆਂ ਅਤੇ ਸਿੱਖਿਆ 'ਚ ਨਿਵੇਸ ਕਰਨ ਵਾਲੀਆਂ ਸਰਕਾਰਾਂ ਚੁਣਨੀਆਂ ਚਾਹੀਦੀਆਂ ਹਨ।

ਇਸ ਮੌਕੇ ਵਿਦਿਆਰਥੀਆਂ ਨੇ ਵਿਚਾਰ ਸਾਂਝੇ ਕੀਤੇ ਕਿ ਪੰਜਾਬ ਦੀ 'ਸਿੱਖਿਆ ਕ੍ਰਾਂਤੀ' ਉਨ੍ਹਾਂ ਦੇ ਸਕੂਲਾਂ, ਵਿਸਵਾਸ ਅਤੇ ਖਾਹਿਸ਼ਾਂ ਨੂੰ ਕਿਵੇਂ ਨਵਾਂ ਰੂਪ ਦੇ ਰਹੀ ਹੈ।

ਇਸ ਸਮਾਗਮ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੇ ਸਿੱਖਿਆ ਨੂੰ ਮਜਬੂਤ ਕਰਨ ਲਈ ਪੰਜਾਬ ਸਰਕਾਰ ਦੇ ਯਤਨਾਂ ਦੀ ਰੱਜ ਕੇ ਪ੍ਰਸੰਸਾ ਕੀਤੀ। ਫਰੀਦਕੋਟ ਜ਼ਿਲ੍ਹੇ ਦੇ ਜੈਤੋ ਤੋਂ ਹਰਲੀਨ ਸਰਮਾ ਨੇ ਵਿਦਿਆਰਥੀਆਂ ਨੂੰ ਲਗਾਤਾਰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਨੂੰ ਉੱਤਮਤਾ ਹਾਸਲ ਕਰਨ ਲਈ ਹੱਲਾਸ਼ੇਰੀ ਦੇਣ ਵਾਸਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ। ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਸਰਕਾਰੀ ਸਕੂਲ ਰੁਪਾਣਾ ਦੇ ਵਿਦਿਆਰਥੀ ਨਿਖਿਲ ਪਾਂਡੇ ਨੇ ਆਪਣੇ ਅਧਿਆਪਕਾਂ ਨੂੰ ਸਮਰਪਿਤ ਇੱਕ ਕਵਿਤਾ ਪੇਸ ਕੀਤੀ ਅਤੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਵੱਡੇ ਸੁਪਨੇ ਵੇਖਣ ਅਤੇ ਉਨ੍ਹਾਂ ਸੁਪਨਿਆਂ ਨੂੰ ਪੂਰਾ ਕਰਨ ਲਈ ਕੋਸ਼ਿਸ਼ ਕਰਨ ਵਾਸਤੇ ਪ੍ਰੇਰਿਤ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ।

ਲੁਧਿਆਣਾ ਤੋਂ ਸੁਹਾਨੀ ਚੌਹਾਨ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਸਿੱਖਿਆ ਪਹਿਲਕਦਮੀਆਂ ਨੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਵਿਸਵਾਸ ਨੂੰ ਮਜਬੂਤ ਕੀਤਾ ਹੈ ਅਤੇ ਉਸ ਨੇ ਵਿਦਿਆਰਥੀਆਂ ਨੂੰ ਜਨਤਕ ਪਲੇਟਫਾਰਮਾਂ 'ਤੇ ਬੋਲਣ ਅਤੇ ਵਿਚਾਰ ਪੇਸ਼ ਕਰਨ ਲਈ ਉਤਸਾਹਿਤ ਕਰਨ ਵਾਸਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕੀਤੀ। ਜੀਰਾ ਦੇ ਇੱਕ ਸਰਕਾਰੀ ਸਕੂਲ ਦੀ ਗਿਆਰ੍ਹਵੀਂ ਜਮਾਤ ਦੀ ਵਿਦਿਆਰਥਣ ਅਨਮੋਲਪ੍ਰੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕੁੜੀਆਂ ਲਈ ਆਵਾਜਾਈ ਦੀਆਂ ਸਹੂਲਤਾਂ ਪ੍ਰਦਾਨ ਕਰਕੇ ਸਿੱਖਿਆ ਨੂੰ ਵਧੇਰੇ ਪਹੁੰਚਯੋਗ ਬਣਾਇਆ ਹੈ। ਉਸ ਨੇ ਆਪਣੇ ਸਕੂਲ ਵਿੱਚ ਇੱਕ ਲਿਫਟ ਦੀ ਸਥਾਪਨਾ 'ਤੇ ਵੀ ਚਾਨਣਾ ਪਾਇਆ ਅਤੇ ਸਾਂਝਾ ਕੀਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਿਦਿਆਰਥੀਆਂ ਨੂੰ ਭਰੋਸਾ ਦਿੱਤਾ ਹੈ ਕਿ ਉਹ ਜਲਦੀ ਹੀ ਸਕੂਲ ਦਾ ਦੌਰਾ ਕਰਨਗੇ।

*ਭਗਵੰਤ ਮਾਨ ਸਰਕਾਰ ਦੀ ਸਿੱਖਿਆ ਕ੍ਰਾਂਤੀ ਨੇ ਸ਼ਾਨਦਾਰ ਨਤੀਜੇ ਦਿੱਤੇ*

ਪੰਜਾਬ ਦੀ ਸਿੱਖਿਆ ਕ੍ਰਾਂਤੀ ਨੇ ਸਮੁੱਚੇ ਸੂਬੇ ਵਿੱਚ ਸ਼ਾਨਦਾਰ ਨਤੀਜੇ ਦੇਣੇ ਸ਼ੁਰੂ ਕਰ ਦਿੱਤੇ ਹਨ। ਨੀਤੀ ਆਯੋਗ ਦੇ ਸਕੂਲ ਸਿੱਖਿਆ ਦੇ ਮੁਲਾਂਕਣ ਵਿੱਚ, ਪੰਜਾਬ ਦੇ ਸਰਕਾਰੀ ਸਕੂਲਾਂ ਨੇ ਰਵਾਇਤੀ ਤੌਰ 'ਤੇ ਬਿਹਤਰ ਪ੍ਰਦਰਸਨ ਵਾਲੇ ਕਈ ਸੂਬਿਆਂ ਨੂੰ ਪਛਾੜ ਦੇਸ ਭਰ ਵਿੱਚ ਸਿਖਰਲਾ ਸਥਾਨ ਪ੍ਰਾਪਤ ਕੀਤਾ ਹੈ। ਇਸ ਸਾਲ ਸਕੂਲ ਆਫ ਐਮੀਨੈਂਸ ਅਤੇ ਹੋਰ ਸਰਕਾਰੀ ਸਕੂਲਾਂ ਦੇ 359 ਵਿਦਿਆਰਥੀਆਂ ਨੇ ਜੇ.ਈ.ਈ. ਮੇਨ ਲਈ ਕੁਆਲੀਫਾਈ ਕੀਤਾ ਹੈ, ਜਦੋਂ ਕਿ ਸਰਕਾਰ ਨੇ ਜੇਈਈ ਅਤੇ ਨੀਟ ਵਰਗੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਮੁਫ਼ਤ ਕੋਚਿੰਗ ਦੇਣ ਲਈ ਕੋਚਿੰਗ ਸੰਸਥਾ 'ਫਿਜ਼ਿਕਸ ਵਾਲਾ' ਨਾਲ ਵੀ ਭਾਈਵਾਲੀ ਕੀਤੀ ਹੈ।

ਭਗਵੰਤ ਮਾਨ ਸਰਕਾਰ ਨੇ ਲਗਭਗ 19,000 ਸਰਕਾਰੀ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ ਪਹਿਲਕਦਮੀ ਦੀ ਸ਼ੁਰੂਆਤ ਕੀਤੀ ਹੈ, ਜਿਸਨੇ ਵਿਦਿਆਰਥੀਆਂ ਦੇ ਵਿਕਾਸ 'ਤੇ ਧਿਆਨ ਕੇਂਦਰਿਤ ਕਰਨ ਲਈ ਲਗਭਗ 25 ਲੱਖ ਮਾਪਿਆਂ ਅਤੇ 1.8 ਲੱਖ ਤੋਂ ਵੱਧ ਸਕੂਲ ਸਟਾਫ਼ ਨੂੰ ਮਿਲਣੀਆਂ ਕਰਨ ਦਾ ਮੌਕਾ ਦਿੱਤਾ। ਹੋਰ ਮੁੱਖ ਸੁਧਾਰਾਂ ਵਿੱਚ ਫਿਨਲੈਂਡ ਅਤੇ ਸਿੰਗਾਪੁਰ ਵਿੱਚ ਅਧਿਆਪਕਾਂ ਲਈ ਵਿਦੇਸੀ ਸਿਖਲਾਈ ਪ੍ਰੋਗਰਾਮ, ਵਿਦਿਆਰਥਣਾਂ ਲਈ ਆਵਾਜਾਈ ਸਹੂਲਤਾਂ ਅਤੇ ਪੰਜਾਬ ਦੇ ਬੱਚਿਆਂ ਨੂੰ ਵਿਸਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਦੇ ਉਦੇਸ ਨਾਲ ਸਕੂਲ ਆਫ ਐਮੀਨੈਂਸ ਦਾ ਵਿਸਥਾਰ ਸਾਮਲ ਹੈ।

# ਸਫ਼ਾ ਇੱਕ ਦੀ ਬਾਕੀ

## ਪੰਜਾਬ 'ਚ ਤਾਪਮਾਨ ਡਿੱਗਾ, 6 ਜੂਨ ਤੱਕ ...

ਦਾ ਸਿਲਸਿਲਾ ਲਗਾਤਾਰ ਜਾਰੀ ਰਹਿਣ ਦੀ ਉਮੀਦ ਹੈ, ਜਿਸ ਦੌਰਾਨ ਕੁਝ ਥਾਵਾਂ ਤੇ ਰੁਕ-ਰੁਕ ਕੇ ਜਾਂ ਖਿੰਡਵਾਂ ਮੀਂਹ ਪੈ ਸਕਦਾ ਹੈ। ਇਸ ਤੋਂ ਪਹਿਲਾਂ, 2 ਤੋਂ 4 ਜੂਨ ਤੱਕ ਮੌਸਮ ਖੁਸ਼ਕ ਰਹਿਣ ਦੀ ਭਵਿੱਖਬਾਣੀ ਕੀਤੀ ਗਈ ਸੀ। ਪੰਜਾਬ ਅਤੇ ਹਰਿਆਣਾ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਹਲਕਾ ਤੋਂ ਦਰਮਿਆਨਾ ਮੀਂਹ ਪਿਆ, ਜਦ ਕਿ ਕੁਝ ਥਾਵਾਂ ਤੇ ਗਰਜ-ਚਮਕ ਦੇ ਨਾਲ ਤੇਜ਼ ਹਵਾਵਾਂ ਚੱਲੀਆਂ। ਕਈ ਥਾਵਾਂ 'ਤੇ ਮੀਂਹ ਆਮ ਨਾਲੋਂ ਕਾਫ਼ੀ ਜ਼ਿਆਦਾ ਰਿਹਾ ਹੈ।ਪੰਜਾਬ ਵਿੱਚ ਮੀਂਹ ਦੇ ਅੰਕੜੇ 1 ਮਈ ਤੋਂ 31 ਮਈ ਦੀ ਸਵੇਰ ਤੱਕ, ਪੰਜਾਬ ਵਿੱਚ 21.6 ਐਮਐਮ ਮੀਂਹ ਦਰਜ ਕੀਤਾ ਗਿਆ, ਜਦੋਂ ਕਿ ਇਸ ਸਮੇਂ ਦਾ ਲੰਮੀ ਮਿਆਦ ਦਾ ਔਸਤ (ਐਲਪੀਏ) 17.3 ਐਮਐਮ ਹੁੰਦਾ ਹੈ। 1 ਮਾਰਚ ਤੋਂ ਹੁਣ ਤੱਕ ਸੂਬੇ ਵਿੱਚ ਸੀਜ਼ਨ ਦਾ ਕੁੱਲ ਮੀਂਹ ਔਸਤ (ਐਲਪੀਏ) ਨਾਲੋਂ 22 ਫ਼ੀਸਦੀ ਵੱਧ ਹੈ।

ਮੋਗਾ ਨੂੰ ਛੱਡ ਕੇ, ਪਿਛਲੇ 24 ਘੰਟਿਆਂ ਦੌਰਾਨ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਵੱਖ-ਵੱਖ ਮਾਤਰਾ ਵਿੱਚ ਮੀਂਹ ਪਿਆ। ਨਵਾਂਸ਼ਹਿਰ ਵਿੱਚ ਸਭ ਤੋਂ ਵੱਧ 33.7 ਐਮਐਮ ਮੀਂਹ ਪਿਆ। ਇਸ ਤੋਂ ਬਾਅਦ ਲੁਧਿਆਣਾ ਵਿੱਚ 25.7 ਐਮਐਮ ਅਤੇ ਗੁਰਦਾਸਪੁਰ ਵਿੱਚ 22.6 ਐਮਐਮ ਮੀਂਹ ਪਿਆ। ਫ਼ਤਿਹਗੜ੍ਹ ਸਾਹਿਬ, ਜਲੰਧਰ, ਪਟਿਆਲਾ ਅਤੇ ਰੋਪੜ ਹੋਰ ਅਜਿਹੇ ਜ਼ਿਲ੍ਹੇ ਸਨ ਜਿੱਥੇ 10 ਐਮਐਮ ਤੋਂ ਵੱਧ ਮੀਂਹ ਪਿਆ। ਹਾਲਾਂਕਿ, ਸੀਜ਼ਨ ਦੇ ਹਿਸਾਬ ਨਾਲ ਅਜੇ ਵੀ ਸੱਤ ਜ਼ਿਲ੍ਹਿਆਂ ਪਟਿਆਲਾ, ਫ਼ਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮਾਨਸਾ ਅਤੇ ਮੁਕਤਸਰ ਵਿੱਚ ਮੀਂਹ ਔਸਤ (ਐਲਪੀਏ) ਨਾਲੋਂ 9 ਫ਼ੀਸਦੀ ਤੋਂ 61 ਫ਼ੀਸਦੀ ਤੱਕ ਘੱਟ ਹੈ।

## ਬਾਬਾ ਬਕਾਲਾ ਸਾਹਿਬ ਵਿਖੇ ਵਿਸ਼ਾਲ ਪੰਥਕ ਕਾਨਫ਼ਰੰਸ

ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ, ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਦਲ ਬਾਬਾ ਬਿਧੀ ਚੰਦ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਤਰਨਾ ਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ ਸਮੇਤ ਵੱਖ-ਵੱਖ ਸਿੱਖ ਸੰਪ੍ਰਦਾਵਾਂ, ਜਥੇਬੰਦੀਆਂ, ਸਿੱਖ ਬੁੱਧੀਜੀਵੀ ਅਤੇ ਪੰਜਾਬ ਭਰ ਤੋਂ ਵੱਡੀ ਗਿਣਤੀ 'ਚ ਸੰਗਤ ਨੇ ਸ਼ਮੂਲੀਅਤ ਕੀਤੀ। ਪੰਥਕ ਕਾਨਫ਼ਰੰਸ 'ਚ ਵੱਖ-ਵੱਖ ਬੁਲਾਰਿਆਂ ਨੇ ਇਕਮਤ ਹੋ ਕੇ ਸਰਕਾਰ ਵੱਲੋਂ ਪਾਸ ਕੀਤੇ ਐਕਟ ਵਿਚਲੀਆਂ ਖਾਮੀਆਂ ਨੂੰ ਤੁਰੰਤ ਦੂਰ ਕੀਤੇ ਜਾਣ 'ਤੇ ਜ਼ੋਰ ਦਿੱਤਾ। ਬੁਲਾਰਿਆਂ ਕਿਹਾ ਕਿ ਜਿਹੜੀਆਂ ਮੱਦਾਂ 'ਤੇ ਪੰਥ ਨੂੰ ਇਤਰਾਜ਼ ਹੈ, ਸਰਕਾਰ ਨੂੰ ਆਪਣੇ ਹੱਠਧਰਮੀ ਛੱਡ ਕੇ ਸਿੱਖ ਭਾਵਨਾਵਾਂ ਅਨੁਸਾਰ ਸੋਧ ਕਰਨ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ।

ਇਸੇ ਮੌਕੇ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਰਕਾਰ ਦੁਆਰਾ ਪਾਸ ਕੀਤਾ ਇਹ ਕਾਨੂੰਨ ਮਿੱਠਾ ਜ਼ਹਿਰ ਹੈ, ਜੋ ਕੌਮ ਦੇ ਭਵਿੱਖ ਲਈ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਹ ਸਰਕਾਰ ਦੀ ਸਿੱਖ ਸੰਸਥਾਵਾਂ ਅੰਦਰ ਸਿੱਧੀ ਦਖ਼ਲਅੰਦਾਜ਼ੀ ਦੀ ਚਾਲ ਹੈ, ਜਿਸ ਨੂੰ ਕੌਮ ਭਲੀਭਾਂਤ ਸਮਝਦੀ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਨਾਲ ਖ਼ਾਲਸਾ ਪੰਥ ਸਹਿਮਤ ਹੈ, ਪਰ ਕਾਨੂੰਨ ਵਿਚ ਮਰਯਾਦਾ ਅਤੇ ਸੇਵਾਦਾਰਾਂ ਧਿਰਾਂ ਨਾਲ ਸਬੰਧਤ ਮੱਦਾਂ 'ਤੇ ਕੌਮ ਨੂੰ ਵੱਡਾ ਇਤਰਾਜ਼ ਹੈ। ਪੰਜਾਬ ਸਰਕਾਰ ਦੀ ਵਿਧਾਨ ਸਭਾ ਨੇ ਇਸ ਕਾਨੂੰਨ ਨਾਲ ਗੁਰੂ ਗ੍ਰੰਥ ਅਤੇ ਗੁਰੂ ਪੰਥ ਉੱਤੇ ਆਪਣਾ ਕੰਟ੍ਰੋਲ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਵਿਧਾਨ ਸਭਾ ਗੁਰੂ ਖ਼ਾਲਸਾ ਪੰਥ ਦੀ ਨੁਮਾਇੰਦਗੀ ਨਹੀਂ ਕਰਦੀ ਅਤੇ ਨਾ ਹੀ ਇਹ ਧਰਮ ਦੇ ਨਿਯਮ ਤੈਅ ਕਰ ਸਕਦੀ ਹੈ ਅਤੇ ਇਹ ਸਰਕਾਰ ਵੱਲੋਂ ਪੰਥ ਦੇ ਅਧਿਕਾਰ ਵਿਚ ਦਖ਼ਲ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ, ਪਰੰਤੂ ਸ੍ਰੀ ਅਕਾਲ ਤਖ਼ਤ ਸਾਹਿਬ ਸਦੀਵੀ ਹੈ। ਸਰਕਾਰ ਸਿੱਖਾਂ ਦੀ ਸਹਿਮਤੀ ਤੋਂ ਬਿਨਾਂ ਸਿੱਖਾਂ ਉੱਤੇ ਆਪਣੇ ਹਿਸਾਬ ਨਾਲ ਕਾਇਦੇ ਕਾਨੂੰਨ ਨਹੀਂ ਥੋਪ ਸਕਦੀ।

ਜਥੇਦਾਰ ਗੜਗੱਜ ਨੇ ਕਿਹਾ ਕਿ ਅਸਲ ਮਾਮਲਾ ਬੇਅਦਬੀ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾਵਾਂ ਦੇਣ ਦਾ ਸੀ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਉਹ ਕਿਹੜੀਆਂ ਸ਼ਕਤੀਆਂ ਹਨ ਜੋ ਲਗਾਤਾਰ ਲੰਮੇ ਸਮੇਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਨੂੰ ਸੱਟ ਮਾਰਦੀਆਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ 2015 ਦੇ ਬੇਅਦਬੀ ਮਾਮਲਿਆਂ ਵਿੱਚ ਡੇਰਾ ਸਿਰਸਾ ਮੁਖੀ ਦਾ ਹੱਥ ਹੈ, ਲੇਕਿਨ ਸਰਕਾਰ ਨੇ ਅੱਜ ਤਕ ਉਸ ਨੂੰ ਗ੍ਰਿਫ਼ਤਾਰ ਕਰਕੇ ਪੰਜਾਬ ਨਹੀਂ ਲਿਆਂਦਾ ਤੇ ਨਾ ਸਜ਼ਾ ਦਿੱਤੀ। ਸਗੋਂ ਬੇਅਦਬੀ ਨਾਲ ਸਬੰਧਤ ਕੇਸ ਪੰਜਾਬ ਤੋਂ ਬਾਹਰ ਤਬਦੀਲ ਕਰਨ ਲਈ ਸਰਕਾਰ ਦੇ ਵਕੀਲਾਂ ਦੀ ਸਹਿਮਤੀ ਦੋਸ਼ੀਆਂ ਨੂੰ ਬਚਾ ਰਹੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਨੂੰ 15 ਦਿਨਾਂ ਦਾ ਸਮਾਂ ਦਿੱਤਾ ਸੀ, ਜੋ ਪੂਰਾ ਹੋ ਚੁੱਕਾ ਹੈ ਅਤੇ ਸਰਕਾਰ ਨੇ ਸਿੱਖਾਂ ਦੇ ਇਤਰਾਜ਼ਾਂ ਸਬੰਧੀ ਵਿਚਾਰ ਕਰਨ ਦੀ ਵੀ ਕੋਈ ਗੱਲ ਨਹੀਂ ਕੀਤੀ। ਇਸ ਦੇ ਉਲਟ ਮੁੱਖ ਮੰਤਰੀ ਵੱਲੋਂ ਹੈਂਕੜ ਭਰੇ ਪ੍ਰਗਟਾਵੇ ਕੀਤੇ ਜਾ ਰਹੇ ਹਨ, ਜੋ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਿੱਧੀ ਵੰਗਾਰ ਦੇ ਤੁੱਲ ਹੈ। ਉਨ੍ਹਾਂ ਕਿਹਾ ਕਿ ਜੂਨ 1984 ਘੱਲੂਘਾਰੇ ਦੇ ਸ਼ਹੀਦੀ ਹਫ਼ਤੇ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਕਰਕੇ ਸਰਕਾਰ ਦੇ ਇਸ ਰਵੱਈਆ ਦਾ ਨੋਟਿਸ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ ਸਰਕਾਰ ਨੂੰ ਨਹੀਂ ਸਗੋਂ ਖ਼ਾਲਸਾ ਪੰਥ ਨੂੰ ਸੰਬੋਧਤ ਹੁੰਦਿਆਂ ਸਖ਼ਤ ਫ਼ੈਸਲਾ ਕੀਤਾ ਜਾਵੇਗਾ।

ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਵੱਲੋਂ ਪਾਸ ਕੀਤੇ ਐਕਟ ਵਿਚ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਤੋਂ ਕਿਸੇ ਨੂੰ ਇਤਰਾਜ਼ ਨਹੀਂ, ਪ੍ਰੰਤੂ ਇਸ ਵਿਚਲੀਆਂ ਕੁਝ ਮੱਦਾਂ ਸਿੱਖ ਸੰਗਤਾਂ ਨੂੰ ਗੁਰਬਾਣੀ ਤੋਂ ਦੂਰ ਕਰਨ ਵਾਲੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਬੁੱਧੀਜੀਵੀਆਂ ਅਤੇ ਸੰਗਤਾਂ ਵੱਲੋਂ ਲਗਾਤਾਰ ਇਤਰਾਜ਼ ਕਰਨ ਤੋਂ ਬਾਅਦ ਵੀ ਸਰਕਾਰ ਦਾ ਹੱਠੀ ਰਵੱਈਆ ਉਸ ਦੀ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਇਸ ਵਿਸ਼ਾਲ ਇਕੱਠ ਨੇ ਸਾਬਤ ਕਰ ਦਿੱਤਾ ਹੈ ਕਿ ਸਿੱਖ ਆਪਣੇ ਧਾਰਮਿਕ ਮਾਮਲਿਆਂ 'ਚ ਸਰਕਾਰੀ ਦਖ਼ਲ ਨੂੰ ਬਰਦਾਸ਼ਤ ਨਹੀਂ ਕਰਨਗੇ। ਐਡਵੋਕੇਟ ਧਾਮੀ ਨੇ ਸਰਕਾਰ ਨੂੰ ਸਿੱਖ ਭਾਵਨਾਵਾਂ ਸਮਝਦਿਆਂ ਐਕਟ ਵਿਚਲੀਆਂ ਇਤਰਾਜ਼ਯੋਗ ਮੱਦਾਂ ਨੂੰ ਤੁਰੰਤ ਹਟਾਏ ਜਾਣ ਲਈ ਆਖਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਪੰਥਕ ਭਾਵਨਾਵਾਂ ਦੀ ਤਰਜ਼ਮਾਨੀ ਕਰਦਾ ਇਕ ਮਤਾ ਪੇਸ਼ ਕੀਤਾ, ਜਿਸ ਨੂੰ ਸਮੂਹ ਸਿੱਖ ਜਥੇਬੰਦੀਆਂ ਅਤੇ ਹਾਜ਼ਰ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ

ਇਸੇ ਮੌਕੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ, ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁਖੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਨੇ ਆਪਣੇ ਸਬੰਧਨ ਵਿਚ ਸਰਕਾਰ ਨੂੰ ਸਿੱਖ ਭਾਵਨਾਵਾਂ ਸਮਝਣ ਅਤੇ ਇਤਰਾਜ਼ ਮੱਦਾਂ ਨੂੰ ਹਟਾਏ ਜਾਣ ਲਈ ਆਖਿਆ। ਇਸ ਦੌਰਾਨ ਸੱਚਖੰਡ ਸੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ, ਬਾਬਾ ਜੀਤ ਸਿੰਘ ਜੌਲਾਂ, ਐਡਵੋਕੇਟ ਪੂਰਨ ਸਿੰਘ ਹੁੰਦਲ, ਡਾ. ਪ੍ਰਿਤਪਾਲ ਸਿੰਘ, ਡਾ. ਕੇਹਰ ਸਿੰਘ, ਬਾਬਾ ਭਾਗ ਸਿੰਘ ਬੰਗੇ ਵਾਲੇ, ਬਾਬਾ ਅਮੀਰ ਸਿੰਘ ਜਵੱਦੀ ਕਲਾ, ਡਾ. ਗੁਰਨਾਮ ਸਿੰਘ, ਸ. ਇਮਾਨ ਸਿੰਘ ਮਾਨ, ਸਾਬਕਾ ਮੰਤਰੀ ਜਥੇਦਾਰ ਗੁਲਜ਼ਾਰ ਸਿੰਘ ਰਣੀਕੇ, ਭਾਈ ਤਾਰਾ ਸਿੰਘ, ਭਾਈ ਗੁਰਜੀਤ ਸਿੰਘ, ਭਾਈ ਦਾਰਾ ਸਿੰਘ ਅਕਲੀਆਂ ਨੇ ਵੀ ਸੰਬੋਧਨ ਕੀਤਾ।

ਇਸ ਮੌਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਵੱਲੋਂ ਗਿਆਨੀ ਸੁਖਵਿੰਦਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਤੇ ਗਿਆਨੀ ਮਲਕੀਤ ਸਿੰਘ, ਗਿਆਨੀ ਜੋਗਿੰਦਰ ਸਿੰਘ ਹੈੱਡ ਗ੍ਰੰਥੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਪ੍ਰਦਮਸ੍ਰੀ ਬਾਬਾ ਸੇਵਾ ਸਿੰਘ ਕਾਰਸੇਵਾ ਖਡੂਰ ਸਾਹਿਬ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਸੁਖਵਿੰਦਰ ਸਿੰਘ ਕਾਰਸੇਵਾ ਭੂਰੀ ਵਾਲੇ, ਬਾਬਾ ਗੁਰਨਾਮ ਸਿੰਘ ਸਰਹਾਲੀ, ਬਾਬਾ ਜੋਗਿੰਦਰ ਸਿੰਘ ਬੜੂ ਸਾਹਿਬ ਵਾਲੇ, ਕਥਾਵਾਚਕ ਗਿਆਨੀ ਜਸਵੰਤ ਸਿੰਘ, ਬਾਬਾ ਹਾਕਮ ਸਿੰਘ ਨਿਰਮਲੇ ਸੰਪਰਦਾ, ਬਾਬਾ ਜੀਵਨ ਸਿੰਘ ਨਿਰਮਲੇ ਸੰਪਰਦਾ, ਬਾਬਾ ਸੁੱਖਾ ਸਿੰਘ ਬਾਬਾ ਹਾਕਮ ਸਿੰਘ ਸਿਰਹਾਲੀ ਸਾਹਿਬ ਵਾਲੇ, ਬਾਬਾ ਪ੍ਰਗਟ ਸਿੰਘ ਚੋਹਲਾ ਸਾਹਿਬ, ਬਾਬਾ ਚਰਨ ਸਿੰਘ ਦਿਆਲਪੁਰਾ, ਬਾਬਾ ਮਹਿੰਦਰ ਸਿੰਘ ਕਾਰਸੇਵਾ ਤਾਰਨ ਤਾਰਨ, ਮਹੰਤ ਜਗਰੂਪ ਸਿੰਘ ਨਿਰਮਲੇ, ਸੰਤ ਬਾਬਾ ਭਾਗ ਸਿੰਘ ਬੰਗੇਵਾਲੇ, ਬਾਬਾ ਸੁੱਖਾ ਸਿੰਘ ਕਾਰਸੇਵਾ ਵਾਲੇ ਸਰਹਾਲੀ ਵੱਲੋਂ ਬਾਬਾ ਤਾਰਾ ਸਿੰਘ, ਬਾਬਾ ਬਾਬਾ ਘਾਲਾ ਸਿੰਘ ਨਾਨਕਸਰ ਕਲੇਰਾਂ, ਬਾਬਾ ਬਚਨ ਸਿੰਘ ਦਿੱਲੀ ਵਾਲੇ, ਬਾਬਾ ਭਾਗ ਸਿੰਘ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਸਾਬਕਾ ਪ੍ਰਧਾਨ ਸ. ਅਲਵਿੰਦਰਪਾਲ ਸਿੰਘ ਪੱਖੋਕੇ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਸ. ਮਨਜੀਤ ਸਿੰਘ ਜੀਕੇ, ਅੰਤ੍ਰਿੰਗ ਮੈਂਬਰ ਸ. ਗੁਰਪ੍ਰੀਤ ਸਿੰਘ ਝੱਬਰ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਸੁਰਜੀਤ ਸਿੰਘ ਗੜ੍ਹੀ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਡਾ. ਜੰਗਬਹਾਦਰ ਸਿੰਘ ਰਾਏ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਸ. ਗੁਰਬਚਨ ਸਿੰਘ ਕਰਮੂਵਾਲਾ, ਸ. ਬਲਜੀਤ ਸਿੰਘ ਜਲਾਲ ਉਸਮਾ, ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਜਥੇਦਾਰ ਬਾਵਾ ਸਿੰਘ ਗੁਮਾਨਪੁਰਾ, ਜਥੇਦਾਰ ਕੌਰ ਸਿੰਘ, ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਜਰਨੈਲ ਸਿੰਘ ਡੋਗਰਾਂਵਾਲਾ, ਸ. ਗੁਰਮੀਤ ਸਿੰਘ ਬੂਹ, ਭਾਈ ਅਜੈਬ ਸਿੰਘ ਅਭਿਆਸੀ, ਸ. ਨਵਤੇਜ ਸਿੰਘ ਕਾਉਣੀ, ਸ. ਰਣਜੀਤ ਸਿੰਘ ਕਾਹਲੋਂ, ਸ. ਭੁਪਿੰਦਰ ਸਿੰਘ ਭਲਵਾਨ, ਸ. ਜਸਮੇਰ ਸਿੰਘ ਲਾਛੜੂ, ਸ. ਗੁਰਨਾਮ ਸਿੰਘ ਜੱਸਲ, ਬਾਬਾ ਬਲਬੀਰ ਸਿੰਘ ਘੁੰਨਸ, ਸ. ਬਲਦੇਵ ਸਿੰਘ ਚੂੰਘਾਂ, ਬੀਬੀ ਕਿਰਨਜੋਤ ਕੌਰ, ਬੀਬੀ ਗੁਰਪ੍ਰੀਤ ਕੌਰ ਬੀਬੀ ਜਸਬੀਰ ਕੌਰ, ਬੀਬੀ ਜੋਗਿੰਦਰ ਕੌਰ ਬਠਿੰਡਾ, ਬੀਬੀ ਜਸਬੀਰ ਕੌਰ ਜੱਫਰਵਾਲ, ਸ. ਬਲਵਿੰਦਰ ਸਿੰਘ ਵੇਈਂ ਪੂਈਂ, ਬੀਬੀ ਗੁਰਿੰਦਰ ਕੌਰ, ਬੀਬੀ ਜਸਪ੍ਰੀਤ ਕੌਰ ਮਹਿਲਪੁਰ, ਸ. ਰਘਬੀਰ ਸਿੰਘ ਸਹਾਰਨਮਾਜਰਾ, ਸ. ਬਲਦੇਵ ਸਿੰਘ ਖੋਖ, ਸ. ਅਮਰਜੀਤ ਸਿੰਘ ਬੰਡਾਲਾ, ਸ. ਹਰਪਾਲ ਸਿੰਘ ਜੱਲ੍ਹਾ, ਸ. ਖੁਸਵਰਸ਼ ਸਿੰਘ ਪੰਨੂ, ਸ. ਦਰਸ਼ਨ ਸਿੰਘ ਸੇਰਖਾਂ, ਸ. ਪਰਮਜੀਤ ਸਿੰਘ ਲੱਖੇਵਾਲ, ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਸ. ਹਰਜਿੰਦਰ ਸਿੰਘ ਪੁਆਤ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਇੰਜੀ: ਸੁਖਮਿੰਦਰ ਸਿੰਘ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਤੇਜਿੰਦਰ ਸਿੰਘ ਪੱਡਾ, ਸ. ਬਿਜੈ ਸਿੰਘ, ਸ. ਪ੍ਰੀਤਪਾਲ ਸਿੰਘ, ਸ. ਜਸਵਿੰਦਰ ਸਿੰਘ ਜੱਸੀ, ਸ. ਭਗਵੰਤ ਸਿੰਘ ਧੰਗੇੜਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਮੇਜਰ ਸਿੰਘ, ਮੀਤ ਸਕੱਤਰ ਸ. ਗੁਰਨਾਮ ਸਿੰਘ, ਸ. ਗੁਰਦਿਆਲ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਸੁਖਬੀਰ ਸਿੰਘ, ਸ. ਗੁਰਮੀਤ ਸਿੰਘ ਮੁਕਤਸਰੀ, ਸ. ਅਜ਼ਾਦੀਪ ਸਿੰਘ, ਕਾਨੂੰਨੀ ਸਲਾਹਕਾਰ ਅਮਨਬੀਰ ਸਿੰਘ ਸਿਆਲੀ, ਮੈਨੇਜਰ ਸ. ਗੁਰਪ੍ਰੀਤ ਸਿੰਘ, ਸ. ਮਲਕੀਤ ਸਿੰਘ, ਸ. ਨਰਿੰਦਰਜੀਤ ਸਿੰਘ ਭਵਾਨੀਗੜ੍ਹ, ਸ. ਰਾਜਿੰਦਰ ਸਿੰਘ ਰੂਬੀ, ਬਾਬਾ ਜੋਗਿੰਦਰ ਸਿੰਘ ਸ੍ਰੀ ਅਨੰਦਪੁਰ ਸਾਹਿਬ, ਬਾਬਾ ਬਚਨ ਸਿੰਘ ਕਾਰਸੇਵਾ ਦਿੱਲੀ ਵਾਲੇ, ਬਾਬਾ ਦਰਸ਼ਨ ਸਿੰਘ ਟਾਹਲਾ ਸਿੰਘ ਵਾਲੇ, ਬਾਬਾ ਬੰਤਾ ਸਿੰਘ ਜੀ ਮੁੰਡਾ ਪਿੰਡ ਵਾਲੇ, ਬਾਬਾ ਹਰਜੀਤ ਸਿੰਘ ਬੜੂ ਸਾਹਿਬ ਵਾਲੇ, ਸ. ਮੋਹਕਮ ਸਿੰਘ, ਬਲਤੇਜ ਸਿੰਘ ਢਿੱਲੋਂ, ਜਥੇਦਾਰ ਬਾਬਾ ਦਲੀਪ ਸਿੰਘ ਮੱਲ੍ਹੂ ਨੰਗਲ, ਬਾਬਾ ਹਰਦੀਪ ਸਿੰਘ ਮਸਤੂਆਣਾ ਸਾਹਿਬ, ਸ. ਇੰਦਰਜੀਤ ਸਿੰਘ, ਬਾਬਾ ਹਰਜਿੰਦਰ ਸਿੰਘ ਮੋਗਾ, ਬਾਬਾ ਪ੍ਰਮਾਨੰਦ ਜੀ ਵੱਡਾ ਅਖਾੜਾ, ਅਨੂਪ ਦਾਸ ਜੰਡਿਆਲਾ ਗੁਰੂ, ਬਾਬਾ ਲੱਖਾ ਸਿੰਘ ਨਾਨਕਸਰ ਵੱਲੋਂ ਬਾਬਾ ਬਲਬੀਰ ਸਿੰਘ, ਮਹੰਤ ਕਰਮਜੀਤ ਸਿੰਘ, ਬਾਬਾ ਬਲਵੀਰ ਸਿੰਘ ਟਿੱਬੇਵਾਲੇ, ਮਹੰਤ ਮਹਾਬੀਰ ਸਿੰਘ, ਬਾਬਾ ਅਮਰਜੀਤ ਸਿੰਘ ਹਰਖੋਵਾਲ, ਸ. ਹਰਦੇਵ ਸਿੰਘ ਨਾਗੋਕੇ, ਸ. ਨਾਰੰਗ ਸਿੰਘ ਨਾਗੋਕੇ, ਬਾਬਾ ਗੁਰਪ੍ਰੀਤ ਸਿੰਘ, ਬਾਬਾ ਨਾਥ ਸਿੰਘ, ਬਾਬਾ ਸੁਰਜੀਤ ਸਿੰਘ ਗੰਗਾਨਗਰ, ਬਾਬਾ ਲਵਪ੍ਰੀਤ ਸਿੰਘ ਪੰਜਗਰਾਹੀ, ਬਾਬਾ ਮਨਜੀਤ ਸਿੰਘ ਨਿਰਮਲੇ, ਬਾਬਾ ਅਮਰ ਸਿੰਘ ਰਾੜਾ ਸਾਹਿਬ ਵਾਲੇ, ਬਾਬਾ ਸੁੱਖਾ ਸਿੰਘ ਖਿਆਲੇ ਵਾਲੇ, ਬਾਬਾ ਸੁਖਜੀਤ ਸਿੰਘ ਘਨਈਆ, ਗੁਰਚਰਨ ਸਿੰਘ ਨਿਰਮਾਲੇ ਫਗਵਾੜੇ ਵਾਲੇ, ਬਾਬਾ ਤਰਲੋਕ ਸਿੰਘ, ਬੀਬੀ ਦਵਿੰਦਰ ਕੌਰ ਰਾਮਾ ਮੰਡੀ, ਬਾਬਾ ਅਮਰੀਕ ਸਿੰਘ, ਜਥੇਦਾਰ ਦਵਿੰਦਰ ਸਿੰਘ ਖੱਟੜਾ, ਸ. ਉਪਕਾਰ ਸਿੰਘ, ਜਥੇਦਾਰ ਬਾਬਾ ਜਗਮੋਹਨ ਸਿੰਘ, ਜਥੇਦਾਰ ਬਾਬਾ ਗੁਰਪ੍ਰੀਤ ਸਿੰਘ ਮਿਸਲ ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ, ਬਾਬਾ ਬੇਅੰਤ ਸਿੰਘ, ਜਥੇਦਾਰ ਸ਼ਮਸ਼ੇਰ ਸਿੰਘ ਤਰਨਾ ਦਲ, ਜਥੇਦਾਰ ਦਿਲਬਾਗ ਸਿੰਘ ਤਰਨਾ ਦਲ, ਮਾਤਾ ਜਸਬੀਰ ਕੌਰ, ਬਾਬਾ ਮੋਹਿੰਦਰ ਸਿੰਘ, ਬਾਬਾ ਅਵਤਾਰ ਸਿੰਘ, ਬਾਬਾ ਘੋਲਾ ਸਿੰਘ ਸਰਹਾਲੀ, ਬਾਬਾ ਰੇਸ਼ਮ ਸਿੰਘ, ਬਾਬਾ ਅਵਤਾਰ ਸਿੰਘ, ਗਲੋਬਲ ਸਿੱਖ ਕੌਂਸਿਲ ਡਾ. ਕਲਜੀਤ ਕੌਰ ਯੂਕੇ, ਸ. ਸਰਬਜੀਤ ਸਿੰਘ ਪ੍ਰਧਾਨ ਲੋਕਲ ਕਮੇਟੀ ਖਡੂਰ ਸਾਹਿਬ, ਸ. ਕੰਵਰਪਾਲ ਸਿੰਘ ਦਲ ਖਾਲਸਾ, ਸ. ਦਾਰਾ ਸਿੰਘ ਗ੍ਰੰਥੀ ਸਭਾ ਪੰਜਾਬ, ਭਾਈ ਬਲਜੀਤ ਸਿੰਘ ਆਜ਼ਾਦ, ਬਾਬਾ ਕੁਲਬੀਰ ਸਿੰਘ, ਗਿਆਨੀ ਪ੍ਰਤਾਪ ਸਿੰਘ, ਸ. ਸਰਬਜੀਤ ਸਿੰਘ ਢੋਟੀਆਂ ਹੈਡ ਪ੍ਰਚਾਰਕ ਸਮੇਤ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

## ਕਰੋੜਾਂ ਦੀ ਲਾਗਤ ਵਾਲਾ ਹਲਵਾਰਾ ਏਅਰਪੋਰਟ..

ਲਾਗਤ ਨਾਲ ਤਿਆਰ ਕੀਤਾ ਗਿਆ ਹੈ, ਜਿਸ ਦੀ ਨਿਗਰਾਨੀ ਖੁਦ ਕੇਂਦਰ ਸਰਕਾਰ ਵੱਲੋਂ ਕੀਤੀ ਜਾ ਰਹੀ ਸੀ। ਪੀ.ਡਬਲਯੂ.ਡੀ.ਵਿਭਾਗ ਵੱਲੋਂ ਬਣਾਏ ਗਏ ਇਸ ਟਰਮੀਨਲ ਦੀ ਕੁਆਲਿਟੀ ਤੇ ਹੁਣ ਵੱਡੇ ਸਵਾਲ ਖੜ੍ਹੇ ਹੋ ਗਏ ਹਨ, ਕਿਉਂਕਿ ਇਹ ਪਹਿਲੀ ਬਾਰਿਸ਼ ਵੀ ਨਹੀਂ ਝੱਲ ਸਕਿਆ।

ਇਸ ਸਬੰਧੀ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਤੇ ਇਕ ਵੀਡੀਓ ਸਾਂਝੀ ਕਰਦਿਆਂ ਸਬੰਧਿਤ ਠੇਕੇਦਾਰ ਅਤੇ ਅਫ਼ਸਰਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਸਿਫ਼ਾਰਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਇਸ ਸਬੰਧੀ ਏਅਰਪੋਰਟ ਅਥਾਰਟੀ ਨੂੰ ਵੀ ਲਿਖਤੀ ਸ਼ਿਕਾਇਤ ਭੇਜਣਗੇ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਏ.ਡੀ.ਸੀ. ਜਗਰਾਉਂ ਨੂੰ ਇਸ ਦੀ ਜਾਂਚ ਸੌਂਪ ਦਿੱਤੀ ਹੈ।

ਏ.ਡੀ.ਸੀ. ਜਗਰਾਉਂ ਮਨਜੀਤ ਸਿੰਘ ਚੀਮਾ ਨੇ ਜਾਂਚ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਸਭ ਤੋਂ ਪਹਿਲਾਂ ਨੁਕਸਾਨ ਨੂੰ ਜਲਦੀ ਠੀਕ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਜਾਂਚ ਤੋਂ ਬਾਅਦ ਲਾਪਰਵਾਹ ਅਫ਼ਸਰਾਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ।

ਦੂਜੇ ਪਾਸੇ, ਪੀ.ਡਬਲਯੂ.ਡੀ. ਦੇ ਅਧਿਕਾਰੀ ਇਸ ਮਾਮਲੇ ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰਦੇ ਨਜ਼ਰ ਆ ਰਹੇ ਹਨ। ਵਿਭਾਗ ਦਾ ਤਰਕ ਹੈ ਕਿ ਏਅਰਪੋਰਟ ਅਥਾਰਟੀ ਦੀ ਲੇਬਰ ਤਾਰਾਂ ਪਾਉਣ ਲਈ ਛੱਤ ਤੇ ਚੜ੍ਹੀ ਸੀ, ਜਿਨ੍ਹਾਂ ਨੇ ਸ਼ੀਟ ਹਟਾਉਣ ਤੋਂ ਬਾਅਦ ਦੁਬਾਰਾ ਸਹੀ ਤਰੀਕੇ ਨਾਲ ਨਹੀਂ ਲਗਾਈ, ਜਿਸ ਕਾਰਨ ਲੀਕੇਜ ਹੋਈ। ਹਾਲਾਂਕਿ, ਲੀਕੇਜ ਇੰਨੀ ਜ਼ਿਆਦਾ ਅਤੇ ਕਈ ਥਾਵਾਂ ਤੇ ਸੀ ਕਿ ਵਿਭਾਗ ਦਾ ਇਹ ਦਾਅਵਾ ਕਮਜ਼ੋਰ ਲੱਗ ਰਿਹਾ ਹੈ। ਪੀ.ਡਬਲਯੂ.ਡੀ. ਦੇ ਅਧਿਕਾਰੀਆਂ ਮੁਤਾਬਕ ਠੇਕੇਦਾਰ ਦੀ ਸਕਿਓਰਿਟੀ ਰਾਸ਼ੀ ਵਿਭਾਗ ਕੋਲ ਜਮ੍ਹਾਂ ਹੈ, ਇਸ ਲਈ ਇਹ ਮੁਰੰਮਤ ਠੇਕੇਦਾਰ ਦੇ ਖ਼ਰਚੇ ਤੇ ਹੀ ਕਰਵਾਈ ਜਾਵੇਗੀ।

ਫਿਲਹਾਲ ਇਸ ਮਾਮਲੇ ਤੇ ਪੀ.ਡਬਲਯੂ.ਡੀ. ਦੇ ਐੱਸ.ਈ. ਸੁਰੇਸ਼ ਕੁਮਾਰ, ਐਕਸੀਅਨ ਆਦੇਸ਼ ਗੁਪਤਾ ਅਤੇ ਐੱਸ.ਡੀ.ਓ. ਭੰਡਾਰੀ ਕੁਝ ਵੀ ਬੋਲਣ ਨੂੰ ਤਿਆਰ ਨਹੀਂ ਹਨ। ਇਸ ਘਟਨਾ ਨੇ ਕਰੋੜਾਂ ਦੀ ਲਾਗਤ ਵਾਲੇ ਪ੍ਰਾਜੈਕਟ ਵਿਚ ਵਿਭਾਗ ਦੀ ਕਾਰਗੁਜ਼ਾਰੀ ਦੀ ਪੋਲ ਖੋਲ੍ਹ ਦਿੱਤੀ ਹੈ ਅਤੇ ਹੁਣ ਸਭ ਦੀ ਨਜ਼ਰ ਡੀ.ਸੀ. ਦੀ ਜਾਂਚ ਰਿਪੋਰਟ ਅਤੇ ਕੇਂਦਰ ਸਰਕਾਰ ਦੇ ਅਗਲੇ ਕਦਮਾਂ ਤੇ ਟਿਕੀ ਹੋਈ ਹੈ।

# ਕੇਂਦਰ ਵੱਲੋਂ ਪੈਟਰੋਲ, ਡੀਜ਼ਲ ਤੇ ਹਵਾਈ ਬਾਲਣ ਦੀ ਬਰਾਮਦ 'ਤੇ ਵਿੰਡਫਾਲ ਟੈਕਸ 'ਚ ਵੱਡੀ ਕਟੌਤੀ

## ਘਰੇਲੂ ਖਪਤ ਵਾਲੀਆਂ ਕੀਮਤਾਂ 'ਚ ਕੋਈ ਬਦਲਾਅ ਨਹੀਂ, ਅੱਜ ਤੋਂ ਲਾਗੂ ਹੋਣਗੀਆਂ ਨਵੀਆਂ ਦਰਾਂ

ਨਵੀਂ ਦਿੱਲੀ, 31 ਮਈ (ਚ.ਨ.ਸ.): ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਉਤਾਰ-ਚੜ੍ਹਾਅ ਦਰਮਿਆਨ ਕੇਂਦਰ ਸਰਕਾਰ ਨੇ ਪੈਟਰੋਲ, ਡੀਜ਼ਲ ਅਤੇ ਹਵਾਈ ਬਾਲਣ (ਏ.ਟੀ.ਐੱਫ.) ਦੇ ਬਰਾਮਦ (ਬਰਾਮਦ) 'ਤੇ ਲੱਗਣ ਵਾਲੇ 'ਵਿੰਡਫਾਲ ਗੇਨਜ਼ ਟੈਕਸ' ਵਿੱਚ ਭਾਰੀ ਕਟੌਤੀ ਕਰਨ ਦਾ ਐਲਾਨ ਕੀਤਾ ਹੈ। ਸਰਕਾਰ ਨੇ ਪੈਟਰੋਲ ਦੀ ਬਰਾਮਦ 'ਤੇ ਲੱਗਣ ਵਾਲੇ ਟੈਕਸ ਨੂੰ ਘਟਾ ਕੇ ਅੱਧਾ ਯਾਨੀ 1.5 ਰੁਪਏ ਪ੍ਰਤੀ ਲੀਟਰ ਕਰ ਦਿੱਤਾ ਹੈ। ਇਸੇ ਤਰ੍ਹਾਂ ਡੀਜ਼ਲ 'ਤੇ ਲੇਵੀ ਘਟਾ ਕੇ 13.5 ਰੁਪਏ ਪ੍ਰਤੀ ਲੀਟਰ ਅਤੇ ਹਵਾਈ ਬਾਲਣ (ਏ.ਟੀ.ਐੱਫ.) 'ਤੇ 9.5 ਰੁਪਏ ਪ੍ਰਤੀ ਲੀਟਰ ਕਰ ਦਿੱਤੀ ਗਈ ਹੈ। ਵਿੱਤ ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਇਹ ਨਵੀਆਂ ਦਰਾਂ 1 ਜੂਨ ਤੋਂ ਲਾਗੂ ਹੋਣਗੀਆਂ। ਮੰਤਰਾਲੇ ਨੇ ਸਾਫ਼ ਕੀਤਾ ਹੈ ਕਿ ਪੈਟਰੋਲ ਅਤੇ ਡੀਜ਼ਲ ਦੇ ਬਰਾਮਦ 'ਤੇ ਰੋਡ ਤੇ ਇੰਫਰਾਸਟਰਕਚਰ ਸੈੱਸ (ਸੜਕ ਤੇ ਬੁਨਿਆਦੀ ਢਾਂਚਾ ਸੈੱਸ) ਹੁਣ 'ਜ਼ੀਰੋ'



ਹੋਵੇਗਾ। ਇਸ ਦੇ ਨਾਲ ਹੀ, ਆਮ ਜਨਤਾ ਲਈ ਰਾਹਤ ਦੀ ਗੱਲ ਇਹ ਹੈ ਕਿ ਘਰੇਲੂ ਖਪਤ ਲਈ ਸਪਲਾਈ ਕੀਤੇ ਜਾਣ ਵਾਲੇ ਪੈਟਰੋਲ ਅਤੇ ਡੀਜ਼ਲ 'ਤੇ ਮੌਜੂਦਾ ਡਿਊਟੀ ਦਰਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ, ਯਾਨੀ ਸਥਾਨਕ ਕੀਮਤਾਂ ਸਥਿਰ ਰਹਿਣਗੀਆਂ।ਸਰਕਾਰ ਵੱਲੋਂ ਹਰ 15 ਦਿਨਾਂ ਬਾਅਦ ਕੀਤੀ ਜਾਣ ਵਾਲੀ ਸਮੀਖਿਆ ਤਹਿਤ ਇਹ ਫ਼ੈਸਲਾ ਲਿਆ ਗਿਆ ਹੈ। ਇਸ ਤੋਂ ਪਹਿਲਾਂ 16 ਮਈ ਨੂੰ ਪੈਟਰੋਲ 'ਤੇ 3 ਰੁਪਏ ਪ੍ਰਤੀ ਲੀਟਰ ਦੀ ਵਿਸ਼ੇਸ਼ ਵਧੀਕ ਐਕਸਾਈਜ਼ ਡਿਊਟੀ ਲਗਾਈ ਗਈ ਸੀ, ਜਿਸ ਨੂੰ ਹੁਣ ਘਟਾ ਕੇ 1.5 ਰੁਪਏ ਕਰ ਦਿੱਤਾ ਗਿਆ ਹੈ। ਡੀਜ਼ਲ ਦੇ ਬਰਾਮਦ 'ਤੇ ਡਿਊਟੀ 16.5 ਰੁਪਏ ਪ੍ਰਤੀ ਲੀਟਰ ਤੋਂ ਘਟਾ ਕੇ 13.5 ਰੁਪਏ ਅਤੇ ਹਵਾਈ ਬਾਲਣ 'ਤੇ 16 ਰੁਪਏ ਪ੍ਰਤੀ ਲੀਟਰ ਤੋਂ ਘਟਾ ਕੇ 9.5 ਰੁਪਏ ਪ੍ਰਤੀ ਲੀਟਰ ਕਰ ਦਿੱਤੀ ਗਈ ਹੈ। ਵਿੱਤ ਮੰਤਰਾਲੇ ਮੁਤਾਬਕ, ਅਮਰੀਕਾ-ਇਜ਼ਰਾਈਲ ਅਤੇ ਇਰਾਨ ਵਿਚਾਲੇ ਚੱਲ ਰਹੀ ਜੰਗ ਕਾਰਨ ਪੈਦਾ ਹੋਏ ਪੱਛਮੀ ਏਸ਼ੀਆ ਸੰਕਟ ਦੇ ਮੱਦੇਨਜ਼ਰ ਦੇਸ਼ ਦੇ ਅੰਦਰ ਬਾਲਣ ਦੀ ਕਿੱਲਤ ਨਾ ਹੋਵੇ, ਇਸ ਲਈ ਇਹ ਵਿੰਡਫਾਲ ਟੈਕਸ ਲਗਾਇਆ ਗਿਆ ਸੀ। ਇਸ ਦਾ ਮਕਸਦ ਤੇਲ ਕੰਪਨੀਆਂ ਵੱਲੋਂ ਵੱਧ ਮੁਨਾਫ਼ੇ ਦੇ ਚੱਕਰ ਵਿੱਚ ਘਰੇਲੂ ਬਾਜ਼ਾਰ ਦੀ ਬਜਾਏ ਬਾਹਰਲੇ ਦੇਸ਼ਾਂ ਨੂੰ ਅੰਨ੍ਹੇਵਾਹ ਬਰਾਮਦ ਕਰਨ ਦੀ ਪ੍ਰਵਿਰਤੀ ਨੂੰ ਨਿਰਉਤਸ਼ਾਹਿਤ ਕਰਨਾ ਸੀ।

ਜ਼ਿਕਰਯੋਗ ਹੈ ਕਿ 28 ਫਰਵਰੀ ਨੂੰ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ 'ਤੇ ਕੀਤੇ ਗਏ ਫ਼ੌਜੀ ਹਮਲਿਆਂ ਤੋਂ ਬਾਅਦ ਤਹਿਰਾਨ (ਇਰਾਨ) ਵੱਲੋਂ ਵੀ ਵੱਡੀ ਜਵਾਬੀ ਕਾਰਵਾਈ ਕੀਤੀ ਗਈ ਸੀ। ਇਸ ਜੰਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਕੌਮਾਂਤਰੀ ਬਾਜ਼ਾਰ ਵਿੱਚ ਕੱਚਾ ਤੇਲ ਕਰੀਬ 73 ਡਾਲਰ ਪ੍ਰਤੀ ਬੈਰਲ ਸੀ, ਜੋ ਪਿਛਲੇ ਇੱਕ ਹਫ਼ਤੇ ਤੋਂ ਲਗਾਤਾਰ 100 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਬਣਿਆ ਹੋਇਆ ਹੈ। ਸਰਕਾਰ ਨੇ ਗਲੋਬਲ ਕੀਮਤਾਂ ਵਿੱਚ ਆਏ ਇਸ ਉਛਾਲ ਕਾਰਨ ਬਰਾਮਦਕਾਂ ਨੂੰ ਬੇਲੋੜਾ ਫ਼ਾਇਦਾ ਚੁੱਕਣ ਤੋਂ ਰੋਕਣ ਅਤੇ ਦੇਸ਼ ਅੰਦਰ ਪੈਟਰੋਲੀਅਮ ਪਦਾਰਥਾਂ ਦੀ ਉਪਲੱਬਧਤਾ ਬਣਾਈ ਰੱਖਣ ਲਈ ਇਹ ਟੈਕਸ ਪ੍ਰਣਾਲੀ ਲਾਗੂ ਰੱਖੀ ਹੋਈ ਹੈ, ਜਿਸ ਵਿੱਚ ਹੁਣ ਹਾਲਾਤ ਮੁਤਾਬਕ ਢਿੱਲ ਦਿੱਤੀ ਗਈ ਹੈ।

# ਚੀਮਾ ਵੱਲੋਂ ਦਿੜ੍ਹਬਾ, ਲਹਿਰਾਗਾਗਾ ਤੇ ਬਾਘਰੌਲ ਖੇਤਰਾਂ 'ਚ 18.76 ਕਰੋੜ ਤੋਂ ਵੱਧ ਦੇ ਸੜਕੀ ਪ੍ਰੋਜੈਕਟ ਲੋਕ ਅਰਪਿਤ

## ਮੁੱਖ ਮੰਤਰੀ ਮਾਨ ਪੰਜਾਬ ਦੇ ਪਿੰਡਾਂ ਨੂੰ ਉਹ ਸੜਕਾਂ ਦੇ ਰਹੇ ਨੇ ਜਿਨ੍ਹਾਂ ਤੋਂ ਉਨ੍ਹਾਂ ਨੂੰ ਦਹਾਕਿਆਂ ਤੱਕ ਵਾਂਝੇ ਰੱਖਿਆ ਗਿਐ




ਦਿੜ੍ਹਬਾ/ਲਹਿਰਾਗਾਗਾ, 31 ਮਈ (ਹੈਪੀ): ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਲਹਿਰਾਗਾਗਾ ਖੇਤਰ ਵਿੱਚ 18.76 ਕਰੋੜ ਰੁਪਏ ਤੋਂ ਵੱਧ ਦੇ ਸੜਕੀ ਬੁਨਿਆਦੀ ਢਾਂਚੇ ਅਤੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਅਤੇ ਨੀਂਹ ਪੱਥਰ ਰੱਖੇ। ਇਹ ਪ੍ਰੋਜੈਕਟ ਪੇਂਡੂ ਸੰਪਰਕ ਨੂੰ ਮਜ਼ਬੂਤ ਕਰਨ ਅਤੇ ਸਥਾਨਕ ਆਰਥਿਕਤਾ ਨੂੰ ਹੁਲਾਰਾ ਦੇਣ ਵਿੱਚ ਅਹਿਮ ਸਾਬਤ ਹੋਣਗੇ। ਇਨ੍ਹਾਂ ਪ੍ਰੋਜੈਕਟਾਂ ਦਾ ਉਦੇਸ਼ ਸੁਰੱਖਿਆ ਖਤਰਿਆਂ ਨੂੰ ਖਤਮ ਕਰਨਾ, ਪੇਂਡੂ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਨਾ ਤੇ ਹਜ਼ਾਰਾਂ ਪਿੰਡ ਵਾਸੀਆਂ ਲਈ ਹਰ ਮੌਸਮ ਵਿੱਚ ਆਵਾਜਾਈ ਨੂੰ ਸੁਖਾਲਾ ਬਣਾਉਣਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਵਿਜ਼ਨ ਬਾਰੇ ਚਾਨਣਾ ਪਾਉਂਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਰਕਾਰ ਸੂਬੇ ਭਰ ਵਿੱਚ ਲਗਭਗ 40,000 ਕਿਲੋਮੀਟਰ ਸੜਕਾਂ ਨੂੰ ਮਜ਼ਬੂਤ ਕਰਕੇ ਪੇਂਡੂ ਪੰਜਾਬ ਦੀ ਨੁਹਾਰ ਬਦਲ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਪਿੰਡਾਂ ਨੂੰ ਬਿਹਤਰ ਸੰਪਰਕ ਤੇ ਬੁਨਿਆਦੀ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਜੋ ਦਹਾਕਿਆਂ ਤੋਂ ਅਣਗੌਲੇ ਸਨ।

ਪਿੰਡ ਡਸਕਾ ਵਿਖੇ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਬਛੂਆਣਾ ਤੋਂ ਬਰੇਟਾ (ਵਾਇਆ ਦਸਕਾ ਅਤੇ ਬਹਾਦਰਪੁਰ) ਨੂੰ ਜੋੜਨ ਵਾਲੀ 10.5 ਕਿਲੋਮੀਟਰ ਲੰਬੀ ਸੜਕ ਲੋਕਾਂ ਨੂੰ ਸਮਰਪਿਤ ਕੀਤੀ। ਇਸ ਸੜਕ ਨੂੰ 7.15 ਕਰੋੜ ਰੁਪਏ ਦੀ ਲਾਗਤ ਨਾਲ 12 ਫੁੱਟ ਤੋਂ ਵਧਾ ਕੇ 18 ਫੁੱਟ ਚੌੜਾ ਕੀਤਾ ਗਿਆ ਹੈ। ਸੜਕ ਦੇ ਚੌੜਾ ਹੋਣ ਨਾਲ ਪੁਰਾਣੀ ਖਸਤਾ ਹਾਲਤ ਅਤੇ ਤੰਗ ਰਸਤੇ ਕਾਰਨ ਪੈਦਾ ਹੋਣ ਵਾਲੀਆਂ ਟਰੈਫਿਕ ਸਮੱਸਿਆਵਾਂ ਅਤੇ ਸੁਰੱਖਿਆ ਚਿੰਤਾਵਾਂ ਦੂਰ ਹੋਣ ਦੀ ਉਮੀਦ ਹੈ।

ਵਿੱਤ ਮੰਤਰੀ ਨੇ 1.27 ਕਰੋੜ ਰੁਪਏ ਦੀ ਲਾਗਤ ਨਾਲ ਡਸਕਾ ਅਤੇ ਖੱਤਰੀਵਾਲਾ ਨੂੰ ਜੋੜਨ ਵਾਲੀ ਨਵੀਂ ਬਣੀ 4 ਕਿਲੋਮੀਟਰ ਪੱਕੀ ਸੜਕ ਵੀ ਲੋਕ ਅਰਪਣ ਕੀਤੀ, ਜਿਸ ਨਾਲ ਲੰਬੇ ਸਮੇਂ ਤੋਂ ਬਣੇ ਕੱਚੇ ਰਸਤੇ ਨੂੰ ਹਰ ਮੌਸਮ ਦੇ ਅਨੁਕੂਲ ਸੜਕ ਵਿੱਚ ਬਦਲ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਡਸਕਾ-ਬਹਾਦਰਪੁਰ ਰਸਤੇ 'ਤੇ ਡੇਰਾ ਬਾਬਾ ਧੌਲਾ ਪੀਰ ਨੂੰ ਜਾਣ ਵਾਲੀ 1 ਕਿਲੋਮੀਟਰ ਲਿੰਕ ਸੜਕ 34.50 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਕੀਤੀ ਗਈ ਹੈ, ਜਿਸ ਨਾਲ ਸਰਧਾਲੂਆਂ ਅਤੇ ਸਥਾਨਕ ਨਿਵਾਸੀਆਂ ਦੀ ਆਵਾਜਾਈ ਸੁਖਾਲੀ ਹੋਵੇਗੀ।

ਬਾਘਰੌਲ ਅਤੇ ਨੇੜਲੇ ਪਿੰਡਾਂ ਵਿੱਚ ਵਿਕਾਸ ਦੇ ਘੇਰੇ ਨੂੰ ਵਧਾਉਂਦੇ ਹੋਏ ਹਰਪਾਲ ਸਿੰਘ ਚੀਮਾ ਨੇ ਲਗਭਗ 10 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਅਤੇ ਨੀਂਹ ਪੱਥਰ ਰੱਖੇ। ਪਿੰਡਾਂ ਦੇ ਸਰਪੰਚਾਂ, ਪੰਚਾਇਤ ਮੈਂਬਰਾਂ ਅਤੇ ਸਥਾਨਕ ਨਿਵਾਸੀਆਂ ਦੀ ਮੌਜੂਦਗੀ ਵਿੱਚ ਉਨ੍ਹਾਂ ਨੇ ਬਾਘਰੌਲ ਤੋਂ ਬੁਜਰਕ ਤੱਕ 1.10 ਕਰੋੜ ਰੁਪਏ ਦੀ ਲਾਗਤ ਨਾਲ 3 ਕਿਲੋਮੀਟਰ ਸੜਕ ਅਤੇ ਬਾਘਰੌਲ ਨੂੰ ਬੁਰਜ ਟਿੱਲਾ ਤੇ ਖੇੜੀ ਨਗਾਈਆਂ ਨਾਲ ਜੋੜਨ ਵਾਲੀ 2.35 ਕਿਲੋਮੀਟਰ ਸੜਕ (ਲਾਗਤ 1 ਕਰੋੜ ਰੁਪਏ ਤੋਂ ਵੱਧ) ਦੀ ਉਸਾਰੀ ਦਾ ਐਲਾਨ ਕੀਤਾ।

ਉਨ੍ਹਾਂ ਅੱਗੇ ਦੱਸਿਆ ਕਿ ਬਾਘਰੌਲ ਅਤੇ ਬਲਮਗੜ੍ਹ ਨੂੰ ਜੋੜਨ ਵਾਲੀ 2.75 ਕਿਲੋਮੀਟਰ ਸੜਕ ਦੀ ਉਸਾਰੀ 'ਤੇ 1.16 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਲਾਕੇ ਵਿੱਚ ਕੀਤੇ ਗਏ ਵੱਡੇ ਉਪਰਾਲਿਆਂ ਵਿੱਚ ਲਗਭਗ 12 ਕਿਲੋਮੀਟਰ ਕੱਚੀਆਂ ਸੜਕਾਂ ਨੂੰ ਪੱਕਾ ਕਰਨਾ ਸਾਮਲ ਹੈ, ਜੋ ਪਿਛਲੇ 70 ਤੋਂ 80 ਸਾਲਾਂ ਤੋਂ ਅਣਗੌਲੀਆਂ ਸਨ। ਇਨ੍ਹਾਂ ਸੜਕਾਂ ਨੂੰ 5.25 ਕਰੋੜ ਰੁਪਏ ਦੀ ਲਾਗਤ ਨਾਲ ਪੱਕੇ ਸੜਕੀ ਨੈੱਟਵਰਕ ਵਿੱਚ ਬਦਲਿਆ ਜਾ ਰਿਹਾ ਹੈ।

ਵਿੱਤ ਮੰਤਰੀ ਨੇ ਇੱਕ ਨਵੇਂ ਬਣੇ ਪੁਲ ਦਾ ਉਦਘਾਟਨ ਵੀ ਕੀਤਾ ਜਿਸ ਨੇ ਦੋ ਪ੍ਰਮੁੱਖ ਪਿੰਡਾਂ ਵਿਚਕਾਰ ਆਵਾਜਾਈ ਦੇ ਸਬੰਧਾਂ ਨੂੰ ਮਜ਼ਬੂਤ ਕੀਤਾ ਹੈ।

ਚੱਲ ਰਹੇ ਬੁਨਿਆਦੀ ਢਾਂਚੇ ਦੇ ਕੰਮਾਂ ਬਾਰੇ ਦੱਸਦਿਆਂ ਹਰਪਾਲ ਸਿੰਘ ਚੀਮਾ ਨੇ ਕਿਹਾ, "ਬਾਘਰੌਲ ਤੋਂ ਖੇੜੀ ਦਗਾਈਆਂ ਤੱਕ ਪਿੰਡ ਦੀ ਫਿਰਨੀ ਸਮੇਤ ਲਗਭਗ 4 ਕਿਲੋਮੀਟਰ ਸੜਕ 1.83 ਕਰੋੜ ਰੁਪਏ ਦੀ ਲਾਗਤ ਨਾਲ ਬਣਾਈ ਜਾ ਰਹੀ ਹੈ। ਇਸ ਦੇ ਨਾਲ ਹੀ ਬਾਘਰੌਲ ਨੂੰ ਕੰਗਰੌੜੀ ਅਤੇ ਕਮਾਲਪੁਰ ਨਾਲ ਜੋੜਨ ਵਾਲੀਆਂ ਸੜਕਾਂ ਨੂੰ ਚੌੜਾ ਕਰਨ ਦਾ ਕੰਮ 4.50 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ ਚੱਲ ਰਿਹਾ ਹੈ।"

ਕੁੱਲ ਮਿਲਾ ਕੇ ਬਾਘਰੌਲ ਖੇਤਰ ਦੇ ਆਲੇ-ਦੁਆਲੇ ਲਗਭਗ 19 ਕਿਲੋਮੀਟਰ ਸੜਕਾਂ ਦੀ ਉਸਾਰੀ ਅਤੇ ਵਿਸਥਾਰ ਦਾ ਕੰਮ ਜਾਰੀ ਹੈ, ਜਿਸ ਨਾਲ ਖੇਤੀਬਾੜੀ ਗਤੀਵਿਧੀਆਂ ਅਤੇ ਆਰਥਿਕ ਗਤੀਸ਼ੀਲਤਾ ਵਿੱਚ ਆ ਰਹੀਆਂ ਦਹਾਕਿਆਂ ਪੁਰਾਣੀਆਂ ਰੁਕਾਵਟਾਂ ਦੂਰ ਹੋਣ ਦੀ ਉਮੀਦ ਹੈ।

ਸੰਤੁਲਿਤ ਵਿਕਾਸ ਪ੍ਰਤੀ ਭਗਵੰਤ ਮਾਨ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੰਤਰੀ ਚੀਮਾ ਨੇ ਕਿਹਾ, "ਸਾਡੀ ਸਰਕਾਰ ਸ਼ਹਿਰੀ ਤੇ ਪੇਂਡੂ ਬੁਨਿਆਦੀ ਢਾਂਚੇ ਦੇ ਪਾੜੇ ਨੂੰ ਪੂਰਨ ਲਈ ਪੇਂਡੂ ਵਿਕਾਸ ਨੂੰ ਤਰਜੀਹ ਦੇ ਰਹੀ ਹੈ। ਜਿੱਥੇ ਪੇਂਡੂ ਸੜਕਾਂ ਦਾ ਨੈੱਟਵਰਕ ਦਹਾਕਿਆਂ ਤੋਂ ਅਣਗਹਿਲੀ ਦਾ ਸਰਕਾਰ ਸੀ, ਉੱਥੇ ਹੀ ਸਾਡੀ ਸਰਕਾਰ ਹਰ ਪਿੰਡ ਨੂੰ ਮਿਆਰੀ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਆਪਣੀ ਮੁੱਖ ਜ਼ਿੰਮੇਵਾਰੀ ਸਮਝਦੀ ਹੈ।" ਇਸ ਮੌਕੇ ਵੱਡੀ ਗਿਣਤੀ ਵਿੱਚ ਸਥਾਨਕ ਨਿਵਾਸੀਆਂ, ਪ੍ਰਸ਼ਾਸਨਿਕ ਅਧਿਕਾਰੀਆਂ, ਸਥਾਨਕ ਆਗੂਆਂ ਅਤੇ ਪੰਚਾਇਤੀ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ ਅਤੇ ਇਨ੍ਹਾਂ ਪ੍ਰੋਜੈਕਟਾਂ ਦਾ ਸਵਾਗਤ ਕੀਤਾ।

# ਵਿਸ਼ਵ ਤੰਬਾਕੂ ਮੁਕਤ ਦਿਵਸ 'ਤੇ ਤੰਬਾਕੂ ਸੇਵਨ ਦੇ ਸਭ ਤੋਂ ਘੱਟ ਮਾਮਲਿਆਂ ਨਾਲ ਦੇਸ਼ ਭਰ 'ਚੋਂ ਮੋਹਰੀ ਹੋ ਕੇ ਉੱਭਰਿਆ ਪੰਜਾਬ : ਡਾ. ਬਲਬੀਰ ਸਿੰਘ

ਚੰਡੀਗੜ੍ਹ, 31 ਮਈ (ਚ.ਨ.ਸ.): ਭਾਰਤ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਦੁਆਰਾ ਕਰਵਾਏ ਗਏ ਕੌਮੀ ਪਰਿਵਾਰਕ ਸਿਹਤ ਸਰਵੇਖਣ 2023-24 (ਐਨਐਫਐਚਐਸ-6) ਅਨੁਸਾਰ, ਪੰਜਾਬ ਨੇ ਦੇਸ ਭਰ 'ਚੋਂ ਤੰਬਾਕੂ ਸੇਵਨ ਦੇ ਸਭ ਤੋਂ ਘੱਟ ਮਾਮਲਿਆਂ ਨਾਲ ਜਨਤਕ ਸਿਹਤ ਵਿੱਚ ਇੱਕ ਮਹੱਤਵਪੂਰਨ ਸਫ਼ਲਤਾ ਦਰਜ ਕੀਤੀ ਹੈ, ਜੋ ਵਿਸ਼ਵ ਤੰਬਾਕੂ ਮੁਕਤ ਦਿਵਸ ਦੇ ਥੀਮ ਨਾਲ ਮੇਲ ਖਾਂਦਾ ਹੈ। ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਹ ਦੇਸ ਵਿਆਪੀ ਵਿਆਪਕ ਸਰਵੇਖਣ ਪੰਜਾਬ ਨੂੰ ਸਾਰੇ ਭਾਰਤੀ ਰਾਜਾਂ ਵਿੱਚੋਂ ਸਪੱਸ਼ਟ ਤੌਰ 'ਤੇ ਸਿਖਰਲੇ ਸਥਾਨ 'ਤੇ ਸਥਾਪਿਤ ਕਰਦਿਆਂ ਵਿਸਵਵਿਆਪੀ ਤੰਬਾਕੂ ਵਿਰੋਧੀ ਮੁਹਿੰਮ ਲਈ ਇੱਕ ਪ੍ਰਭਾਵੀ ਬਲੂਪ੍ਰਿੰਟ ਪੇਸ਼ ਕਰਦਾ ਹੈ। ਦੱਸਣਯੋਗ ਹੈ ਕਿ ਸੂਬੇ ਵਿੱਚ 15 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਪੁਰਸ਼ਾਂ ਵਿੱਚ ਤੰਬਾਕੂ ਦੀ ਵਰਤੋਂ ਹੁਣ ਤੱਕ ਦੀ ਸਭ ਤੋਂ ਘੱਟ ਸਿਰਫ਼ 13.9% ਦਰਜ ਕੀਤੀ ਗਈ ਹੈ, ਜੋ ਰਾਸਟਰੀ ਔਸਤ 36.3% ਦੇ ਅੱਧੇ ਤੋਂ ਵੀ ਘੱਟ ਹੈ। ਔਰਤਾਂ ਦੀ ਆਬਾਦੀ ਵਿੱਚ ਇਹ ਅੰਤਰ ਹੋਰ ਵੀ ਸਪੱਸਟ ਹੈ, ਪੰਜਾਬ ਵਿੱਚ 15 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਔਰਤਾਂ ਵਿੱਚ ਤੰਬਾਕੂ ਦੀ ਵਰਤੋਂ ਸਿਰਫ 0.5% ਦਰਜ ਕੀਤੀ ਗਈ ਹੈ, ਜੋ ਕਿ ਰਾਸਟਰੀ ਔਸਤ 8.4% ਨਾਲੋਂ ਕਾਫ਼ੀ ਜ਼ਿਆਦਾ ਘੱਟ ਹੈ।

ਇਸ ਇਤਿਹਾਸਕ ਪ੍ਰਾਪਤੀ ਦੀ ਸਲਾਘਾ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਹ ਮੀਲ ਪੱਥਰ ਨੌਜਵਾਨਾਂ ਅਤੇ ਬੱਚਿਆਂ ਨੂੰ ਨਸੇ ਦੇ ਖਤਰੇ ਤੋਂ ਬਚਾਉਣ ਲਈ ਰਾਜ ਭਰ ਵਿੱਚ ਨਿਰੰਤਰ, ਬਹੁ-ਪੱਖੀ ਤੰਬਾਕੂ ਕੰਟਰੋਲ ਢਾਂਚੇ, ਸਖ਼ਤ ਕਾਨੂੰਨੀ ਲਾਗੂਕਰਨ ਅਤੇ ਸਰਗਰਮ ਭਾਈਚਾਰਕ-ਸੰਚਾਲਿਤ ਮਾਡਲਾਂ ਦਾ ਪ੍ਰਤੱਖ ਨਤੀਜਾ ਹੈ।



ਡਾ. ਬਲਬੀਰ ਸਿੰਘ ਨੇ ਜੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਨੇ ਵਿਸਵ ਸਿਹਤ ਸੰਗਠਨ (ਡਬਲਿਊਐਚਓ) ਪ੍ਰੋਟੋਕੋਲ ਅਨੁਸਾਰ ਇੱਕ ਸਿਹਤਮੰਦ ਅਤੇ ਨਸਾ-ਮੁਕਤ ਰਾਜ ਸਿਰਜਣ ਦੀ ਆਪਣੀ ਅਟੱਲ ਵਚਨਬੱਧਤਾ ਤਹਿਤ, ਤੰਬਾਕੂ ਉਲੰਘਣਾਵਾਂ ਪ੍ਰਤੀ ਸਖ਼ਤ ਜ਼ੀਰੋ-ਸਹਿਣਸ਼ੀਲਤਾ ਪਹੁੰਚ ਅਪਣਾਈ ਹੈ। ਇਸ ਸੰਕਲਪ ਤਹਿਤ ਪ੍ਰਾਪਤੀ ਲਈ ਵਿੱਤੀ ਸਾਲ 2025-26 ਦੌਰਾਨ ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦ ਐਕਟ (ਸੀਓਟੀਪੀਏ), 2003 ਅਧੀਨ 22,054 ਚਲਾਨ ਜਾਰੀ ਕੀਤੇ ਗਏ ਹਨ।

ਇਸ ਜਨਤਕ ਸਿਹਤ ਸਫਲਤਾ ਨੂੰ ਅੱਗੇ ਵਧਾਉਣ ਵਾਲੀਆਂ ਸਥਾਨਕ ਆਈਈਸੀ (ਸੂਚਨਾ ਸਿੱਖਿਆ ਅਤੇ ਸੰਚਾਰ) ਰਣਨੀਤੀਆਂ ਨੂੰ ਉਜਾਗਰ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਜ਼ਮੀਨੀ ਪੱਧਰ 'ਤੇ ਭਾਈਚਾਰਕ ਭਾਗੀਦਾਰੀ ਨੇ ਤੰਬਾਕੂ ਵਿਰੋਧੀ ਮੁਹਿੰਮ ਨੂੰ ਇੱਕ ਵਿਸ਼ਾਲ ਲੋਕ ਲਹਿਰ ਵਿੱਚ ਬਦਲ ਦਿੱਤਾ ਹੈ, ਜਿਸ ਵਿੱਚ ਪੰਜਾਬ ਭਰ ਦੇ 800 ਤੋਂ ਵੱਧ ਪਿੰਡ ਅਧਿਕਾਰਤ ਤੌਰ 'ਤੇ ਆਪਣੇ ਆਪ ਨੂੰ ਪੂਰੀ ਤਰ੍ਹਾਂ 'ਤੰਬਾਕੂ-ਮੁਕਤ' ਘੋਸ਼ਿਤ ਕਰ ਚੁੱਕੇ ਹਨ ਅਤੇ ਆਪਣੇ ਵਾਤਾਵਰਣ ਦੀ ਸੁਰੱਖਿਆ ਲਈ ਚੌਕਸ ਭਾਈਵਾਲਾਂ ਵਜੋਂ ਕੰਮ ਕਰ ਰਹੇ ਹਨ। ਭਵਿੱਖ ਦੀਆਂ ਪੀੜ੍ਹੀਆਂ ਨੂੰ ਨਿਕੋਟੀਨ ਅਤੇ ਤੰਬਾਕੂ ਦੀ ਲਤ ਦੇ ਸ਼ੁਰੂਆਤੀ ਸੰਪਰਕ ਤੋਂ ਸੁਰੱਖਿਅਤ ਕਰਨ - ਜੋ ਵਿਸਵ ਤੰਬਾਕੂ ਮੁਕਤ ਦਿਵਸ ਮਿਸਨ ਦੀ ਮੁੱਖ ਤਰਜੀਹ ਹੈ- ਅਧੀਨ ਰਾਜ ਨੇ ਆਪਣੇ ਅਕਾਦਮਿਕ ਬੁਨਿਆਦੀ ਢਾਂਚੇ ਵਿੱਚ ਲਗਭਗ ਸਮੁੱਚੀ ਕਵਰੇਜ ਦੇ ਨਾਲ ਰਾਸਟਰੀ ਤੰਬਾਕੂ-ਮੁਕਤ ਵਿਦਿਅਕ ਸੰਸਥਾਵਾਂ (ਟੀਓਈਐਫਆਈ) ਦਿਸਾ-ਨਿਰਦੇਸਾਂ ਅਨੁਸਾਰ ਪੰਜਾਬ ਭਰ ਦੇ 98.6% ਸਕੂਲਾਂ ਨੂੰ 'ਤੰਬਾਕੂ-ਮੁਕਤ' ਐਲਾਨਿਆ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕੀਤੀ ਕਿ ਪੰਜਾਬ ਲਈ ਐਨਐਫਐਚਐਸ-6 ਫੀਲਡਵਰਕ ਦੌਰਾਨ ਇਨ੍ਹਾਂ ਮਜ਼ਬੂਤ ਢਾਂਚਾਗਤ ਦਖਲਾਂ ਨੂੰ ਪੂਰੀ ਤਰ੍ਹਾਂ ਪ੍ਰਮਾਣਿਤ ਕੀਤਾ ਗਿਆ ਹੈ, ਜੋ 1 ਮਾਰਚ, 2024 ਤੋਂ 1 ਅਕਤੂਬਰ, 2024 ਤੱਕ ਕੀਤਾ ਗਿਆ ਸੀ, ਜਿਸ ਵਿੱਚ 19,616 ਘਰਾਂ, 20,135 ਔਰਤਾਂ ਅਤੇ 3,160 ਪੁਰਸਾਂ ਦੀ ਵਿਆਪਕ ਨਮੂਨਾ ਪ੍ਰਕਿਰਿਆ ਸਾਮਲ ਸੀ। ਵਿਸਵ ਪੱਧਰ 'ਤੇ ਰਾਜ ਦੇ ਦ੍ਰਿਸਟੀਕੋਣ ਦੀ ਪੁਸਟੀ ਕਰਦਿਆਂ ਡਾ. ਬਲਬੀਰ ਸਿੰਘ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਇਸ ਸਬੰਧੀ ਆਪਣੀ ਸਥਿਤੀ ਕਾਇਮ ਰੱਖਣ ਤੇ ਇੱਕ ਪੂਰੀ ਤਰ੍ਹਾਂ ਸਿਹਤਮੰਦ, ਜੀਵੰਤ ਤੇ ਤੰਬਾਕੂ-ਮੁਕਤ ਸਮਾਜ ਨੂੰ ਉਤਸਾਹਿਤ ਕਰਨ ਲਈ ਆਪਣੀਆਂ ਲੋਕ ਜਾਗਰੂਕਤਾ ਮੁਹਿੰਮਾਂ ਦਾ ਵਿਆਪਕ ਵਿਸਥਾਰ, ਸਖ਼ਤੀ ਨਾਲ ਵਿਧਾਨਕ ਲਾਗੂਕਰਨ ਤੇ ਭਾਈਚਾਰਕ ਨੈੱਟਵਰਕਾਂ ਨੂੰ ਮਜ਼ਬੂਤ ਕਰਨਾ ਜਾਰੀ ਰੱਖੇਗੀ।

# ਪੰਜਾਬ ਸਰਕਾਰ ਵੱਲੋਂ ਹੜ੍ਹ ਰੋਕੂ ਕਾਰਜਾਂ ਤੇ ਆਫਤ ਪ੍ਰਬੰਧਨ ਲਈ ਅਗਾਊਂ 146 ਕਰੋੜ ਜਾਰੀ

## ਮਾਨ ਸਰਕਾਰ ਸੂਬਾ ਵਾਸੀਆਂ ਦੀ ਜਾਨ-ਮਾਲ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ : ਮੁੰਡੀਆਂ

ਚੰਡੀਗੜ੍ਹ, 31 ਮਈ (ਚ.ਨ.ਸ.): ਪੰਜਾਬ ਦੇ ਮਾਲ, ਮੁੜ ਵਸੇਬਾ ਤੇ ਆਫਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਹੜ੍ਹ ਰੋਕੂ ਕਾਰਜਾਂ ਲਈ ਤੇ ਸੂਬੇ ਭਰ 'ਚ ਕਿਸੇ ਵੀ ਕੁਦਰਤੀ ਆਫਤ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਅਗਾਊਂ 146 ਕਰੋੜ ਰੁਪਏ ਜਾਰੀ ਕੀਤੇ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਆਗਾਮੀ ਮਾਨਸੂਨ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆਂ ਤੇ ਹੜ੍ਹਾਂ ਜਿਹੀ ਕਿਸੇ ਵੀ ਸੰਭਾਵੀ ਆਫਤ ਵਾਲੀ ਸਥਿਤੀ ਨਾਲ ਤੁਰੰਤ ਨਜਿੱਠਣ ਲਈ ਸਰਕਾਰ ਵੱਲੋਂ ਅਗਾਊਂ ਯੋਜਨਾਬੰਦੀ ਕੀਤੀ ਗਈ ਹੈ ਤੇ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਲੋੜੀਂਦੇ ਵਿੱਤੀ ਸਰੋਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ ਤਾਂ ਜੋ ਆਫਤ ਪ੍ਰਬੰਧਨ ਲਈ ਨਜਿੱਠਣ ਦੇ ਨਾਲ-ਨਾਲ ਸੰਭਾਵੀ ਹੜ੍ਹਾਂ ਦੇ ਨੁਕਸਾਨ ਨੂੰ ਸਮਾਂ ਰਹਿੰਦਿਆਂ ਘਟਾਇਆ ਜਾ ਸਕੇ। ਇਸ ਸਬੰਧੀ ਹੋਰ ਵੇਰਵੇ ਦਿੰਦਿਆਂ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਵਿੱਤੀ ਸਾਲ 2026-27 ਲਈ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਨੂੰ 100 ਕਰੋੜ ਦੇ ਫੰਡ ਜਾਰੀ ਕੀਤੇ ਜਾ ਚੁੱਕੇ ਹਨ ਤਾਂ ਜੋ ਜ਼ਿਲ੍ਹਾ ਪ੍ਰਸ਼ਾਸਨ ਕਿਸੇ ਵੀ ਸੰਭਾਵੀ ਕੁਦਰਤੀ ਆਫਤ ਤੋਂ ਪੈਦਾ ਹੋਣ ਵਾਲੀਆਂ ਸਥਿਤੀਆਂ ਨਾਲ ਬਿਨਾਂ ਕਿਸੇ ਦੇਰੀ ਦੇ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠ ਸਕਣ।



ਉਨ੍ਹਾਂ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਕਿਸਤੀਆਂ, ਹੜ੍ਹ ਰੋਕੂ ਸਮੱਗਰੀ ਤੇ ਹੋਰ ਜ਼ਰੂਰੀ ਸਾਜ਼ੋ-ਸਾਮਾਨ ਦੀ ਉਪਲਬਧਤਾ ਯਕੀਨੀ ਬਣਾਉਣ ਵਾਸਤੇ ਵਾਧੂ 46 ਕਰੋੜ ਰੁਪਏ ਵੀ ਜਾਰੀ ਕੀਤੇ ਗਏ ਹਨ। ਇਸ ਤਹਿਤ ਹਰ ਜ਼ਿਲ੍ਹੇ ਨੂੰ 2 ਕਰੋੜ ਰੁਪਏ ਦੀ ਰਾਸ਼ੀ ਮੁਹੱਈਆ ਕਰਵਾਈ ਗਈ ਹੈ ਤਾਂ ਜੋ ਕਿਸੇ ਵੀ ਐਮਰਜੈਂਸੀ ਸਥਿਤੀ ਦੌਰਾਨ ਤੁਰੰਤ ਕਾਰਵਾਈ ਕੀਤੀ ਜਾ ਸਕੇ। ਆਫਤ ਪ੍ਰਬੰਧਨ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਾਰੇ ਜ਼ਿਲ੍ਹਿਆਂ ਦੀ ਤਿਆਰੀ ਦਾ ਨਿਰੰਤਰ ਜਾਇਜ਼ਾ ਲਿਆ ਜਾ ਰਿਹਾ ਹੈ ਤੇ ਸਮੂਹ ਸਬੰਧਤ ਅਧਿਕਾਰੀਆਂ ਨੂੰ ਮਾਨਸੂਨ ਸੀਜ਼ਨ ਤੋਂ ਪਹਿਲਾਂ ਸਾਰੇ ਜ਼ਰੂਰੀ ਪ੍ਰਬੰਧ ਮੁਕੰਮਲ ਕਰਨ ਦੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਮੇਂ ਸਿਰ ਫੰਡ ਜਾਰੀ ਹੋਣ ਨਾਲ ਜ਼ਿਲ੍ਹਾ ਪ੍ਰਸ਼ਾਸਨਾਂ ਦੀ ਆਫਤਾਂ ਨਾਲ ਨਜਿੱਠਣ ਦੀ ਸਮਰੱਥਾ ਹੋਰ ਮਜ਼ਬੂਤ ਹੋਵੇਗੀ। ਹਰਦੀਪ ਸਿੰਘ ਮੁੰਡੀਆਂ ਨੇ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਆਫਤ ਪ੍ਰਬੰਧਨ, ਸੂਬਾ ਵਾਸੀਆਂ ਦੀ ਹਿਫ਼ਾਜ਼ਤ ਤੇ ਬੁਨਿਆਦੀ ਢਾਂਚੇ ਦੀ ਸੁਰੱਖਿਆ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਹੈ ਤੇ ਸੂਬਾ ਵਾਸੀਆਂ ਦੀ ਰਾਖੀ ਲਈ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ।

# ਪੰਜਾਬ 'ਚ ਝੋਨੇ ਦੀ ਲੁਆਈ ਅੱਜ ਤੋਂ

## ਮਾਲਵਾ ਖੇਤਰ ਦੇ 5 ਜ਼ਿਲ੍ਹਿਆਂ 'ਚ 5 ਜੂਨ ਤੋਂ ਝੋਨੇ ਦੀ ਲੁਆਈ ਹੋਵੇਗੀ ਆਰੰਭ

ਚੰਡੀਗੜ੍ਹ, 31 ਮਈ (ਚ.ਨ.ਸ.): ਪੰਜਾਬ ਵਿੱਚ ਭਲਕੇ ਪਹਿਲੀ ਜੂਨ ਤੋਂ ਝੋਨੇ ਦੀ ਲੁਆਈ ਸ਼ੁਰੂ ਹੋਣ ਜਾ ਰਹੀ ਹੈ। ਸੂਬੇ ਵਿੱਚ ਇਹ ਲੁਆਈ ਕੁੱਲ ਤਿੰਨ ਪੜਾਵਾਂ ਵਿੱਚ ਕੀਤੀ ਜਾਵੇਗੀ। ਪਹਿਲੇ ਪੜਾਅ ਵਿੱਚ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਰੂਪਨਗਰ ਤੇ ਮੁਹਾਲੀ ਜ਼ਿਲ੍ਹੇ ਸ਼ਾਮਲ ਹਨ। ਦੂਜੇ ਪੜਾਅ ਤਹਿਤ ਮਾਲਵਾ ਖੇਤਰ ਵਿੱਚ ਇਹ ਲੁਆਈ 5 ਜੂਨ ਤੋਂ ਆਰੰਭ ਹੋਵੇਗੀ, ਜਿਸ ਵਿੱਚ ਬਠਿੰਡਾ, ਫ਼ਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ ਜ਼ਿਲ੍ਹੇ ਸ਼ਾਮਲ ਹਨ। ਇਸੇ ਤਰ੍ਹਾਂ ਪੰਜਾਬ ਸਰਕਾਰ ਵੱਲੋਂ ਜਾਰੀ ਹੁਕਮਾਂ ਅਨੁਸਾਰ, ਤੀਜੇ ਪੜਾਅ ਵਿੱਚ 9 ਜੂਨ ਤੋਂ ਮਾਨਸਾ, ਬਰਨਾਲਾ, ਮੋਗਾ, ਸੰਗਰੂਰ, ਜਲੰਧਰ, ਪਟਿਆਲਾ, ਮਲੇਰਕੋਟਲਾ, ਲੁਧਿਆਣਾ, ਕਪੂਰਥਲਾ ਅਤੇ ਨਵਾਂਸ਼ਹਿਰ ਜ਼ਿਲ੍ਹਿਆਂ ਵਿੱਚ ਝੋਨੇ ਦੀ ਲੁਆਈ ਸ਼ੁਰੂ ਹੋਵੇਗੀ। ਇਸੇ ਦੌਰਾਨ ਝੋਨੇ ਦੀ ਲੁਆਈ ਨੂੰ ਲੈ ਕੇ ਵੱਡੇ ਪੱਧਰ 'ਤੇ ਪਰਵਾਸੀ ਮਜ਼ਦੂਰ ਮਾਨਸਾ ਅਤੇ ਬਠਿੰਡਾ ਦੇ ਰੇਲਵੇ ਸਟੇਸ਼ਨਾਂ 'ਤੇ ਰਾਤ ਨੂੰ ਆਉਣ ਵਾਲੀਆਂ ਰੇਲ ਗੱਡੀਆਂ (ਜਿਵੇਂ ਕਿ ਪੰਜਾਬ ਮੇਲ ਤੇ ਆਭਾ ਐਕਸਪ੍ਰੈਸ) ਰਾਹੀਂ ਪਹੁੰਚਣ ਲੱਗੇ ਹਨ। ਇਨ੍ਹਾਂ ਪਰਵਾਸੀ ਮਜ਼ਦੂਰਾਂ ਨੂੰ ਸਵੇਰੇ ਹੀ ਪਿੰਡਾਂ 'ਚੋਂ ਆਏ ਕਿਸਾਨ ਆਪੋ-ਆਪਣੇ ਸਾਧਨਾਂ ਰਾਹੀਂ ਆਪਣੀਆਂ ਮੋਟਰਾਂ (ਖੇਤਾਂ) 'ਤੇ ਲੈ ਕੇ ਜਾ ਰਹੇ ਹਨ। ਪਰਵਾਸੀ ਮਜ਼ਦੂਰਾਂ ਨੇ ਝੋਨੇ ਦੀ ਲੁਆਈ ਲਈ ਪੂਰੀ ਤਿਆਰੀ ਖਿੱਚ ਲਈ ਹੈ, ਜਦੋਂ ਕਿ ਦੂਜੇ ਪਾਸੇ ਪਿੰਡਾਂ ਦੇ ਸਥਾਨਕ ਮਜ਼ਦੂਰਾਂ ਵੱਲੋਂ ਵੀ ਝੋਨਾ ਲਾਉਣ ਲਈ ਕਿਸਾਨਾਂ ਨਾਲ ਹਰ ਤਰ੍ਹਾਂ ਦੀ ਸਾਂਝੇਦਾਰੀ ਕਾਇਮ ਕੀਤੀ ਹੋਈ ਹੈ।

ਪਿੰਡਾਂ 'ਚੋਂ ਹਾਸਲ ਕੀਤੇ ਵੇਰਵਿਆਂ ਤੋਂ ਪਤਾ ਲੱਗਿਆ ਹੈ ਕਿ ਇਸ ਵਾਰ ਕਿਸਾਨਾਂ ਵਿੱਚ ਝੋਨੇ ਦੀ ਸਿੱਧੀ ਬਿਜਾਈ ਦਾ ਰੁਝਾਨ ਪਹਿਲਾਂ ਨਾਲੋਂ ਕਾਫ਼ੀ ਘਟਿਆ ਹੈ। ਅਜੇ ਵੀ ਅਨੇਕਾਂ ਪਿੰਡਾਂ ਵਿੱਚ ਕਿਸਾਨਾਂ ਵੱਲੋਂ ਸਥਾਨਕ ਪੰਜਾਬੀ ਮਜ਼ਦੂਰਾਂ ਤੇ ਪਰਵਾਸੀ ਮਜ਼ਦੂਰਾਂ ਨਾਲ ਝੋਨੇ ਦੀ ਇਸ ਲੁਆਈ ਲਈ ਲਗਾਤਾਰ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ। ਉਧਰ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੋਰਾ ਸਿੰਘ ਭੈਣੀਬਾਘਾ ਨੇ ਕਿਹਾ ਕਿ ਇਸ ਵਾਰ ਕਿਸਾਨਾਂ ਨੂੰ ਹੱਥੀਂ ਝੋਨਾ ਲਾਉਣ ਵਾਲੀ ਲੇਬਰ ਦੀ ਕੋਈ ਵੱਡੀ ਘਾਟ ਨਹੀਂ ਰੜਕੇਗੀ ਅਤੇ ਆਉਣ ਵਾਲੇ ਦਿਨਾਂ ਵਿੱਚ ਜਦੋਂ ਲੁਆਈ ਦਾ ਜ਼ੋਰ ਪਵੇਗਾ ਤਾਂ ਹੋਰ ਪਰਵਾਸੀ ਮਜ਼ਦੂਰਾਂ ਦੇ ਪਹੁੰਚਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਝੋਨੇ ਲਈ ਕਿਸਾਨਾਂ ਦੀ ਪਨੀਰੀ ਬਿਲਕੁਲ ਤਿਆਰ ਹੈ ਅਤੇ ਪਿਛਲੇ ਦੋ ਦਿਨਾਂ ਤੋਂ ਪੈ ਰਹੀਆਂ ਹਲਕੀਆਂ ਕਣੀਆਂ ਨੇ ਠੰਢਕ ਕਾਰਨ ਪਨੀਰੀ ਨੂੰ ਹੋਰ ਨਿਰੋਈ ਕਰ ਦਿੱਤਾ ਹੈ।

# ਗੈਂਗਸਟਰਾਂ 'ਤੇ ਵਾਰ ਦੇ 131ਵੇਂ ਦਿਨ 433 ਥਾਵਾਂ ਉੱਤੇ ਛਾਪੇਮਾਰੀ ਦੌਰਾਨ 139 ਕਾਬੂ

ਚੰਡੀਗੜ੍ਹ, 31 ਮਈ (ਚ.ਨ.ਸ.): ਸੂਬੇ ਵਿੱਚ ਚੱਲ ਰਹੀ ਫੈਸਲਾਕੁੰਨ ਮੁਹਿੰਮ "ਗੈਂਗਸਟਰਾਂ ਤੇ ਵਾਰ" ਦੇ 131ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਤੇ ਮੈਪ ਕੀਤੇ 433 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ "ਗੈਂਗਸਟਰਾਂ ਤੇ ਵਾਰ" ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ।

131ਵੇਂ ਦਿਨ ਪੁਲਿਸ ਟੀਮਾਂ ਨੇ ਪੰਜ ਹਥਿਆਰਾਂ ਸਮੇਤ 139 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ 32,927 ਹੋ ਗਈਆਂ।

ਇਸ ਤੋਂ ਇਲਾਵਾ 86 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 12 ਵਿਅਕਤੀਆਂ ਨੂੰ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਲੋਕ, ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਗੁਪਤ ਰੂਪ ਵਿੱਚ ਲੋੜੀਂਦੇ ਅਪਰਾਧੀਆਂ ਤੇ ਗੈਂਗਸਟਰਾਂ ਬਾਰੇ ਰਿਪੋਰਟ ਕਰ ਸਕਦੇ ਹਨ ਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ ਵੀ ਦਿੱਤੀ ਜਾ ਸਕਦੀ ਹੈ।

# ਯੁੱਧ ਨਸ਼ਿਆਂ ਵਿਰੁੱਧ ਦੇ 15 ਮਹੀਨਿਆਂ ਦੌਰਾਨ ਨਾਰਕੋ-ਹਵਾਲਾ ਨੈੱਟਵਰਕ ਨੂੰ ਵੱਡਾ ਝਟਕਾ, 750 ਨਸ਼ਾ ਤਸਕਰਾਂ ਦੀਆਂ 300 ਕਰੋੜ ਦੀਆਂ ਸੰਪਤੀ ਜ਼ਬਤ

ਚੰਡੀਗੜ੍ਹ, 31 ਮਈ (ਚ.ਨ.ਸ.): ਨਸ਼ਿਆਂ ਵਿਰੁੱਧ ਚੱਲ ਰਹੀ ਫੈਸਲਾਕੁੰਨ ਜੰਗ "ਯੁੱਧ ਨਸ਼ਿਆਂ ਵਿਰੁੱਧ" ਦੇ 15 ਮਹੀਨੇ ਪੂਰੇ ਹੋ ਗਏ ਹਨ, ਇਸ ਦੌਰਾਨ ਪੰਜਾਬ ਪੁਲਿਸ ਨੇ ਯੋਜਨਾਬੱਧ ਢੰਗ ਨਾਲ ਸੰਗਠਿਤ ਨਸ਼ਿਆਂ ਦੀ ਤਸਕਰੀ ਕਰਨ ਵਾਲੇ ਨੈੱਟਵਰਕਾਂ ਦੇ ਵਿੱਤੀ ਢਾਂਚਿਆਂ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੱਤਾ ਹੈ, ਜਿਸ ਨਾਲ ਸੂਬੇ ਭਰ ਵਿੱਚ ਸਰਗਰਮ ਨਾਰਕੋ-ਹਵਾਲਾ ਸਿੰਡੀਕੇਟਾਂ ਨੂੰ ਵੱਡਾ ਝਟਕਾ ਲੱਗਿਆ ਹੈ ਅਤੇ ਇਸ ਦੇ ਨਤੀਜੇ ਵਜੋਂ ਲਗਭਗ 750 ਨਸ਼ਾ ਤਸਕਰਾਂ ਦੀਆਂ 300 ਕਰੋੜ ਰੁਪਏ ਦੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਰਣਨੀਤਕ ਤੌਰ 'ਤੇ ਜਬਤ ਕਰ ਲਿਆ ਗਿਆ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਡੀਜੀਪੀ ਨੇ ਕਿਹਾ ਕਿ "ਪੰਜਾਬ ਪੁਲਿਸ ਬਲ ਨੇ ਯੋਜਨਾਬੱਧ ਢੰਗ ਨਾਲ ਆਪਣਾ ਧਿਆਨ ਸਥਾਨਕ ਜਬਤੀਆਂ ਦੇ ਨਾਲ-ਨਾਲ ਸਰਹੱਦ ਪਾਰੋਂ ਤਸਕਰੀ ਨੂੰ ਫੰਡ ਦੇਣ ਵਾਲੇ ਤਸਕਰਾਂ ਦੇ ਵਿਆਪਕ ਆਰਥਿਕ ਢਾਂਚੇ ਨੂੰ ਖ਼ਤਮ ਕਰਨ 'ਤੇ ਦਿੱਤਾ ਹੈ।" ਜ਼ਿਕਰਯੋਗ ਹੈ ਕਿ ਇਸ ਨਸ਼ਾ ਵਿਰੋਧੀ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ, ਪੰਜਾਬ ਪੁਲਿਸ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਰੋਜ਼ਾਨਾ ਨਸ਼ਾ ਤਸਕਰਾਂ ਵਿਰੁੱਧ ਇੱਕੋ ਸਮੇਂ ਆਪ੍ਰੇਸ਼ਨ ਚਲਾ ਰਹੀ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ, ਪੰਜਾਬ ਪੁਲਿਸ ਨੇ ਐਨਡੀਪੀਐਸ ਐਕਟ ਤਹਿਤ 46,937 ਐਫਆਈਆਰਜ਼ ਦਰਜ ਕੀਤੀਆਂ ਹਨ ਅਤੇ 65,884 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਇਨਫੋਰਸਮੈਂਟ ਆਪ੍ਰੇਸ਼ਨਾਂ ਦੌਰਾਨ 2950 ਕਿਲੋਗ੍ਰਾਮ ਹੈਰੋਇਨ, 792 ਕਿਲੋਗ੍ਰਾਮ ਅਫੀਮ, 666 ਕੁਇੰਟਲ ਭੁੱਕੀ, 71 ਕਿਲੋਗ੍ਰਾਮ ਚਰਸ, 986 ਕਿਲੋਗ੍ਰਾਮ ਗਾਂਜਾ, 56 ਕਿਲੋਗ੍ਰਾਮ ਆਈਸੀਈ ਅਤੇ 55 ਲੱਖ ਨਸ਼ੀਲੀਆਂ ਗੋਲੀਆਂ ਸਮੇਤ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ। ਡੀਜੀਪੀ ਨੇ ਕਿਹਾ ਕਿ ਇਨ੍ਹਾਂ ਵੱਡੇ ਪੱਧਰ 'ਤੇ ਨਸ਼ੀਲੇ ਪਦਾਰਥਾਂ ਦੀ ਜਬਤੀ ਦੇ ਨਾਲ-ਨਾਲ ਪੁਲਿਸ ਟੀਮਾਂ ਨੇ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਤੋਂ 20 ਕਰੋੜ ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ।

ਉਨ੍ਹਾਂ ਕਿਹਾ ਕਿ ਇਸ ਆਪ੍ਰੇਸ਼ਨ ਦੀ ਵੱਡੀ ਸਫਲਤਾ ਗੁਪਤ ਹਵਾਲਾ ਚੈਨਲਾਂ ਨੂੰ ਹਮਲਾਵਰ ਢੰਗ ਨਾਲ ਨਿਸ਼ਾਨਾ ਬਣਾਉਣਾ ਹੈ, ਜਿਨ੍ਹਾਂ ਜ਼ਰੀਏ ਵੱਡੇ ਮੁਨਾਫੇ ਵਿਦੇਸ਼ੀ ਹੈਂਡਲਰਾਂ ਅਤੇ ਪਾਕਿਸਤਾਨੀ ਸਪਲਾਇਰਾਂ ਨੂੰ ਵਾਪਸ ਭੇਜੇ ਜਾਂਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਹ ਨੈੱਟਵਰਕ ਸ਼ੈੱਲ ਕੰਪਨੀਆਂ, ਵਟਸਐਪ ਅਤੇ ਸਿਗਨਲ ਵਰਗੀਆਂ ਐਨਕ੍ਰਿਪਟਡ ਐਪਲੀਕੇਸ਼ਨਾਂ ਅਤੇ ਵਰਚੁਅਲ ਅੰਤਰਰਾਸ਼ਟਰੀ ਨੰਬਰਾਂ ਰਾਹੀਂ ਕੰਮ ਕਰਦੇ ਹਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਜਾਂਚ ਅਧਿਕਾਰੀਆਂ ਦੀ ਸਹਾਇਤਾ ਲਈ ਹਰੇਕ ਜ਼ਿਲ੍ਹੇ ਵਿੱਚ ਸਮਰਪਿਤ ਵਿੱਤੀ ਜਾਂਚ ਇਕਾਈਆਂ (ਐਫਆਈਯੂ) ਸਥਾਪਤ ਕੀਤੀਆਂ ਹਨ, ਤਾਂ ਜੋ ਮੁਲਜ਼ਮ ਕਿਸੇ ਵੀ ਢੰਗ ਨਾਲ ਬਚ ਕੇ ਨਿਕਲ ਨਾ ਸਕਣ। ਉਨ੍ਹਾਂ ਅੱਗੇ ਦੱਸਿਆ ਕਿ ਇਸ ਢਾਂਚਾਗਤ ਅਪਗ੍ਰੇਡ ਦੇ ਨਤੀਜੇ ਵਜੋਂ 65 ਹਵਾਲਾ ਆਪਰੇਟਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 8.85 ਕਰੋੜ ਰੁਪਏ ਦਾ ਹਵਾਲਾ ਮਨੀ ਬਰਾਮਦ ਕੀਤੀ ਗਈ।

ਉਨ੍ਹਾਂ ਕਿਹਾ ਕਿ ਸਭ ਤੋਂ ਮਹੱਤਵਪੂਰਨ ਆਪ੍ਰੇਸ਼ਨਾਂ ਵਿੱਚੋਂ ਇੱਕ ਵਿੱਚ, ਫਗਵਾੜਾ ਵਿੱਚ ਸਰਮਾ ਫਾਰੇਕਸ ਮਨੀ ਐਕਸਚੇਂਜ ਤੋਂ 5.09 ਕਰੋੜ ਰੁਪਏ ਦੀਆਂ ਜਾਇਦਾਦਾਂ ਨੂੰ ਬਰਾਮਦ ਅਤੇ ਫ੍ਰੀਜ਼ ਕਰਕੇ ਇੱਕ ਵੱਡੇ ਵਿੱਤੀ ਢਾਂਚੇ ਨੂੰ ਨਸ਼ਟ ਕਰਨਾ ਹੈ, ਜਿਸਨੇ ਯੂਏਈ ਚੈਨਲਾਂ ਰਾਹੀਂ ਪਾਕਿਸਤਾਨ-ਅਧਾਰਤ ਹੈਂਡਲਰ ਲਈ ਡਰਾਈਵਰ ਦੀ ਤਨਖਾਹ ਦਾ ਭੁਗਤਾਨ ਕਰਨ ਦੀ ਆੜ ਵਿੱਚ ਮਨੀ ਲਾਂਡਰਿੰਗ ਕੀਤੀ।

ਸਰਹੱਦ ਪਾਰੋਂ ਨੈੱਟਵਰਕ ਦੇ ਇੱਕ ਹੋਰ ਮਹੱਤਵਪੂਰਨ ਹਿੱਸੇ ਬਾਰੇ ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਲੁਧਿਆਣਾ ਵਿੱਚ ਬੀਕਾਨੇਰ ਅਧਾਰਤ ਇੱਕ ਆਪਰੇਟਰ ਤੋਂ 20.55 ਲੱਖ ਰੁਪਏ ਬਰਾਮਦ ਕੀਤੇ ਹਨ, ਜੋ ਪਾਕਿਸਤਾਨ ਤੋਂ ਡਰੱਗ ਕੋਰੀਅਰਾਂ ਨੂੰ ਫੰਡ ਦੇਣ ਲਈ ਪੇਸਗੀ ਭੁਗਤਾਨਾਂ ਦਾ ਪ੍ਰਬੰਧਨ ਕਰਦਾ ਸੀ। ਇਸੇ ਤਰ੍ਹਾਂ ਅੰਮ੍ਰਿਤਸਰ ਵਿੱਚ ਵਿਦੇਸੀ ਨਕਦੀ ਦੇ ਨਾਲ-ਨਾਲ ਭਾਰਤੀ ਮੁਦਰਾ ਵਿੱਚ 1.24 ਕਰੋੜ ਰੁਪਏ ਦੀ ਬਰਾਮਦਗੀ ਨਾਲ ਨਾਰਕੋ-ਹਥਿਆਰਾਂ ਦੇ ਗੱਠਜੋੜ ਦਾ ਪਰਦਾਫਾਸ ਹੋਇਆ।

ਡੀਜੀਪੀ ਨੇ ਦੱਸਿਆ ਕਿ ਇਹ ਬੇਮਿਸਾਲ ਸਫਲਤਾ ਉੱਨਤ ਤਕਨਾਲੋਜੀ ਅਤੇ ਖੁਫੀਆ ਜਾਣਕਾਰੀ ਦੀ ਅਗਵਾਈ ਵਾਲੀ ਪੁਲਿਸਿੰਗ ਦੇ ਭਾਰੀ ਸਮਰਥਨ ਨਾਲ ਮਿਲੀ ਹੈ। ਉਨ੍ਹਾਂ ਅੱਗੇ ਕਿਹਾ, "ਪੰਜਾਬ ਆਰਟੀਫੀਸ਼ੀਅਲ ਇੰਟੈਲੀਜੈਂਸ ਸਿਸਟਮ (ਪੀਏਆਈਐਸ) ਦੇ ਏਕੀਕਰਨ ਨੇ 1.36 ਲੱਖ ਐਨਡੀਪੀਐਸ ਐਫਆਈਆਰਜ਼ ਤੇ 93,000 ਤੋਂ ਵੱਧ ਵੌਇਸ ਸੈਂਪਲਾਂ ਦੇ ਵਿਆਪਕ ਡੇਟਾਬੇਸ ਦਾ ਪ੍ਰਬੰਧਨ ਕਰਕੇ ਜਾਂਚ ਗੁਣਵੱਤਾ ਵਿੱਚ ਕ੍ਰਾਂਤੀ ਲਿਆਂਦੀ ਹੈ।" ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਲਗਭਗ 43,400 ਮਾਮਲਿਆਂ ਦੇ ਅਗਲੇ-ਪਿਛਲੇ ਸਬੰਧਾਂ ਦੇ ਯੋਜਨਾਬੱਧ ਵਿਸਲੇਸਣ ਦੁਆਰਾ ਸਮੁੱਚੀ ਸਪਲਾਈ ਚੇਨ ਦੀ ਪਛਾਣ ਕਰਨ 'ਤੇ ਧਿਆਨ ਕੇਂਦਰਿਤ ਕਰਕੇ, ਪੁਲਿਸ ਨੇ 45,809 ਅਪਰਾਧਿਕ ਨੈੱਟਵਰਕ ਕਨੈਕਸ਼ਨਾਂ ਨੂੰ ਮੈਪ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਇਸ ਵਿੱਚ ਡਿਵਾਈਸ ਫੋਰੈਂਸਿਕ ਨੇ ਮਹੱਤਵਪੂਰਨ ਭੂਮਿਕਾ ਨਿਭਾਈ, ਲੈਪਟਾਪ ਅਤੇ ਜਬਤ ਕੀਤੇ ਗਏ, ਮੋਬਾਈਲ ਫੋਨਾਂ ਤੋਂ ਲੋੜੀਂਦੇ ਤਕਨੀਕੀ ਸਬੂਤ ਮਿਲੇ, ਜਿਨ੍ਹਾਂ ਦੀ ਸਹਾਇਤਾ ਨਾਲ ਕਾਰਟੈਲ ਦੁਆਰਾ ਵਰਤੇ ਗਏ ਵਿਦੇਸੀ ਵਰਚੁਅਲ ਨੰਬਰਾਂ ਅਤੇ ਏਨਕ੍ਰਿਪਟਡ ਸੰਚਾਰ ਦਾ ਪਰਦਾਫਾਸ ਕੀਤਾ ਗਿਆ।

# ਸਰਕਾਰ ਵਿਰੁੱਧ ਸੱਚ ਬੋਲਣ ਦੀ ਸਜ਼ਾ ਭੁਗਤ ਕੇ ਆਇਆ ਹਾਂ : ਪਠਾਣਮਾਜਰਾ



ਪਟਿਆਲਾ, 31 ਮਈ (ਗੁਰਮੁੱਖ ਸਿੰਘ ਰੁਪਾਣਾ): ਲੰਘੇ ਕਲ ਮਾਣਯੋਗ ਹਾਈਕੋਰਟ ਤੋ ਜਮਾਨਤ ਹੋਣ ਤੋ ਬਾਅਦ ਜੇਲ ਤੋਂ ਰਿਹਾਅ ਹੋਣ ਤੋ ਬਾਅਦ ਗੱਲਬਾਤ ਕਰਦਿਆਂ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਆਖਿਆ ਕਿ ਉਨਾ ਨੂੰ ਸੱਚ ਬੋਲਣ ਦੀ ਸਜਾ ਆਪ ਸਰਕਾਰ ਨੇ ਦਿਤੀ ਤੇ ਉਹ ਜੇਲ ਤੋ ਅੱਜ ਸੱਚ ਬੋਲਣ ਦੀ ਸਜਾ ਭੁਗਤ ਕੇ ਆ ਰਹੇ ਹਨ। ਇਸ ਮੌਕੇ ਹਰਮੀਤ ਸਿੰਘ ਪਠਾਣਮਾਜਰਾ ਦੇ ਸੈਕੜੇ ਸਮਰਥਕਾਂ ਨੇ ਉਨਾ ਦਾ ਸਵਾਗਤ ਕੀਤਾ। ਜੇਲ ਤੋ ਰਿਹਾਅ ਹੋਣ ਤੋ ਬਾਅਦ ਉਹ ਸਿਧਾ ਅਮ੍ਰਿਤਸਰ ਵਿਖੇ ਵਾਹਿਗੁਰੂ ਦਾ ਸੁਕਰਾਨਾ ਕਰਨ ਪੁਜੇ ਤੇ ਦੇਰ ਸ਼ਾਮ ਆਪਣੇ ਪਿੰਡ ਪਹੁੰਚ ਗਏ, ਜਿਥੇ ਉਨਾ ਦਾ ਸੈਕੜੇ ਲੋਕਾਂ ਨੇ ਸਵਾਗਤ ਕੀਤਾ। ਹਰਮੀਤ ਸਿੰਘ ਪਠਾਣਮਾਜਰਾ ਨੇ ਆਖਿਆ ਕਿ ਉਨਾ ਤੋ ਪਤਾ ਨਹੀ ਕਿਉ ਆਪ ਸਰਕਾਰ ਡਰਦੀ ਹੈ। ਉਨਾ ਕਿਹਾ ਕਿ ਉਨਾ ਨੇ ਆਪਣੇ ਹਲਕੇ ਦੇ ਲੋਕਾਂ ਦੀ ਅਵਾਜ ਚੁਕੀ। ਸਨੌਰ ਹਲਕਾ ਪਾਣੀ ਦੀ ਵੱਡੀ ਮਾਰ ਹੇਠ ਆਉਦਾ ਹੈ। ਇਸ ਕਾਰਨ ਉਨਾ ਨੇ ਸਿਰਫ ਇਹ ਆਖਿਆ ਸੀ ਕਿ ਹਲਕੇ ਵਿਚੋ ਨਿਕਲਦੀਆਂ ਚਾਰ ਪੰਜ ਨਦੀਆਂ ਨੂੰ ਡੂੰਘਾ ਕਰ ਦਿਉ ਪਰ ਦਿਲੀ ਦੇ ਇਸਾਰੇ 'ਤੇ ਉਨਾ 'ਤੇ ਪਰਚੇ ਤੇ ਪਰਚਾ ਦਰਜ ਕੀਤਾ ਗਿਆ। ਉਨਾ ਆਖਿਆ ਕਿ ਸਾਰੇ ਪਰਚੇ ਜਾਅਲੀ ਉਨਾ ਉਪਰ ਦਰਜ ਕੀਤੇ ਤੇ ਅੱਜ ਮਾਣਯੋਗ ਹਾਈਕੋਰਟ ਨੇ ਉਨਾ ਨੂੰ ਜਮਾਨਤ ਦਿਤੀ ਤੇ ਉਹ ਬਾਹਰ ਆ ਗਏ।

ਪਠਾਣਮਾਜਰਾ ਨੇ ਖਦਸਾ ਪ੍ਰਗਟ ਕੀਤਾ ਕਿ ਸਰਕਾਰ ਹੁਣ ਫਿਰ ਉਨਾ ਉਪਰ ਕੋਈ ਜਾਅਲੀ ਪਰਚਾ ਦਰਜ ਕਰਕੇ ਉਨਾ ਨੂੰ ਅੰਦਰ ਕਰ ਸਕਦੀ ਹੈ ਪਰ ਉਹ ਡਰਨਗੇ ਨਹੀ। ਲੋਕਾਂ ਨੇ 80 ਹਜਾਰ ਵੋਟ ਪਾਕੇ ਉਨਾ ਨੂੰ ਵਿਧਾਇਕ ਬਣਾਇਆ, ਉਹ ਆਪਣੇ ਸਨੌਰ ਦੇ ਲੋਕਾਂ ਨਾਲ ਡਟਕੇ ਖੜਨਗੇ।

ਪਠਾਣਮਾਜਰਾ ਨੇ ਆਖਿਆ ਕਿ ਜੇਲ ਵਿਚ ਉਨਾ ਨਾਲ ਕੈਦੀਆਂ ਵਰਗਾ ਵਿਵਹਾਰ ਕੀਤਾ ਗਿਆ। ਸਿਰਫ ਉਨਾ ਦੇ ਸਪੁਤਰ ਨੂੰ ਮਿਲਣ ਦਿਤਾ ਗਿਆ। ਕਿਸੇ ਵੀ ਦੋਸਤ, ਸੱਜਣ ਮਿਤਰ ਨਹੀ ਨਹੀ ਕਿਮਲਣ ਦਿਤਾ ਗਿਆ। ਉਨਾ ਆਖਿਆ ਕਿ ਹਲਕਾ ਸਨੌਰ ਦੇ ਹਾਲਾਤ ਬਦ ਤੋ ਬਦਤਰ ਹੋ ਚੁਕੇ ਹਨ, ਉਹ ਹਲਕੇ ਦੇ ਲੋਕਾਂ ਦੀ ਲੜਾਈ ਹੁਣ ਮੂਹਰੇ ਹੋਕੇ ਲੜਨਗੇ। ਪਠਾਣਮਾਜਰਾ ਨੇ ਆਖਿਆ ਕਿ ਮੈਨੂੰ ਜੇਲ ਵਿਚ ਭੇਜਣ ਤੋ ਬਾਅਦ ਮੇਰੀ ਬਿਮਾਰ ਪਤਨੀ ਨੂੰ ਤੰਗ ਕੀਤਾ ਗਿਆ। ਮੇਰੇ ਘਰ ਛਾਪਾਮਰੀਆਂ ਕੀਤੀਆਂ ਗਈਆਂ। ਜੇਕਰ ਸਰਕਾਰ ਮੇਰੇ ਤੋ ਕਿਸੇ ਤੋ 10 ਰੁਪਏ ਵੀ ਲੈਣ ਦੇ ਸਾਬਿਤ ਕਰ ਦੇਵੇ ਤਾਂ ਉਹ ਦੇਣਦਾਰ ਹਨ।

### 'ਆਪ' ਸਰਕਾਰ ਧਕੇਸ਼ਾਹੀਆਂ ਬੰਦ ਕਰਕੇ ਜ਼ਮੀਨੀ ਪੱਧਰ ਦੀ ਅਸਲੀਅਤ ਨੂੰ ਪਛਾਣੇ

ਇਸ ਮੌਕੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਆਖਿਆ ਕਿ ਆਪ ਸਰਕਾਰ ਵਿਧਾਇਕਾਂ 'ਤੇ ਧਕੇਸ਼ਾਹੀਆਂ ਬੰਦ ਕਰਕੇ ਅਸਲੀਅਤ ਨੂੰ ਪਛਾਨਣ ਦੀ ਕੋਸ਼ਿਸ਼ ਕਰੇ। ਉਨਾ ਆਖਿਆ ਕਿ ਜੇਕਰ ਕੋਹੀ ਵੀ ਵਿਧਾਇਕ ਸਰਕਾਰ ਖਿਲਾਫ ਸਚ ਬੋਲਣ ਦੀ ਜੁਅਰਤ ਦਿਖਾਉਦਾ ਹੈ ਉਸਨੂੰ ਮੇਰੇ ਵਾਂਗ ਜੇਲ ਭੇਜ ਦਿਤਾ ਜਾਂਦਾ ਹੈ। ਇਸ ਕਾਰਨ ਹੀ ਬਹੁਤ ਸਾਰੇ ਵਿਧਾਇਕ ਚੁਪ ਬੈਠੇ ਹਨ। ਉਨਾ ਆਖਿਆ ਕਿ ਸਰਕਾਰ ਨੂੰ ਵਧੀਕੀਆਂ ਬੰਦ ਕਰਨੀਆਂ ਚਾਹੀਦੀਆਂ ਹਨ।

### ਮੈਂ ਸਨੌਰ ਦੇ ਲੋਕਾਂ ਨਾਲ ਰਾਏ ਕਰਕੇ ਲਵਾਂਗਾ ਅਗਲਾ ਫੈਸਲਾ

ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਤੋ ਜਦੋ ਪੁਛਿਆ ਕਿ ਹੁਣ ਆਪ ਨਾਲ ਤਾਂ ਤੁਹਾਡੀ ਦਾਲ ਨਹੀ ਗਲੇਗੀ ਤਾਂ ਤੁਸੀ ਅਗੇ ਕਿਸ ਪਾਰਟੀ ਵਿਚ ਜਾਵੋਗੇ। ਉਨਾ ਆਖਿਆ ਕਿ ਉਹ ਅੱਜ ਹੀ ਜੇਲ ਵਿਚੋ ਰਿਹਾਅ ਹੋਏ ਹਨ। ਉਹ ਆਪਣੇ ਲੋਕਾਂ ਤੇ ਮਿਤਰਾਂ, ਧੜੇ ਨਾਲ ਗਲਬਾਤ ਕਰਨਗੇ। ਪੂਰੀ ਤਰ੍ਹਾ ਸਲਾਹ ਕਰਕੇ ਹੀ ਅਗਲਾ ਫੈਸਲਾ ਲਿਆ ਜਾਵੇਗਾ ਪਰ ਇਹ ਗਲ ਪੂਰੀ ਤਰ੍ਹਾਂ ਸਾਫ ਕਿ ਉਹ ਕਿਸੇ ਵੀ ਪਾਰਟੀ ਵਲੋ ਚੋਣ ਲੜਨ ਪਰ ਵਿਧਾਨ ਸਭਾ ਚੋਣ ਹਰ ਹਾਲਤ ਵਿਚ ਲੜੇਗੀ ਤੇ ਸਨੌਰ ਦੇ ਲੋਕਾਂ ਦੇ ਪਿਆਰ ਸਦਕਾ ਜਿਤੀ ਜਾਵੇਗੀ।

# ਭਾਈ ਲਾਲੋ ਜੀ ਦਾ ਜਨਮ ਦਿਹਾੜਾ ਸ਼ਾਨੋ-ਸ਼ੌਕਤ ਨਾਲ ਮਨਾਉਣ ਲਈ ਦਿੱਲੀ ਕਮੇਟੀ ਦੇਵੇਗੀ ਪੂਰਾ ਸਹਿਯੋਗ : ਕਾਲਕਾ



ਨਵੀਂ ਦਿੱਲੀ, 31 ਮਈ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਆਲ ਇੰਡੀਆ ਰਾਮਗੜ੍ਹੀਆ ਵਿਸ਼ਵਕਰਮਾ ਫੈਡਰੇਸ਼ਨ (ਰਜਿ.) ਦੇ ਪ੍ਰਧਾਨ ਸੁਖਦੇਵ ਸਿੰਘ ਰਿਆਤ ਦੀ ਅਗਵਾਈ ਵਿੱਚ ਵਫ਼ਦ ਨਾਲ ਮੁਲਾਕਾਤ ਦੌਰਾਨ ਵਿਸ਼ਵਾਸ ਦਿਵਾਇਆ ਕਿ ਸਿੱਖਾਂ ਦੇ ਪਹਿਲੇ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਿਰਤੀ ਸਿੱਖ ਭਾਈ ਲਾਲੋ ਜੀ ਦਾ ਜਨਮ ਦਿਹਾੜਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਕਾਲਕਾ ਨੇ ਕਿਹਾ ਕਿ ਭਾਈ ਲਾਲੋ ਜੀ ਸੱਚੀ ਕਿਰਤ, ਇਮਾਨਦਾਰੀ, ਨਿਮਰਤਾ ਤੇ ਸੇਵਾ ਭਾਵਨਾ ਦੇ ਜੀਵੰਤ ਪ੍ਰਤੀਕ ਹਨ। ਉਨ੍ਹਾਂ ਦਾ ਜੀਵਨ ਸਮਾਜ ਨੂੰ ਮਿਹਨਤ ਦੀ ਕਮਾਈ, ਸਾਦਗੀ ਅਤੇ ਉੱਚੇ ਮਨੁੱਖੀ ਮੁੱਲਾਂ ਦਾ ਸੰਦੇਸ਼ ਦਿੰਦਾ ਹੈ। ਅਜਿਹੀਆਂ ਮਹਾਨ ਸ਼ਖ਼ਸੀਅਤਾਂ ਦੀ ਯਾਦ ਨੂੰ ਸੰਭਾਲਣਾ ਅਤੇ ਨਵੀਂ ਪੀੜ੍ਹੀ ਤੱਕ ਉਨ੍ਹਾਂ ਦੇ ਆਦਰਸ਼ਾਂ ਨੂੰ ਪਹੁੰਚਾਉਣਾ ਸਮੇਂ ਦੀ ਮਹੱਤਵਪੂਰਨ ਲੋੜ ਹੈ।

ਵਫ਼ਦ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕੀਤੀ ਕਿ ਭਾਈ ਲਾਲੋ ਜੀ ਦੇ ਜਨਮ ਦਿਹਾੜੇ ਨੂੰ ਯਾਦਗਾਰੀ ਤੇ ਇਤਿਹਾਸਕ ਢੰਗ ਨਾਲ ਮਨਾਉਣ ਲਈ ਆਪਣਾ ਸਹਿਯੋਗ ਪ੍ਰਦਾਨ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਸੰਗਤਾਂ ਨੂੰ ਆਪਣੇ ਸ਼ਾਨਦਾਰ ਇਤਿਹਾਸ ਨਾਲ ਜੋੜਨ ਦੇ ਨਾਲ-ਨਾਲ ਨੌਜਵਾਨਾਂ ਵਿੱਚ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੇ ਕਿਰਤ ਕਰਨ ਦੀ ਮਹਾਨ ਪ੍ਰੰਪਰਾ ਪ੍ਰਤੀ ਜਾਗਰੂਕਤਾ ਪੈਦਾ ਕਰਨ ਵਿੱਚ ਵੀ ਵਡਮੁੱਲਾ ਯੋਗਦਾਨ ਪਾਉਂਦੀਆਂ ਹਨ।

# ਪਿੰਡ ਦਦਹੇੜਾ ਦੀ ਪੰਚਾਇਤ ਵੱਲੋਂ ਪੰਜਾਬ ਮੰਡੀ ਬੋਰਡ ਨੂੰ 18 ਕਿਲੇ ਜ਼ਮੀਨ ਮੰਡੀ ਬਣਾਉਣ ਲਈ ਦਾਨ ਦੇਣ 'ਤੇ ਬਰਸਟ ਵੱਲੋਂ ਸਨਮਾਨ

ਚੰਡੀਗੜ੍ਹ, 31 ਮਈ (ਚ.ਨ.ਸ.): ਪਿੰਡ ਦਦਹੇੜਾ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਹਰਚੰਦ ਸਿੰਘ ਬਰਸਟ, ਚੇਅਰਮੈਨ ਪੰਜਾਬ ਮੰਡੀ ਬੋਰਡ (ਸੂਬਾ ਜਰਨਲ ਸਕੱਤਰ ਆਮ ਆਦਮੀ ਪਾਰਟੀ ਪੰਜਾਬ) ਵੱਲੋਂ ਪਿੰਡ ਦਦਹੇੜਾਂ ਵਾਸੀਆਂ ਅਤੇ ਪੰਚਾਇਤ ਵੱਲੋ 18 ਕਿੱਲੇ ਜਮੀਨ ਪੰਜਾਬ ਮੰਡੀ ਬੋਰਡ ਨੂੰ ਮੰਡੀ ਬਣਾਉਣ ਲਈ ਦਾਨ ਕੀਤੇ ਜਾਣ ਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਅਤੇ ਸਰਪੰਚ ਤੇ ਪੰਚਾਇਤ ਨੂੰ ਸਨਮਾਨਿਤ ਕੀਤਾ ਗਿਆ।

ਇਸ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸ. ਹਰਚੰਦ ਸਿੰਘ ਬਰਸਟ ਨੇ ਇਲਾਕਾ ਨਿਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਮੰਡੀ ਇਸ ਖੇਤਰ ਦੇ ਆਰਥਿਕ ਵਿਕਾਸ ਵਿੱਚ ਮੀਲ ਪੱਥਰ ਸਾਬਤ ਹੋਵੇਗੀ। ਇਸ ਮੰਡੀ ਦੇ ਬਣਨ ਨਾਲ ਇਲਾਕੇ ਵਿੱਚ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਜਿਸ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਚੰਗਾ ਮੁੱਲ ਮਿਲੇਗਾ। ਉਨ੍ਹਾਂ ਕਿਹਾ ਕਿ ਇਹ ਮੰਡੀ ਪਟਿਆਲਾ ਤੋਂ ਨਾਭਾ ਮੇਨ ਰੋਡ ਤੇ ਸਥਿਤ ਹੈ, ਜਿਸ ਨਾਲ ਲਿਫਟਿੰਗ ਦੇ ਵਿੱਚ ਕੋਈ ਮੁਸ਼ਕਿਲ ਨਹੀਂ ਆਵੇਗੀ, ਸ਼ਹਿਰ ਦੇ ਨਜਦੀਕ ਹੋਣ ਕਾਰਨ ਪਟਿਆਲਾ ਮੰਡੀ ਦੇ ਵੱਧ ਰਹੇ ਬੋਝ ਨੂੰ ਘੱਟ ਕਰੇਗੀ ਅਤੇ ਕਿਸਾਨਾਂ ਨੂੰ ਆਪਣੀ ਫ਼ਸਲ ਨੇੜੇ ਅਤੇ ਆਸਾਨੀ ਨਾਲ ਵੇਚਣ ਵਿੱਚ ਸਹਾਈ ਸਿੱਧ ਹੋਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਦਾ ਚਹੁੰਪੱਖੀ ਵਿਕਾਸ ਕੀਤਾ ਜਾ ਰਿਹਾ ਹੈ। ਆਪ ਸਰਕਾਰ ਵੱਲੋਂ ਚਾਰ ਸਾਲਾਂ ਦੌਰਾਨ ਸਾਰਿਆਂ ਗਰੰਟੀਆਂ ਪੂਰੀਆਂ ਕੀਤੀ ਗਈਆਂ ਹਨ, ਜਿਸ ਤੋਂ ਲੋਕ ਸੰਤੁਸ਼ਟ ਹਨ।




ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਇਕ ਪਾਸੇ ਜਿੱਥੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਉੱਥੇ ਹੀ ਬਿਨਾਂ ਕਿਸੇ ਰਿਸ਼ਵਤ ਜਾਂ ਸਿਫਾਰਿਸ਼ ਤੋਂ 65 ਹਜਾਰ ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾ ਪ੍ਰਦਾਨ ਕਰਨ ਲਈ ਜਿੱਥੇ ਆਮ ਆਦਮੀ ਕਲੀਨਿਕ ਬਣਾਏ ਗਏ ਹਨ, ਉੱਥੇ ਹੀ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸਾਲਾਨਾ 10 ਲੱਖ ਰੁਪਏ ਤੱਕ ਦੇ ਮੁੱਫ਼ਤ ਅਤੇ ਕੈਸ਼ਲੈਸ ਇਲਾਜ ਦੀ ਸਹੂਲਤ ਹੈ।

ਲੋਕਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਖੇਤਾਂ ਨੂੰ ਨਹਿਰਾਂ ਦਾ ਪਾਣੀ ਦਿੱਤਾ ਜਾ ਰਿਹਾ ਹੈ। ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ। ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਰਾਜ ਭਰ ਵਿੱਚ ਖੇਡ ਮੈਦਾਨ ਬਣਾਏ ਜਾ ਰਹੇ ਹਨ। ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ ਮਹਿਲਾਵਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਅਤੇ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਸਬੰਧਤ ਮਹਿਲਾਵਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਪ੍ਰਾਪਤ ਹੋਣਗੇ। ਇਸ ਤੋਂ ਇਲਾਵਾ ਮਹਿਲਾਵਾਂ ਨੂੰ ਮੁਫ਼ਤ ਬਸ ਸਫ਼ਰ ਦੀ ਸਹੂਲਤ ਵੀ ਦਿੱਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਨੂੰ ਰੰਗਲਾ ਅਤੇ ਖੁਸ਼ਹਾਲ ਪੰਜਾਬ ਬਣਾਉਣ ਲਈ ਸੂਬਾ ਸਰਕਾਰ ਵੱਲੋਂ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ। ਸਰਕਾਰ ਦੀਆਂ ਨੀਤੀਆਂ, ਪ੍ਰਸ਼ਾਸਨਿਕ ਸੁਧਾਰਾਂ ਤੋਂ ਲੈ ਕੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣਾ ਅਤੇ ਹਰ ਵਰਗ ਦੀ ਭਲਾਈ ਵਾਸਤੇ ਲਏ ਗਏ ਫੈਸਲਿਆਂ ਤੋਂ ਆਮ ਲੋਕ ਬਹੁਤ ਖੁਸ਼ ਹਨ।

ਇਸ ਮੌਕੇ ਗੁਰਜੀਤ ਸਿੰਘ ਸਰਪੰਚ ਦਦਹੇੜਾਂ, ਤੋਤੀ ਜੀ, ਗੁਰਪ੍ਰੀਤ ਸਿੰਘ, ਗੋਬਿੰਦ ਸਿੰਘ, ਗਿਆਨ ਦਾਸ, ਗੁਰਬਖਸ ਸਿੰਘ, ਸੁਸੀਲਾਂ ਰਾਣੀ, ਹਨੀ ਮਾਹਲਾ ਚੇਅਰਮੈਨ ਮਾਰਕਿਟ ਕਮੇਟੀ ਡਕਾਲਾ, ਸ਼ਾਮ ਲਾਲ, ਅਸਲਮ ਮੁਹੰਮਦ ਜਿਲ੍ਹਾ ਮੰਡੀ ਅਫ਼ਸਰ, ਅੰਮ੍ਰਿਤਪਾਲ ਸਿੰਘ ਕਾਰਜਕਾਰੀ ਇੰਜੀਨੀਅਰ, ਰਾਮ ਸਿੰਘ ਸਰਪੰਚ ਫਤਿਹਪੁਰ, ਤਰਲੋਚਨ ਸਿੰਘ ਸਰਪੰਚ ਰੱਖੜਾ, ਰਾਠੀ ਜੀ ਗੱਜੂਮਾਜਰਾਂ, ਰਾਜਿੰਦਰ ਸਿੰਘ ਸਰਪੰਚ ਸਾਹਿਬਪੁਰਾ, ਗੁਰਪ੍ਰੀਤ ਸਿੰਘ ਸਰਪੰਚ ਆਸੇਮਾਜਰਾਂ, ਸਨਦੀਪ ਵਾਲਮਿਕੀ ਜੀ ਆਸੇਮਾਜਰਾਂ , ਨਰਿੰਦਰ ਸਿੰਘ ਬਰਸਟ, ਭੁਪਿੰਦਰ ਸਿੰਘ ਸਰਪੰਚ ਖੇੜੀ ਗੋੜੀਆਂ, ਅਕਾਸ਼ਦੀਪ ਸਿੰਘ ਸਰਪੰਚ ਬਨੇਰਾ, ਬਹਾਦਰ ਸਿੰਘ ਸਰਪੰਚ ਦੁਘਾਟ, ਅਮਰੀਕ ਸਿੰਘ ਸਰਪੰਚ ਕਕਰਾਲਾ, ਮਲਕੀਤ ਸਿੰਘ ਸਰਪੰਚ ਸੇਰਮਾਜਰਾ, ਨਵਦੀਪ ਸਿੰਘ ਸੇਰਮਾਜਰਾ, ਯਾਦਵਿੰਦਰ ਸਿੰਘ ਸਰਪੰਚ ਪਸਿਅਣਾ, ਪ੍ਰਗਟ ਸਿੰਘ ਸਰਪੰਚ ਢਕੜੱਬਾ, ਗੁਲਜਾਰ ਸਿੰਘ ਦੁਘਾਟ, ਗੁਰਜੀਤ ਸਿੰਘ ਇੰਦਰਪੁਰਾ, ਧਰਮਿੰਦਰ ਸਿੰਘ, ਗਿੰਨੀ ਤਰੋੜਾਂ ਸਮੇਤ ਸਮੂਹ ਇਲਾਕਾ ਨਿਵਾਸੀ ਮੌਜੂਦ ਰਹੇ।

## ਸੰਪਾਦਕੀ

# ਵਿਕਾਸ ਦੀ ਰਫ਼ਤਾਰ ਅਤੇ ਵਾਤਾਵਰਨ ਦੀ ਪੁਕਾਰ

ਅੱਜ ਭਾਰਤ ਵਿਸ਼ਵ ਪੱਧਰ 'ਤੇ ਸਭ ਤੋਂ ਤੇਜ਼ੀ ਨਾਲ ਉੱਭਰ ਰਹੀ ਆਰਥਿਕਤਾ ਵਜੋਂ ਆਪਣੀ ਪਛਾਣ ਮਜ਼ਬੂਤ ਕਰ ਰਿਹਾ ਹੈ। ਦੇਸ਼ ਦੇ ਕੋਨੇ-ਕੋਨੇ ਵਿੱਚ ਵਿਛ ਰਿਹਾ ਐਕਸਪ੍ਰੈਸ-ਵੇਅਜ਼ ਦਾ ਜਾਲ, ਹਾਈ-ਸਪੀਡ ਰੇਲ ਲਾਂਘੇ, ਆਧੁਨਿਕ ਹਵਾਈ ਅੱਡੇ ਅਤੇ ਸ਼ਹਿਰੀਕਰਨ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਬੁਨਿਆਦੀ ਢਾਂਚੇ ਦੇ ਮਾਮਲੇ ਵਿੱਚ ਦੇਸ਼ ਇੱਕ ਵੱਡੀ ਤਬਦੀਲੀ ਵੱਲ ਵਧ ਰਿਹਾ ਹੈ। ਪਰ ਇਸ ਸੁਨਹਿਰੀ ਤਰੱਕੀ ਦੇ ਪਿੱਛੇ ਇੱਕ ਕੌੜੀ ਹਕੀਕਤ ਵੀ ਛੁਪੀ ਹੋਈ ਹੈ, ਜਿਸ ਵੱਲੋਂ ਅੱਖਾਂ ਮੀਟਣਾ ਆਉਣ ਵਾਲੀਆਂ ਪੀੜ੍ਹੀਆਂ ਲਈ ਘਾਤਕ ਸਿੱਧ ਹੋ ਸਕਦਾ ਹੈ। ਉਹ ਹਕੀਕਤ ਹੈ ਸਾਡੇ ਵਾਤਾਵਰਨ ਦਾ ਲਗਾਤਾਰ ਹੋ ਰਿਹਾ ਉਜਾੜਾ। ਮੌਜੂਦਾ ਸਮੇਂ ਭਾਰਤ ਦੇ ਕਈ ਹਿੱਸੇ ਬੇਮੌਸਮੀ ਬਾਰਸ਼, ਅਸਾਧਾਰਨ ਗਰਮੀ ਦੀ ਲਹਿਰ ਅਤੇ ਗਲੇਸ਼ੀਅਰਾਂ ਦੇ ਪਿਘਲਣ ਵਰਗੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ। ਜਲਵਾਯੂ ਪਰਿਵਰਤਨ ਹੁਣ ਸਿਰਫ਼ ਕਿਤਾਬੀ ਗੱਲ ਨਹੀਂ ਰਹੀ, ਬਲਕਿ ਸਾਡੀ ਰੋਜ਼ਾਨਾ ਜ਼ਿੰਦਗੀ ਨੂੰ ਪ੍ਰਭਾਵਿਤ ਕਰ ਰਿਹਾ ਹੈ। ਵੱਡੇ-ਵੱਡੇ ਵਿਕਾਸ ਪ੍ਰੋਜੈਕਟਾਂ ਲਈ ਲੱਖਾਂ ਰੁੱਖਾਂ ਦੀ ਕਟਾਈ, ਪਹਾੜਾਂ ਨੂੰ ਚੀਰਨਾ ਅਤੇ ਕੁਦਰਤੀ ਜਲ-ਸਰੋਤਾਂ ਦਾ ਖ਼ਾਤਮਾ ਦੇਸ਼ ਦੇ ਵਾਤਾਵਰਨ ਸੰਤੁਲਨ ਨੂੰ ਵਿਗਾੜ ਰਿਹਾ ਹੈ। ਪੰਜਾਬ ਵਰਗੇ ਖੇਤੀਬਾੜੀ ਪ੍ਰਧਾਨ ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦਾ ਡਿੱਗਦਾ ਪੱਧਰ ਅਤੇ ਉਦਯੋਗਿਕ ਪ੍ਰਦੂਸ਼ਣ ਚਿੰਤਾ ਦਾ ਸਭ ਤੋਂ ਵੱਡਾ ਵਿਸ਼ਾ ਬਣ ਚੁੱਕੇ ਹਨ।

ਸਵਾਲ ਇਹ ਨਹੀਂ ਹੈ ਕਿ ਦੇਸ਼ ਨੂੰ ਬੁਨਿਆਦੀ ਢਾਂਚੇ ਦੀ ਲੋੜ ਹੈ ਜਾਂ ਨਹੀਂ; ਸਵਾਲ ਇਹ ਹੈ ਕਿ ਇਹ ਵਿਕਾਸ ਕਿਸ ਕੀਮਤ 'ਤੇ ਹੋ ਰਿਹਾ ਹੈ? ਜੇਕਰ ਸਾਡੀਆਂ ਨਦੀਆਂ ਪ੍ਰਦੂਸ਼ਿਤ ਰਹਿਣਗੀਆਂ, ਸਾਹ ਲੈਣ ਲਈ ਹਵਾ ਜ਼ਹਿਰੀਲੀ ਹੋਵੇਗੀ ਅਤੇ ਮੌਸਮ ਦਾ ਮਿਜਾਜ਼ ਅਣਪਛਾਤਾ ਹੋ ਜਾਵੇਗਾ, ਤਾਂ ਕਰੋੜਾਂ-ਅਰਬਾਂ ਰੁਪਏ ਦੀ ਲਾਗਤ ਨਾਲ ਬਣੇ ਹਾਈਵੇਅ ਅਤੇ ਕੰਕਰੀਟ ਦੇ ਜੰਗਲ ਕਿਸ ਕੰਮ ਆਉਣਗੇ? ਸਮੇਂ ਦੀ ਮੰਗ ਹੈ ਕਿ ਭਾਰਤ ਟਿਕਾਊ ਵਿਕਾਸ ਦੇ ਮਾਡਲ ਨੂੰ ਪੂਰੀ ਸਖ਼ਤੀ ਨਾਲ ਲਾਗੂ ਕਰੇ। ਇਸ ਦੇ ਤਹਿਤ ਹਰ ਵੱਡੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟ ਦੀ ਯੋਜਨਾ ਬਣਾਉਂਦੇ ਸਮੇਂ ਵਾਤਾਵਰਨ ਪ੍ਰਭਾਵ ਮੁਲਾਂਕਣਨੂੰ ਸਿਰਫ਼ ਇੱਕ ਕਾਗਜ਼ੀ ਕਾਰਵਾਈ ਨਾ ਮੰਨ ਕੇ, ਪਾਰਦਰਸ਼ੀ ਤਰੀਕੇ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਸੜਕਾਂ ਬਣਾਉਣ ਦੇ ਨਾਲ-ਨਾਲ ਉਨ੍ਹਾਂ ਦੇ ਆਲੇ-ਦੁਆਲੇ ਸੰਘਣੇ ਜੰਗਲ ਵਿਕਸਿਤ ਕਰਨਾ ਅਤੇ ਨਵਿਆਉਣਯੋਗ ਊਰਜਾ ਅਤੇ ਪਵਨ ਊਰਜਾ 'ਤੇ ਨਿਰਭਰਤਾ ਵਧਾਉਣਾ ਲਾਜ਼ਮੀ ਹੈ।

ਵਿਕਾਸ ਅਤੇ ਵਾਤਾਵਰਨ ਇੱਕ ਦੂਜੇ ਦੇ ਵਿਰੋਧੀ ਨਹੀਂ, ਬਲਕਿ ਪੂਰਕ ਹੋਣੇ ਚਾਹੀਦੇ ਹਨ। ਸਰਕਾਰਾਂ, ਉਦਯੋਗਪਤੀਆਂ ਅਤੇ ਆਮ ਨਾਗਰਿਕਾਂ ਨੂੰ ਇਹ ਸਮਝਣਾ ਹੋਵੇਗਾ ਕਿ ਅਸਲ ਤਰੱਕੀ ਉਹ ਨਹੀਂ ਜੋ ਕੁਦਰਤ ਨੂੰ ਤਬਾਹ ਕਰਕੇ ਹਾਸਲ ਕੀਤੀ ਜਾਵੇ, ਬਲਕਿ ਉਹ ਹੈ ਜੋ ਕੁਦਰਤ ਦੇ ਨਾਲ ਇਕਸੁਰ ਹੋ ਕੇ ਚੱਲੇ। ਜੇਕਰ ਅਸੀਂ ਅੱਜ ਆਪਣੀਆਂ ਨੀਤੀਆਂ ਵਿੱਚ ਬਦਲਾਅ ਨਾ ਕੀਤਾ, ਤਾਂ ਕੱਲ੍ਹ ਨੂੰ ਬੁਨਿਆਦੀ ਢਾਂਚਾ ਤਾਂ ਹੋਵੇਗਾ, ਪਰ ਉਸ ਨੂੰ ਮਾਣਨ ਲਈ ਇੱਕ ਸਿਹਤਮੰਦ ਮਨੁੱਖੀ ਜੀਵਨ ਨਹੀਂ ਬਚੇਗਾ।

-ਜਗਜੀਤ ਸਿੰਘ ਦਰਦੀ

## ਬਦਲਦੇ ਭਾਰਤ ਵਿੱਚ ਇਹ ਕਿਹੋ ਜਿਹੀ ਤਸਵੀਰ ਹੈ ਪੰਜਾਬ ਦੀ

# ਕੀ ਪੰਜਾਬ ਧਰਨੇ, ਅੰਦੋਲਨ ਤੇ ਵਿਰੋਧ ਦੀ ਰਾਜਨੀਤੀ ਦੇ ਮੈਦਾਨ ਵਜੋਂ ਜਾਣਿਆ ਜਾਵੇਗਾ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪਿਛਲੇ ਇੱਕ ਦਹਾਕੇ ਵਿੱਚ ਪੰਜਾਬ ਧਰਨਿਆਂ, ਪ੍ਰਦਰਸ਼ਨਾਂ, ਰੇਲ ਰੋਕੋ ਅਤੇ ਸੜਕ ਰੋਕੋ ਦੀ ਧਰਤੀ ਬਣ ਚੁੱਕਾ ਹੈ। ਅੱਜ ਕਿਸਾਨ ਅੰਦੋਲਨਾਂ ਤੋਂ ਲੈ ਕੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਦੇ ਰੋਸ ਪ੍ਰਦਰਸ਼ਨ ਤੱਕ, ਮੋਹਾਲੀ-ਚੰਡੀਗੜ੍ਹ ਬਾਰਡਰਾਂ 'ਤੇ ਲੱਗਦੇ ਲੰਮੇ ਧਰਨੇ ਇੱਕ ਆਮ ਲੋਕ-ਪ੍ਰਸ਼ਾਸਨੀ ਤਸਵੀਰ ਬਣ ਚੁੱਕੇ ਹਨ।

ਭਾਰਤੀ ਸੰਵਿਧਾਨ ਲੋਕਾਂ ਨੂੰ ਸ਼ਾਂਤਮਈ ਪ੍ਰਦਰਸ਼ਨ ਦਾ ਅਧਿਕਾਰ ਦਿੰਦਾ ਹੈ ਅਤੇ ਲੋਕ ਕਲਿਆਣ ਲਈ ਸਰਕਾਰਾਂ ਦੀ ਜ਼ਿੰਮੇਵਾਰੀ ਤਹਿ ਕਰਦਾ ਹੈ ਪਰ ਜਦੋਂ ਇਹ ਪ੍ਰਦਰਸ਼ਨ ਲਗਾਤਾਰ ਅਣਮਿੱਥੇ ਸਮੇਂ ਲਈ ਅਤੇ ਆਰਥਿਕ ਗਤੀਵਿਧੀਆਂ ਨੂੰ ਪੂਰੀ ਤਰ੍ਹਾਂ ਠੱਪ ਕਰ ਦੇਣ ਵਾਲੇ ਬਣ ਜਾਂਦੇ ਹਨ ਤਾਂ ਇਹ ਪ੍ਰਸ਼ਾਸਨੀ ਅਸਫਲਤਾ ਅਤੇ ਰਾਜਨੀਤਿਕ ਲਾਭ-ਹਾਨੀ ਦਾ ਪ੍ਰਤੀਕ ਬਣ ਜਾਂਦਾ ਹੈ।

ਅੱਜ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ, ਇਸ ਰਵਾਇਤ ਨੇ ਪੰਜਾਬ ਨੂੰ ਭਾਰੀ ਕੀਮਤ ਚੁਕਾਈ ਹੈ। ਅੱਜ ਅੰਕੜਿਆਂ ਅਤੇ ਵਿਸ਼ਲੇਸ਼ਣ ਰਾਹੀਂ ਇਸ ਦੇ ਆਰਥਿਕ, ਸਮਾਜਿਕ ਅਤੇ ਮਨੋਵਿਗਿਆਨਕ ਪ੍ਰਭਾਵਾਂ 'ਤੇ ਚਰਚਾ ਕਰਦਿਆਂ ਅਸੀਂ ਵੇਖ ਸਕਦੇ ਹਾਂ ਕਿ ਅੱਜ ਟੋਲ ਪਲਾਜ਼ਾ ਬੰਦੀਆਂ, ਰੇਲ ਰੋਕੋ ਅਤੇ ਰੋਜ਼ਾਨਾ ਜੀਵਨ ਵਿਘੜਨ ਵਾਲੀਆਂ ਦਿੱਕਤਾਂ ਤੋਂ ਲੈ ਕੇ ਪੂਰੀ ਦੁਨੀਆ ਵਿੱਚ ਉਡਦੇ ਪੰਜਾਬ ਦੀ ਬਦਲਦੀ ਤਸਵੀਰ ਤੱਕ। ਇਸ ਧਰਨਿਆਂ ਦੇ ਦੌਰ ਵਿੱਚ ਪੰਜਾਬ ਦਾ ਨਵਾਂ ਚਿਹਰਾ ਕੀ ਬਣ ਰਿਹਾ ਹੈ ਅਤੇ ਥੱਕੀਆਂ ਰਾਜਨੀਤਿਕ ਪਾਰਟੀਆਂ ਇਸ ਨਾਲ ਕਿਵੇਂ ਨਜਿੱਠਣਗੀਆਂ।

ਅੱਜ ਆਰਥਿਕ ਨੁਕਸਾਨ ਹੋ ਰਿਹਾ ਹੈ ਅਤੇ ਉਦਯੋਗਾਂ ਦੀ ਉਡਾਣ ਅਤੇ ਵਿਕਾਸ ਦੀ ਰੁਕਾਵਟ ਧਰਨਿਆਂ ਅਤੇ ਰੇਲ ਰੋਕੋ ਅੰਦੋਲਨਾਂ ਨੇ ਪੰਜਾਬ ਦੀ ਆਰਥਿਕਤਾ ਨੂੰ ਗੰਭੀਰ ਤੌਰ 'ਤੇ ਪ੍ਰਭਾਵਿਤ ਕੀਤਾ ਹੈ। 2024 ਵਿੱਚ ਚੱਲ ਰਹੇ ਕਿਸਾਨ ਅੰਦੋਲਨਾਂ ਕਾਰਨ ਪੰਜਾਬ, ਹਰਿਆਣਾ ਅਤੇ ਦਿੱਲੀ ਬਾਰਡਰ ਇਲਾਕਿਆਂ ਵਿੱਚ ਰੋਜ਼ਾਨਾ ਲਗਭਗ 500 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਸੀ। ਰੇਲ ਰੋਕੋ ਅਤੇ ਸੜਕ ਰੋਕੋ ਨਾਲ ਸਪਲਾਈ ਚੇਨ ਟੁੱਟੀ, ਉਤਪਾਦਨ ਰੁੱਕਿਆ ਅਤੇ ਟ੍ਰਾਂਸਪੋਰਟ ਠੱਪ ਹੋਇਆ। ਲੰਮੇ ਸਮੇਂ ਦੇ ਪ੍ਰਦਰਸ਼ਨਾਂ ਨੇ ਖੇਤੀ ਅਤੇ ਸਥਾਨਕ ਆਰਥਿਕਤਾ 'ਤੇ ਨਕਾਰਾਤਮਕ ਅਸਰ ਪਾਇਆ ਹੈ। ਟੋਲ ਪਲਾਜ਼ਾ ਬੰਦੀਆਂ ਇੱਕ ਵੱਡਾ ਆਰਥਿਕ ਝਟਕਾ ਰਹੀਆਂ ਹਨ।

ਅੱਜ ਕੇਂਦਰ ਸਰਕਾਰ ਅਨੁਸਾਰ 2020 ਤੋਂ 2024 ਤੱਕ ਪੰਜਾਬ ਵਿੱਚ ਧਰਨਿਆਂ ਕਾਰਨ ਟੋਲ ਪਲਾਜ਼ਾ ਬੰਦ ਹੋਣ ਨਾਲ ਰਾਸ਼ਟਰੀ ਖਜ਼ਾਨੇ ਨੂੰ ਲਗਭਗ 1638.85 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਸ ਵਿੱਚ ਫਰਵਰੀ 2024 ਤੱਕ ਦੇ ਲੰਮੇ ਅੰਦੋਲਨਾਂ ਦਾ ਵੱਡਾ ਹਿੱਸਾ ਸ਼ਾਮਲ ਹੈ। ਰੇਲਵੇ ਨੂੰ ਵੀ ਵੱਡਾ ਘਾਟਾ ਹੋਇਆ। ਇੱਕ ਰਿਪੋਰਟ ਅਨੁਸਾਰ ਫ਼ਿਰੋਜ਼ਪੁਰ ਡਵੀਜ਼ਨ ਵਿੱਚ ਹੀ ਸੈਂਕੜੇ ਕਰੋੜ ਦਾ ਨੁਕਸਾਨ ਹੋਇਆ। ਇਹ ਰੋਕ-ਟੋਕ ਨਾ ਸਿਰਫ਼ ਸਰਕਾਰੀ ਆਮਦਨ ਘਟਾਉਂਦੀ ਹੈ ਬਲਕਿ ਆਮ ਵਪਾਰ, ਟ੍ਰਾਂਸਪੋਰਟ ਅਤੇ ਛੋਟੀਆਂ ਇਕਾਈਆਂ ਨੂੰ ਵੀ ਭਾਰੀ ਨੁਕਸਾਨ ਪਹੁੰਚਾਉਂਦੀ ਹੈ।

ਅੱਜ ਪੰਜਾਬ ਦੀ ਆਰਥਿਕ ਵਿਕਾਸ ਦਰ ਲਗਾਤਾਰ ਰਾਸ਼ਟਰੀ ਔਸਤ ਤੋਂ ਘੱਟ ਰਹੀ ਹੈ। 2023-24 ਵਿੱਚ ਪੰਜਾਬ ਦੀ GSDP ਵਿਕਾਸ ਦਰ ਲਗਭਗ 6.6-6.8% ਰਹੀ ਜਦਕਿ ਰਾਸ਼ਟਰੀ ਔਸਤ ਉੱਚਾ ਸੀ। 2024-25 ਅਤੇ 2025-26 ਲਈ ਵੀ ਇਹ ਰੁਝਾਨ ਘੱਟ ਰਹਿਣ ਦਾ ਅਨੁਮਾਨ ਹੈ, ਜਦਕਿ ਭਾਰਤ ਦੀ ਵਿਕਾਸ ਦਰ 7% ਤੋਂ ਉੱਪਰ ਰਹਿਣ ਵਾਲੀ ਹੈ। ਉਦਯੋਗ ਖੇਤਰ ਦਾ ਯੋਗਦਾਨ ਸੀਮਤ ਹੈ ਅਤੇ ਇਸ ਵਿੱਚ ਮੰਦੀ ਆਈ ਹੈ। ਪਹਿਲਾਂ ਪੰਜਾਬ ਉਦਯੋਗਿਕ ਰੂਪ ਵਿੱਚ ਮਜ਼ਬੂਤ ਸੀ, ਖਾਸ ਕਰਕੇ ਲੁਧਿਆਣਾ (ਹੋਜ਼ਰੀ ਅਤੇ ਟੈਕਸਟਾਈਲ), ਜਲੰਧਰ ਅਤੇ ਅੰਮ੍ਰਿਤਸਰ। ਪਰ ਲਗਾਤਾਰ ਧਰਨਿਆਂ, ਬਿਜਲੀ ਕੱਟਾਂ, ਟ੍ਰੈਫਿਕ ਜਾਮ ਅਤੇ ਮਜ਼ਦੂਰ ਸਮੱਸਿਆਵਾਂ ਕਾਰਨ ਵੱਡੀਆਂ ਇੰਡਸਟਰੀਜ਼ ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਅਤੇ ਹੋਰ ਰਾਜਾਂ ਵੱਲ ਚਲੀਆਂ ਗਈਆਂ ਹਨ। ਇੰਜੀਨੀਅਰਿੰਗ, ਟੈਕਸਟਾਈਲ, ਬਾਈਸਾਈਕਲ ਅਤੇ ਖੇਡ ਸਮਾਨ ਦੀਆਂ ਇਕਾਈਆਂ ਬਾਹਰ ਜਾ ਰਹੀਆਂ ਹਨ।

ਅੱਜ ਬਿਜਲੀ ਕੱਟ ਇੱਕ ਵੱਡੀ ਸਮੱਸਿਆ ਹੈ। ਗਰਮੀਆਂ ਵਿੱਚ 8-12 ਘੰਟੇ ਦੇ ਕੱਟ ਆਮ ਹਨ, ਖਾਸ ਕਰਕੇ ਲੁਧਿਆਣਾ ਵਰਗੇ ਉਦਯੋਗਿਕ ਕੇਂਦਰਾਂ ਵਿੱਚ। ਅਣਐਲਾਨਿਆਂ ਕੱਟਾਂ ਨਾਲ ਮਸ਼ੀਨਾਂ ਰੁੱਕਣ ਅਤੇ ਮੁੜ ਚਾਲੂ ਹੋਣ ਵਿੱਚ ਵਾਧੂ ਸਮਾਂ ਲੱਗਦਾ ਹੈ, ਜਿਸ ਨਾਲ ਉਤਪਾਦਕਤਾ ਘੱਟਦੀ ਹੈ ਅਤੇ ਕੱਚਾ ਮਾਲ ਖਰਾਬ ਹੋ ਜਾਂਦਾ ਹੈ। ਇਸ ਤੋਂ ਇਲਾਵਾ ਧਰਨਿਆਂ ਕਾਰਨ ਲੇਬਰ ਉਪਲਬਧਤਾ ਵੀ ਪ੍ਰਭਾਵਿਤ ਹੁੰਦੀ ਹੈ।

ਅੱਜ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਰਾਸ਼ਟਰੀ ਔਸਤ ਤੋਂ ਘੱਟ ਰਹਿ ਗਈ ਹੈ ਅਤੇ ਇਸ ਦਾ ਰੈਂਕ ਘੱਟਿਆ ਹੈ। ਖੇਤੀ ਉਤਪਾਦਕਤਾ ਵੀ ਸਥਿਰ ਹੋ ਗਈ ਹੈ ਅਤੇ ਭੂਮੀ-ਪਾਣੀ ਸੰਕਟ ਵਧ ਰਿਹਾ ਹੈ। ਇਹ ਸਭ ਧਰਨਿਆਂ ਦੀ ਰਾਜਨੀਤੀ ਨਾਲ ਜੁੜਿਆ ਹੋਇਆ ਹੈ, ਜੋ ਨਿਵੇਸ਼ਕਾਂ ਨੂੰ ਭਜਾਉਂਦਾ ਹੈ। ਨਿਵੇਸ਼ਕ ਸਥਿਰਤਾ ਚਾਹੁੰਦੇ ਹਨ, ਨਾ ਕਿ ਰੋਜ਼ਾਨਾ ਰੋਕ-ਟੋਕ। ਲੁਧਿਆਣਾ ਅਤੇ ਪ੍ਰਵਾਸੀ ਮਜ਼ਦੂਰਾਂ ਦਾ ਮੁੱਦਾ ਲੁਧਿਆਣਾ ਪੰਜਾਬ ਦਾ ਆਰਥਿਕ ਇੰਜਣ ਹੈ। ਇੱਥੇ ਉਦਯੋਗਾਂ ਵਿੱਚ ਲਗਭਗ 80% ਅਣ-ਸਿੱਖਿਅਤ ਮਜ਼ਦੂਰ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ ਆਏ ਪ੍ਰਵਾਸੀ ਹਨ।

ਅੱਜ ਧਰਨਿਆਂ ਅਤੇ ਟ੍ਰੈਫਿਕ ਜਾਮ ਨਾਲ ਇਨ੍ਹਾਂ ਦੀ ਰੋਜ਼ੀ-ਰੋਟੀ ਪ੍ਰਭਾਵਿਤ ਹੁੰਦੀ ਹੈ। ਕਈ ਵਾਰ ਸਥਾਨਕ-ਪ੍ਰਵਾਸੀ ਤਣਾਅ ਵੀ ਵਧਦਾ ਹੈ, ਜੋ ਆਰਥਿਕਤਾ ਲਈ ਘਾਤਕ ਹੈ। ਉਦਯੋਗਪਤੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਐਂਟੀ-ਮਾਈਗ੍ਰੇਂਟ ਭਾਵਨਾ ਆਰਥਿਕਤਾ ਨੂੰ ਨੁਕਸਾਨ ਪਹੁੰਚਾਵੇਗੀ। ਖੇਤੀ ਅਤੇ ਉਦਯੋਗ ਦੋਵੇਂ ਇਨ੍ਹਾਂ ਮਜ਼ਦੂਰਾਂ 'ਤੇ ਨਿਰਭਰ ਹਨ। ਇਸ ਤਣਾਅ ਨਾਲ ਪੰਜਾਬ ਦੀ ਉਤਪਾਦਕਤਾ ਅਤੇ ਬਾਹਰੀ ਨਿਵੇਸ਼ ਵੀ ਪ੍ਰਭਾਵਿਤ ਹੋ ਰਿਹਾ ਹੈ।

ਅੱਜ ਨਸ਼ਿਆਂ ਦਾ ਸੰਕਟ ਅਤੇ ਨੌਜਵਾਨ ਪੀੜ੍ਹੀ ਧਰਨਿਆਂ ਦੀ ਰਾਜਨੀਤੀ ਨੌਜਵਾਨਾਂ ਵਿੱਚ ਨਿਰਾਸ਼ਾ ਵਧਾਉਂਦੀ ਹੈ। ਬੇਰੁਜ਼ਗਾਰੀ ਅਤੇ ਆਰਥਿਕ ਅਸਥਿਰਤਾ ਨਸ਼ਿਆਂ ਵੱਲ ਧੱਕਦੀ ਹੈ। ਯੂਥ ਬੇਰੁਜ਼ਗਾਰੀ ਦਰ ਲਗਭਗ 18.9-19.3% ਹੈ, ਜੋ ਰਾਸ਼ਟਰੀ ਔਸਤ ਤੋਂ ਉੱਚੀ ਹੈ। ਗ੍ਰਾਮੀਣ ਖੇਤਰ ਵਿੱਚ ਇਹ 20.5-22.5% ਤੱਕ ਹੈ। ਪੰਜਾਬ ਵਿੱਚ ਲਗਭਗ 15% ਅਬਾਦੀ ਕਿਸੇ ਨਾ ਕਿਸੇ ਨਸ਼ੇ ਵਿੱਚ ਫਸੀ ਹੋਈ ਹੈ ਅਤੇ ਹਜ਼ਾਰਾਂ ਨੌਜਵਾਨ ਓਪੀਓਇਡਜ਼ ਤੇ ਨਸ਼ਿਆਂ ਦੀ ਚਪੇਟ ਵਿੱਚ ਹਨ। ਬੇਰੁਜ਼ਗਾਰੀ ਅਤੇ ਨਸ਼ਿਆਂ ਵਿਚਕਾਰ ਸਿੱਧਾ ਸਬੰਧ ਹੈ। ਨਸ਼ਾ ਮੁਕਤੀ ਕੇਂਦਰਾਂ ਵਿੱਚ ਭਰਤੀ ਹੋਣ ਵਾਲਿਆਂ ਵਿੱਚੋਂ ਲਗਭਗ 79% ਬੇਰੁਜ਼ਗਾਰ ਜਾਂ ਅੰਸ਼ਕ ਰੁਜ਼ਗਾਰ ਵਾਲੇ ਹਨ। ਇਸ ਨਾਲ ਆਉਣ ਵਾਲੀ ਪੀੜ੍ਹੀ ਦੀ ਸੋਚ, ਉਤਪਾਦਕਤਾ ਅਤੇ ਸਮਾਜਿਕ ਢਾਂਚਾ ਤਬਾਹ ਹੋ ਰਿਹਾ ਹੈ।

ਅੱਜ ਬ੍ਰੇਨ ਡਰੇਨ ਵੀ ਵੱਧ ਰਿਹਾ ਹੈ। ਨੌਜਵਾਨ ਕੈਨੇਡਾ, ਆਸਟ੍ਰੇਲੀਆ, ਯੂਕੇ ਅਤੇ ਯੂਰਪ ਵੱਲ ਭੱਜ ਰਹੇ ਹਨ। ਇਹ ਡਿਸਟ੍ਰੈਸ ਮਾਈਗ੍ਰੇਸ਼ਨ ਪੰਜਾਬ ਲਈ ਲੰਮੇ ਸਮੇਂ ਦਾ ਘਾਤਕ ਹੈ। ਸਮਾਜਿਕ ਅਤੇ ਮਨੋਵਿਗਿਆਨਕ ਪ੍ਰਭਾਵ ਵਾਰ-ਵਾਰ ਧਰਨੇ ਸਮਾਜ ਵਿੱਚ ਫੁੱਟ ਪਾਉਂਦੇ ਹਨ। ਟ੍ਰੈਫਿਕ ਜਾਮ, ਰੋਜ਼ਾਨਾ ਜੀਵਨ ਵਿਘੜਨ ਅਤੇ ਆਰਥਿਕ ਨੁਕਸਾਨ ਆਮ ਲੋਕਾਂ ਵਿੱਚ ਗੁੱਸਾ ਪੈਦਾ ਕਰਦਾ ਹੈ। ਯੂਨੀਵਰਸਿਟੀਆਂ ਵਿੱਚ ਵਿਦਿਆਰਥੀ ਧਰਨੇ ਅਕਾਦਮਿਕ ਸਾਲ ਖਰਾਬ ਕਰਦੇ ਹਨ, ਜਿਸ ਨਾਲ ਭਵਿੱਖ ਦੀਆਂ ਪੀੜ੍ਹੀਆਂ ਪ੍ਰਭਾਵਿਤ ਹੁੰਦੀਆਂ ਹਨ।

ਅੱਜ ਇਹ ਮਨੋਵਿਗਿਆਨਕ ਤੌਰ 'ਤੇ ਇਹ ਨਿਰਾਸ਼ਾ, ਗੁੱਸਾ ਅਤੇ ਬਗਾਵਤੀ ਭਾਵਨਾ ਵਧਾਉਂਦਾ ਹੈ, ਜੋ ਨਸ਼ਿਆਂ ਅਤੇ ਅਪਰਾਧ ਵੱਲ ਲੈ ਜਾਂਦਾ ਹੈ। ਖੇਤੀਬਾੜੀ ਵੀ ਪ੍ਰਭਾਵਿਤ ਹੋਈ ਹੈ। ਰੇਲ ਰੋਕੋ ਨਾਲ ਖਾਦ, ਬੀਜ ਅਤੇ ਉਤਪਾਦਨ ਦੀ ਆਵਾਜਾਈ ਰੁੱਕੀ ਹੈ।

ਸਵਾਲ ਇਹ ਹੈ ਕਿ ਅੱਜ ਪੂਰੀ ਦੁਨੀਆ ਵਿੱਚ ਪੰਜਾਬ ਦੀ ਬਦਲਦੀ ਤਸਵੀਰ: ਇੱਕ ਵਾਰ ਉਡਦਾ ਪੰਜਾਬ, ਖੇਤੀ ਇਨਕਲਾਬ ਅਤੇ ਉਦਯੋਗਿਕ ਪ੍ਰਗਤੀ ਦਾ ਪ੍ਰਤੀਕ ਸੀ। ਅੱਜ ਧਰਨਿਆਂ, ਰੇਲ ਰੋਕੋ ਅੰਦੋਲਨਾਂ, ਨਸ਼ਿਆਂ ਅਤੇ ਬ੍ਰੇਨ ਡਰੇਨ ਦੀ ਤਸਵੀਰ ਬਣ ਰਿਹਾ ਹੈ। ਅੰਤਰਰਾਸ਼ਟਰੀ ਮੀਡੀਆ ਵਿੱਚ ਪੰਜਾਬ ਨੂੰ ਅਕਸਰ ਅਸਥਿਰਤਾ ਅਤੇ ਸੰਕਟ ਵਾਲੇ ਰਾਜ ਵਜੋਂ ਦਿਖਾਇਆ ਜਾਂਦਾ ਹੈ, ਜਿਸ ਨਾਲ ਟੂਰਿਜ਼ਮ, ਨਿਵੇਸ਼ ਅਤੇ ਵਪਾਰ ਪ੍ਰਭਾਵਿਤ ਹੋ ਰਿਹਾ ਹੈ। ਇਸ ਨਵੀਂ ਤਸਵੀਰ ਵਿਚ ਥੱਕਿਆ ਹੋਇਆ, ਵਿਵਾਦਿਤ ਅਤੇ ਵਿਕਾਸ ਤੋਂ ਪਿਛੜਦਾ ਪੰਜਾਬ ਬਣ ਰਿਹਾ ਹੈ। ਇਸ ਤਸਵੀਰ ਨੂੰ ਬਦਲਣ ਲਈ ਲਗਾਤਾਰ ਧਰਨਿਆਂ ਤੋਂ ਉਪਰ ਉਠ ਕੇ ਵਿਕਾਸ ਅਤੇ ਸਥਿਰਤਾ 'ਤੇ ਧਿਆਨ ਦੇਣਾ ਲਾਜ਼ਮੀ ਹੈ। ਥੱਕੀਆਂ ਰਾਜਨੀਤਿਕ ਪਾਰਟੀਆਂ ਅਤੇ ਭਵਿੱਖ ਦੀ ਰਾਜਨੀਤੀ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਧਰਨਿਆਂ ਅਤੇ ਵੋਟ ਬੈਂਕ ਰਾਜਨੀਤੀ ਵਿੱਚ ਫਸੀਆਂ ਹੋਈਆਂ ਹਨ। ਅੱਜ ਪੰਜਾਬ ਦੀਆਂ ਥੱਕੀਆਂ ਹੋਈਆਂ ਰਾਜਨੀਤਿਕ ਪਾਰਟੀਆਂ ਨਵੇਂ ਸੂਤਰ ਲੱਭਣ ਤੋਂ ਬਚ ਰਹੀਆਂ ਹਨ ਅਤੇ ਸਿਰਫ਼ ਵੋਟਾਂ ਦੀ ਰਾਜਨੀਤੀ ਤੱਕ ਸੀਮਤ ਰਹਿ ਰਹੀਆਂ ਹਨ। ਉਹਨਾਂ ਨੂੰ ਮਨੋਵਿਗਿਆਨਕ ਤਬਦੀਲੀ ਲਿਆਉਣੀ ਪਵੇਗੀ। ਡਾਇਲਾਗ, ਤੁਰੰਤ ਫੈਸਲੇ ਅਤੇ ਵਿਕਾਸ-ਪੱਖੀ ਨੀਤੀਆਂ ਰਾਹੀਂ ਲੋਕਾਂ ਦਾ ਵਿਸ਼ਵਾਸ ਜਿੱਤਣਾ ਚਾਹੀਦਾ ਹੈ। ਹੁਣ ਧਰਨਿਆਂ ਦੀ ਰਾਜਨੀਤੀ ਤੋਂ ਉਪਰ ਉਠ ਕੇ ਉਦਯੋਗਿਕ ਨੀਤੀਆਂ ਵਿੱਚ ਸੁਧਾਰ, ਬਿਜਲੀ ਸਪਲਾਈ ਸਥਿਰਤਾ, ਸਕਿੱਲ ਡਿਵੈਲਪਮੈਂਟ ਅਤੇ ਨਸ਼ਾ ਵਿਰੋਧੀ ਮੁਹਿੰਮਾਂ ਤੇਜ਼ ਕਰਨੀਆਂ ਚਾਹੀਦੀਆਂ ਹਨ। ਨਹੀਂ ਤਾਂ ਇਹ ਚੱਕਰ ਆਉਣ ਵਾਲੀਆਂ ਪੀੜ੍ਹੀਆਂ ਨੂੰ ਬੇਰੁਜ਼ਗਾਰ, ਨਸ਼ੇੜੀ ਅਤੇ ਪਰਵਾਸੀ ਬਣਾਉਂਦਾ ਰਹੇਗਾ। ਪੰਜਾਬ ਨੂੰ ਫਿਰ ਤੋਂ ਉੱਚਾਈਆਂ ਛੂਹਣ ਲਈ ਧਰਨਿਆਂ ਦੀ ਰਾਜਨੀਤੀ ਤੋਂ ਉਪਰ ਉਠ ਕੇ ਵਿਕਾਸ ਦੀ ਰਾਜਨੀਤੀ ਅਪਣਾਉਣੀ ਪਵੇਗੀ। ਪੰਜਾਬ ਦੀ ਆਬਾਦੀ, ਇਸ ਦੀ ਉੱਤਮ ਭੂਗੋਲਿਕ ਸਥਿਤੀ ਅਤੇ ਲੋਕਾਂ ਦੀ ਮਿਹਨਤ ਇੱਕ ਵਧੀਆ ਭਵਿੱਖ ਬਣਾ ਸਕਦੀ ਹੈ, ਪਰ ਇਸ ਲਈ ਸਥਿਰਤਾ ਅਤੇ ਸਹਿਯੋਗ ਲਾਜ਼ਮੀ ਹੈ। ਅੱਜ ਲੋਕਤੰਤਰ ਵਿੱਚ ਪ੍ਰਦਰਸ਼ਨ ਜਾਇਜ਼ ਹਨ, ਪਰ ਆਰਥਿਕਤਾ ਅਤੇ ਭਵਿੱਖ ਨੂੰ ਬਰਬਾਦ ਨਾ ਕਰਨ ਵਾਲੇ ਤਰੀਕੇ ਅਪਣਾਉਣੇ ਚਾਹੀਦੇ ਹਨ।

# ਜੂਨ 84 ਦਾ ਖ਼ੂਨੀ ਘੱਲੂਘਾਰਾ

ਚਮਕੌਰ ਸਿੰਘ ਕੈਰਵੇ
ਮੋ.98752-00097



ਸਿੱਖਾਂ ਦੇ ਇਤਿਹਾਸ ਵਿੱਚ ਘੱਲੂਘਾਰੇ ਪਹਿਲਾਂ ਵੀ ਵਾਪਰੇ ਹਨ ਪਰ ਜੂਨ 1984 ਦਾ ਖ਼ੂਨੀ ਘੱਲੂਘਾਰਾ ਪਿਛਲੇ ਵਾਪਰੇ ਘੱਲੂਘਾਰਿਆਂ ਨਾਲੋਂ ਕਿਤੇ ਵੱਧ ਭਿਆਨਕ ਅਤੇ ਦਰਦਨਾਕ ਸੀ। ਇਹ ਖ਼ੂਨੀ ਹਮਲਾ ਸਿੱਖਾਂ ਦੀ ਦਾਸਤਾਂ ਵਿੱਚ ਨਾ ਭੁੱਲਣ ਵਾਲਾ ਘਟਨਾਕ੍ਰਮ ਹੈ।

1 ਜੂਨ 1984 ਨੂੰ ਭਾਰਤੀ ਫੌਜ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਕੰਪਲੈਕਸ ਨੂੰ ਘੇਰ ਲਿਆ। ਦੁਪਹਿਰ 12:30 ਤੋਂ ਰਾਤ 8:00 ਵਜੇ ਤੱਕ ਫੌਜ ਨੇ ਲਗਾਤਾਰ ਗੋਲੀਬਾਰੀ ਕੀਤੀ। ਚਸ਼ਮਦੀਦਾਂ ਮੁਤਾਬਕ ਅੰਦਰੋਂ ਕੋਈ ਜਵਾਬੀ ਫਾਇਰਿੰਗ ਨਹੀਂ ਹੋਈ। ਇਹ ਹਮਲਾ ਸਿੱਖਾਂ ਦੇ ਸਰਵਉੱਚ ਅਸਥਾਨ 'ਤੇ ਸਰਕਾਰ ਦੀ ਸਖ਼ਤ ਨੀਤੀ ਦਾ ਸੰਕੇਤ ਸੀ। ਸੰਗਤ ਵਿੱਚ ਡਰ ਅਤੇ ਅਨਿਸ਼ਚਿਤਤਾ ਫੈਲ ਗਈ, ਜਿਸ ਨੇ ਸਮੁੱਚੀ ਕੌਮ ਨੂੰ ਅੰਦਰੋਂ ਝੰਜੋੜ ਕੇ ਰੱਖ ਦਿੱਤਾ।

2 ਜੂਨ ਨੂੰ ਗੋਲੀਬਾਰੀ ਨਹੀਂ ਹੋਈ, ਪਰ ਪੰਜਾਬ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ ਸੀ। ਭਾਰਤੀ ਫੌਜ ਅਤੇ ਸੀਆਰਪੀਐਫ ਨੇ ਸੂਬੇ ਦੀ ਘੇਰਾਬੰਦੀ ਲਈ ਸੱਤ ਫੌਜੀ ਡਵੀਜ਼ਨਾਂ ਪੰਜਾਬ ਦੇ ਪਿੰਡਾਂ ਵਿੱਚ ਤਾਇਨਾਤ ਕੀਤੀਆਂ ਗਈਆਂ। ਸਖ਼ਤ ਕਰਫਿਊ ਨੇ ਰੇਲ ਅਤੇ ਸੜਕੀ ਆਵਾਜਾਈ ਬੰਦ ਕਰ ਦਿੱਤੀ ਸੀ, ਅੰਮ੍ਰਿਤਸਰ ਸਮੇਤ ਪੰਜਾਬ ਦਾ ਦੇਸ਼ ਅਤੇ ਦੁਨੀਆ ਨਾਲ ਸੰਪਰਕ ਕੱਟਿਆ ਗਿਆ। ਪ੍ਰੈਸ 'ਤੇ ਪਾਬੰਦੀ ਲਗਾਈ ਗਈ। ਰਾਤ 8:30 ਵਜੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 40 ਮਿੰਟ ਦਾ ਭਾਸ਼ਣ ਦਿੱਤਾ, ਜਿਸ ਵਿੱਚ "ਖ਼ੂਨ ਨਾ ਵਹਾਓ, ਨਫ਼ਰਤ ਤਿਆਗੋ" ਕਹਿ ਕੇ ਸ਼ਾਂਤੀ ਦੀ ਅਪੀਲ ਕੀਤੀ ਗਈ, ਜਿਸ ਨੂੰ ਸਰਕਾਰ ਦੀ ਕਾਰਵਾਈ ਦੇ ਉਲਟ ਮੰਨਿਆ ਗਿਆ। 3 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਸੀ। ਵੱਡੀ ਗਿਣਤੀ 'ਚ ਸੰਗਤ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਆਈ ਸੀ। ਸਰਕਾਰ ਨੇ 36 ਘੰਟਿਆਂ ਦਾ ਸਖ਼ਤ ਕਰਫਿਊ ਲਗਾ ਦਿੱਤਾ, ਜਿਸ ਨਾਲ ਸੰਗਤ ਕੰਪਲੈਕਸ ਅੰਦਰ ਕੈਦ ਹੋ ਗਈ। ਕੋਈ ਅੰਦਰ-ਬਾਹਰ ਨਹੀਂ ਜਾ ਸਕਦਾ ਸੀ। ਇਸ ਨੇ ਸੰਗਤ ਨੂੰ ਅਣਜਾਣੇ ਸੰਕਟ ਵਿੱਚ ਫਸਾਇਆ, ਜਿਸ ਨੇ ਆਉਣ ਵਾਲੀ ਤਬਾਹੀ ਦੀ ਨੀਂਹ ਰੱਖੀ।

4 ਜੂਨ ਦੀ ਸਵੇਰ ਪੌਣੇ 5 ਵਜੇ, ਚਾਰੇ ਪਾਸਿਆਂ ਤੋਂ ਗੋਲੀਆਂ ਅਤੇ ਬੰਬਾਂ ਦੀ ਵਰਖਾ ਸ਼ੁਰੂ ਹੋਈ। ਸੰਗਤ ਦੇ ਚੀਕ-ਚਿਹਾੜੇ ਗੋਲੀਆਂ ਦੀ ਆਵਾਜ਼ ਵਿੱਚ ਦਬ ਗਏ। ਇੱਕ ਬੰਬ ਨੇ ਬਿਜਲੀ ਸਪਲਾਈ ਨਸ਼ਟ ਕਰ ਦਿੱਤੀ, ਜਿਸ ਨਾਲ ਕੰਪਲੈਕਸ ਹਨੇਰੇ ਵਿੱਚ ਡੁੱਬ ਗਿਆ। ਸਾਰਾ ਦਿਨ ਗੋਲੀਬਾਰੀ ਅਤੇ ਬੰਬਾਰੀ ਜਾਰੀ ਰਹੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸੁਰੱਖਿਆ ਲਈ ਸਵੇਰੇ 8 ਵਜੇ ਪਹਿਲੀ ਮੰਜ਼ਿਲ 'ਤੇ ਲਿਜਾਇਆ ਗਿਆ। ਸੰਗਤ ਦਾ ਭਾਰੀ ਨੁਕਸਾਨ ਹੋਇਆ ਅਤੇ ਪਰਿਸਰ ਵਿੱਚ ਲਾਸ਼ਾਂ ਦਾ ਢੇਰ ਲੱਗ ਗਿਆ।

5 ਜੂਨ ਪੂਰਾ ਦਿਨ ਦੋਵਾਂ ਪਾਸਿਆਂ ਤੋਂ ਗਹਿ ਗੱਚ ਲੜਾਈ ਹੋਈ। ਅੰਦਰੋਂ ਮੁਕਾਬਲਾ ਕਰ ਰਹੇ ਸਿੰਘਾਂ ਨੇ ਵੀ ਭਾਰਤੀ ਫੌਜ ਦੀਆਂ ਗੋਡਣੀਆਂ ਲਵਾ ਦਿੱਤੀਆਂ। ਹਾਲਾਂਕਿ, ਮੁਕਾਬਲੇ ਵਿੱਚ ਹਜ਼ਾਰਾਂ ਸਿੰਘਾਂ ਨੂੰ ਵੀ ਫੌਜ ਨੇ ਸ਼ਹੀਦ ਕਰ ਦਿੱਤਾ ਸੀ। ਰਾਤ 10 ਵਜੇ ਦੇ ਕਰੀਬ ਫੌਜ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਟੈਂਕ ਵਾੜ ਦਿੱਤੇ, ਮਰਿਆਦਾ ਦੀ ਰੱਜ ਕੇ ਉਲੰਘਣਾ ਹੋਈ। ਫੌਜ ਨੇ ਸ੍ਰੀ ਦਰਬਾਰ ਸਾਹਿਬ ਦੇ ਅੰਦਰਲੇ ਹਿੱਸੇ ਨੂੰ ਵੀ ਗੋਲੀਆਂ ਦਾ ਨਿਸ਼ਾਨਾ ਬਣਾਇਆ। ਸੱਚਖੰਡ ਵਿੱਚ ਕੀਰਤਨ ਕਰ ਰਹੇ ਹੈੱਡ ਰਾਗੀ ਭਾਈ ਅਵਤਾਰ ਸਿੰਘ ਪਾਰੋਵਾਲ ਗੋਲੀਆਂ ਨਾਲ ਸ਼ਹੀਦ ਹੋਏ। ਇੱਕ ਗੋਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਵੀ ਲੱਗੀ। ਹਜ਼ਾਰਾਂ ਸਿੰਘ ਸ਼ਹੀਦ ਹੋਏ ਅਤੇ ਕੰਪਲੈਕਸ ਅੰਦਰ ਤਬਾਹੀ ਦਾ ਮੰਜ਼ਰ ਸੀ। 6 ਜੂਨ ਲੜਾਈ ਦਾ ਆਖਰੀ ਦਿਨ ਸੀ। ਫੌਜ ਨੇ ਟੈਂਕਾਂ ਨਾਲ ਸ੍ਰੀ ਅਕਾਲ ਤਖਤ ਸਾਹਿਬ ਦਾ ਵੱਡਾ ਹਿੱਸਾ ਢਾਹ ਦਿੱਤਾ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਜਰਨਲ ਸੁਬੇਗ ਸਿੰਘ ਸਮੇਤ ਕਈ ਆਗੂ ਸ਼ਹੀਦ ਹੋਏ। ਪਰਿਕਰਮਾ ਅਤੇ ਸਰੋਵਰ ਵਿੱਚ ਲਾਸ਼ਾਂ ਦਾ ਢੇਰ ਸੀ, ਪਾਣੀ ਲਾਲ ਹੋ ਗਿਆ। ਜ਼ਖਮੀਆਂ ਨੂੰ ਪਾਣੀ ਨਹੀਂ ਦਿੱਤਾ ਗਿਆ। ਅਚਾਨਕ ਇੱਕ ਬੰਬ ਨੇ ਪਰਿਕਰਮਾ ਵਿੱਚ ਬੈਠੀ ਸੰਗਤ ਦੇ ਚੀਥੜੇ ਉਡਾ ਦਿੱਤੇ। ਬਚੇ ਸਿੰਘ-ਸਿੰਘਣੀਆਂ ਨੂੰ ਬੰਦੀ ਬਣਾਇਆ ਗਿਆ।

7 ਜੂਨ ਨੂੰ ਫੌਜ ਨੇ ਪਰਿਕਰਮਾ ਵਿੱਚੋਂ ਲਾਸ਼ਾਂ ਹਟਾਉਣ ਦਾ ਕੰਮ ਸ਼ੁਰੂ ਕੀਤਾ। ਗਰਮੀ ਕਾਰਨ ਲਾਸ਼ਾਂ ਫੁਲ ਚੁੱਕੀਆਂ ਸਨ, ਬਦਬੂ ਫੈਲ ਗਈ। ਲਾਸ਼ਾਂ 'ਤੇ ਡੀਡੀਟੀ ਛਿੜਕ ਕੇ ਕੂੜਾ ਢੋਣ ਵਾਲੀਆਂ ਗੱਡੀਆਂ ਵਿੱਚ ਲੱਦੀਆਂ ਗਈਆਂ ਅਤੇ ਸ਼ਹੀਦ ਗੰਜ ਬਾਬਾ ਦੀਪ ਸਿੰਘ ਦੇ ਸ਼ਮਸ਼ਾਨਘਾਟ ਵਿੱਚ ਸਮੂਹਿਕ ਸਸਕਾਰ ਕੀਤਾ ਗਿਆ। ਹਰ ਚਿਖਾ 'ਤੇ 15 ਦੇ ਕਰੀਬ ਲਾਸ਼ਾਂ ਰੱਖ ਕੇ ਬਿਨਾਂ ਕਿਸੇ ਧਾਰਮਿਕ ਰਹੁ ਰੀਤਾਂ ਦੇ ਅੱਗ ਲਗਾਈ ਜਾ ਰਹੀ ਸੀ। 6 ਜੂਨ ਦਿਨ ਢਲਦੇ ਤੱਕ ਵੱਡੇ ਖ਼ਜ਼ਾਨੇ ਨਾਲ ਭਰੀ ਹੋਈ ਸਿੱਖ ਰੈਫਰੈਂਸ ਲਾਇਬ੍ਰੇਰੀ ਸਹੀ ਸਲਾਮਤ ਸੀ ਪਰ 7 ਜੂਨ ਤੜਕੇ ਲਾਇਬ੍ਰੇਰੀ ਭੇਤ ਭਰੇ ਹਾਲਾਤ ਵਿੱਚ ਸੜੀ ਹੋਈ ਮਿਲੀ, ਕਿਤਾਬਾਂ ਸਮੇਤ ਗੁਰੂ ਸਾਹਿਬਾਨਾਂ ਦੇ ਹੱਥ ਲਿਖਤ ਪਾਵਨ ਤੇ ਦੁਰਲੱਭ ਸਰੂਪਾਂ ਸਮੇਤ ਸਭ ਕੁਝ ਲੁੱਟ ਲਿਆ ਗਿਆ ਸੀ

8 ਜੂਨ ਨੂੰ ਪੰਜਾਬ ਵਿੱਚ 24 ਘੰਟਿਆਂ ਦਾ ਕਰਫਿਊ ਲਗਾਇਆ ਗਿਆ, ਸੰਪਰਕ ਪੂਰੀ ਤਰ੍ਹਾਂ ਕੱਟਿਆ ਗਿਆ। ਸ੍ਰੀ ਹਰਿਮੰਦਰ ਸਾਹਿਬ ਦੀ ਸਫਾਈ ਸ਼ੁਰੂ ਹੋਈ। ਸਿੱਖ ਫੌਜੀਆਂ ਨੇ ਸੇਵਾ ਵਿੱਚ ਹਿੱਸਾ ਪਾਇਆ। ਗਿਆਨੀ ਸਾਹਿਬ ਸਿੰਘ ਦੀ ਅਗਵਾਈ ਵਿੱਚ ਸੇਵਾਦਾਰਾਂ ਨੇ ਹੰਝੂਆਂ ਨਾਲ ਸਫਾਈ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਮੁੜ ਕੀਤਾ ਗਿਆ, ਜੋ ਸੰਗਤ ਲਈ ਭਾਵੁਕ ਪਲ ਸੀ।

9 ਜੂਨ ਨੂੰ ਕੰਪਲੈਕਸ ਅੰਦਰ ਮੌਜੂਦ ਸਾਰੇ ਸਿੱਖਾਂ ਨੂੰ ਹਿਰਾਸਤ ਵਿੱਚ ਲਿਆ ਗਿਆ। 365 ਸਿੱਖਾਂ ਨੂੰ ਜੋਧਪੁਰ ਜੇਲ੍ਹ ਭੇਜਿਆ ਗਿਆ, ਜਿੱਥੇ ਉਨ੍ਹਾਂ ਨੇ 5 ਸਾਲ ਕੱਟੇ। ਫੌਜੀ ਕਾਰਵਾਈ ਦੀ ਖ਼ਬਰ ਬੀਬੀਸੀ ਲੰਡਨ ਰੇਡੀਓ 'ਤੇ ਪ੍ਰਸਾਰਿਤ ਹੋਈ, ਜਿਸ ਨੇ ਵਿਦੇਸ਼ਾਂ ਵਿੱਚ ਸਿੱਖਾਂ ਨੂੰ ਭਾਰਤੀ ਸਫਾਰਤਖਾਨਿਆਂ ਅੱਗੇ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਪਿੰਗਲਵਾੜੇ ਦੀ ਸੇਵਾ ਕਰਨ ਵਾਲੇ ਭਗਤ ਪੂਰਨ ਸਿੰਘ ਨੇ ਪਦਮ ਸ਼੍ਰੀ ਵਾਪਸ ਕੀਤਾ। ਸਿੱਖ ਫੌਜੀਆਂ ਨੇ ਬਗਾਵਤ ਸ਼ੁਰੂ ਕੀਤੀ, ਬੈਰਕਾਂ ਛੱਡ ਕੇ ਹਥਿਆਰਾਂ ਨਾਲ ਅੰਮ੍ਰਿਤਸਰ ਵੱਲ ਵਧੇ। ਕਈ ਸ਼ਹੀਦ ਹੋਏ, ਬਾਕੀਆਂ ਨੂੰ ਗ੍ਰਿਫਤਾਰ ਕੀਤਾ ਗਿਆ।

10 ਜੂਨ ਨੂੰ ਤੀਜੇ ਘੱਲੂਘਾਰੇ ਦਾ ਅੰਤ ਹੋਇਆ। ਸ੍ਰੀ ਹਰਿਮੰਦਰ ਸਾਹਿਬ 'ਤੇ ਖ਼ੂਨ ਪੀਣੀਆਂ ਬੰਦੂਕਾਂ ਸ਼ਾਂਤ ਹੋਈਆਂ। ਫੌਜ ਨੇ ਚਾਲੇ ਪਾ ਦਿੱਤੇ। ਸਿੱਖ ਕੌਮ ਨੇ ਇਸ ਨੂੰ ਅਜਿਹੀ ਤਰਾਸਦੀ ਮੰਨਿਆ, ਜੋ ਨਾ ਭੁੱਲਣਯੋਗ, ਨਾ ਮੰਨਣਯੋਗ ਅਤੇ ਨਾ ਬਖਸ਼ਣਯੋਗ ਹੈ।

ਤੀਜੇ ਘੱਲੂਘਾਰੇ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਤਬਾਹ ਕੀਤਾ, ਹਜ਼ਾਰਾਂ ਸਿੱਖ ਸ਼ਹੀਦ ਹੋਏ ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਵਿਰਾਸਤ ਲੁੱਟੀ ਗਈ। ਸੰਗਤ ਦੀਆਂ ਲਾਸ਼ਾਂ, ਸਰੋਵਰ ਦਾ ਲਾਲ ਪਾਣੀ ਅਤੇ ਟੈਂਕਾਂ ਦੀ ਗੜਗੜਾਹਟ ਸਿੱਖਾਂ ਦੇ ਮਨਾਂ 'ਤੇ ਅਮਿੱਟ ਜ਼ਖ਼ਮ ਛੱਡ ਗਏ। ਪੰਜਾਬ ਦੀ ਘੇਰਾਬੰਦੀ, ਮੀਡੀਆ 'ਤੇ ਪਾਬੰਦੀ ਅਤੇ ਸਰਕਾਰ ਦੀਆਂ ਨੀਤੀਆਂ ਨੇ ਸਿੱਖ ਕੌਮ ਦੇ ਜਜ਼ਬੇ ਨੂੰ ਹੋਰ ਮਜ਼ਬੂਤ ਕੀਤਾ। ਇਸ ਘਟਨਾ ਨੇ ਵਿਦੇਸ਼ਾਂ ਵਿੱਚ ਸਿੱਖਾਂ ਦੇ ਪ੍ਰਦਰਸ਼ਨ ਅਤੇ ਫੌਜੀ ਬਗਾਵਤਾਂ ਨੂੰ ਜਨਮ ਦਿੱਤਾ। ਸਿੱਖ ਕੌਮ ਅੱਜ ਵੀ ਇਸ ਦੁਖਦਾਈ ਇਤਿਹਾਸ ਨੂੰ ਯਾਦ ਰੱਖਦੀ ਹੈ ਅਤੇ ਇਨਸਾਫ ਦੀ ਮੰਗ ਕਰਦੀ ਹੈ।



ਵਿੰਕਲਜੀਤ ਸਿੰਘ ਸਰਾ
9501477889

# ਪੰਜਾਬ ਦੀ ਬਦਲਦੀ ਜੀਵਨ-ਸ਼ੈਲੀ ਦੀ ਕੀਮਤ; ਇੱਕ ਖ਼ਾਮੋਸ਼ ਤਬਾਹੀ ਦੇ ਕੰਢੇ 'ਤੇ ਖੜ੍ਹਾ ਸਾਡਾ ਸੂਬਾ

ਅੱਜ ਸਵੇਰੇ ਜਦੋਂ ਮੈਂ ਅਖ਼ਬਾਰ ਦੀਆਂ ਸੁਰਖੀਆਂ ਫਰੋਲ ਰਿਹਾ ਸੀ, ਤਾਂ ਨੈਸ਼ਨਲ ਫੈਮਿਲੀ ਹੈਲਥ ਸਰਵੇ (NFHS-F) ਦੀ ਇੱਕ ਤਾਜ਼ਾ ਰਿਪੋਰਟ 'ਤੇ ਜਾ ਕੇ ਮੇਰੀਆਂ ਅੱਖਾਂ ਟਿਕ ਗਈਆਂ। ਰਿਪੋਰਟ ਵਿੱਚ ਦਰਜ ਪੰਜਾਬ ਦੀ ਸਿਹਤ ਦੇ ਅੰਕੜੇ ਇੰਨੇ ਹੈਰਾਨੀਜਨਕ, ਡਰਾਉਣੇ ਅਤੇ ਚਿੰਤਾਜਨਕ ਹਨ ਕਿ ਇੱਕ ਸੀਨੀਅਰ ਸੰਪਾਦਕ ਦੇ ਨਾਤੇ ਮੇਰੀ ਰੂਹ ਕੰਬ ਗਈ। ਮੈਂ ਇਹ ਬੇਹੱਦ ਜ਼ਰੂਰੀ ਸਮਝਿਆ ਕਿ ਆਪਣੀ ਕਲਮ ਰਾਹੀਂ ਪੰਜਾਬ ਦੇ ਪਾਠਕਾਂ ਦਾ ਧਿਆਨ ਇਸ ਗੰਭੀਰ ਹਾਲਤ ਵੱਲ ਦੁਆਇਆ ਜਾਵੇ। ਜਿਸ ਪੰਜਾਬ ਨੂੰ ਅਸੀਂ ਹਮੇਸ਼ਾਂ ਤੰਦਰੁਸਤ, ਗੱਭਰੂਆਂ ਅਤੇ ਮੁਟਿਆਰਾਂ ਦੀ ਧਰਤੀ ਆਖਦੇ ਹਾਂ, ਉਹ ਅੱਜ ਬਦਲਦੀ ਜੀਵਨ-ਸ਼ੈਲੀ, ਪ੍ਰਦੂਸ਼ਿਤ ਪਾਣੀ, ਨਸ਼ਿਆਂ ਦੀ ਮਾਰ ਅਤੇ ਖ਼ੁਰਾਕੀ ਮਿਲਾਵਟ ਦੇ ਅਜਿਹੇ ਜਾਲ ਵਿੱਚ ਫਸ ਚੁੱਕਾ ਹੈ, ਜਿੱਥੇ ਹਰ ਘਰ ਬਿਮਾਰੀਆਂ ਦਾ ਗੜ੍ਹ ਬਣਦਾ ਜਾ ਰਿਹਾ ਹੈ।

ਪੰਜਾਬ ਨੂੰ ਇਤਿਹਾਸਕ ਤੌਰ 'ਤੇ ਹਮੇਸ਼ਾਂ ਤੰਦਰੁਸਤ, ਮਿਹਨਤੀ ਅਤੇ ਖ਼ੁਸ਼ਹਾਲ ਲੋਕਾਂ ਦੀ ਧਰਤੀ ਮੰਨਿਆ ਜਾਂਦਾ ਰਿਹਾ ਹੈ। "ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ" ਵਰਗੀਆਂ ਕਹਾਵਤਾਂ ਸਾਡੇ ਪੰਜਾਬੀ ਸੱਭਿਆਚਾਰ ਦੀ ਖੁਸ਼ਮਿਜਾਜ਼ੀ ਅਤੇ ਖਾਣ-ਪੀਣ ਪ੍ਰਤੀ ਅਥਾਹ ਪਿਆਰ ਨੂੰ ਦਰਸਾਉਂਦੀਆਂ ਹਨ। ਪਰ ਅੱਜ ਇਹੀ ਖਾਣ-ਪੀਣ ਅਤੇ ਬਦਲ ਰਹੀ ਜੀਵਨ-ਸ਼ੈਲੀ ਹੌਲੀ-ਹੌਲੀ ਇੱਕ ਭਿਆਨਕ ਸਿਹਤ ਸੰਕਟ ਵਿੱਚ ਤਬਦੀਲ ਹੋ ਚੁੱਕੀ ਹੈ। ਪੰਜਾਬ ਵਿੱਚ ਮੋਟਾਪਾ, ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੀਆਂ ਬਿਮਾਰੀਆਂ ਦੇ ਮਾਮਲੇ ਕੌਮੀ ਔਸਤ ਨਾਲੋਂ ਕਿਤੇ ਤੇਜ਼ੀ ਨਾਲ ਵੱਧ ਰਹੇ ਹਨ। ਇਹ ਸਮੱਸਿਆ ਹੁਣ ਕੇਵਲ ਵੱਡੇ ਸ਼ਹਿਰਾਂ ਤੱਕ ਸੀਮਿਤ ਨਹੀਂ ਰਹੀ, ਬਲਕਿ ਸਾਡੇ ਪਿੰਡਾਂ ਨੂੰ ਵੀ ਆਪਣੇ ਕਲੇਵਜੇ ਵਿੱਚ ਲੈ ਚੁੱਕੀ ਹੈ। ਪਿੰਡਾਂ ਵਿੱਚ ਵਧਦਾ ਮੋਟਾਪਾ, ਘੱਟ ਸਰੀਰਕ ਮਿਹਨਤ, ਤੰਬਾਕੂ-ਸ਼ਰਾਬ ਦੀ ਵਧਦੀ ਵਰਤੋਂ, ਪ੍ਰਦੂਸ਼ਿਤ ਪਾਣੀ ਅਤੇ ਨਕਲੀ ਖੁਰਾਕ ਸਾਡੀ ਹੋਂਦ ਲਈ ਗੰਭੀਰ ਚੁਣੌਤੀ ਬਣ ਗਏ ਹਨ। ਜੇਕਰ ਇਸ ਸਥਿਤੀ ਨੂੰ ਸਮੇਂ ਸਿਰ ਨਾ ਸੰਭਾਲਿਆ ਗਿਆ ਤਾਂ ਆਉਣ ਵਾਲੇ ਸਾਲਾਂ ਵਿੱਚ ਪੰਜਾਬ ਨੂੰ ਗੈਰ-ਸੰਚਾਰੀ ਬਿਮਾਰੀਆਂ ਦਾ ਸਭ ਤੋਂ ਵੱਡਾ ਬੋਝ ਝੱਲਣਾ ਪੈ ਸਕਦਾ ਹੈ, ਜਿਸ ਦਾ ਖ਼ਾਮਿਆਜ਼ਾ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਭੁਗਤਣਗੀਆਂ।

**ਮੋਟਾਪਾ ਅਤੇ ਸ਼ੂਗਰ ਦੇ ਵਧਦੇ ਕਦਮ** : ਤਾਜ਼ਾ NFHS-F ਸਰਵੇ ਦੇ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਮੋਟਾਪਾ ਬੇਹੱਦ ਚਿੰਤਾਜਨਕ ਅਤੇ ਭਿਆਨਕ ਤਰੀਕੇ ਨਾਲ ਵਧਿਆ ਹੈ। ਪੰਜਾਬ ਵਿੱਚ ਹਰ ਦੂਜੀ ਮਹਿਲਾ ਮੋਟਾਪੇ ਜਾਂ ਓਵਰਵੇਟ ਦੀ ਸ਼ਿਕਾਰ ਹੈ। 15 ਤੋਂ 49 ਸਾਲ ਦੀ ਉਮਰ ਦੀਆਂ ਲਗਭਗ 44.7% ਮਹਿਲਾਵਾਂ ਓਵਰਵੇਟ ਜਾਂ ਮੋਟਾਪੇ ਦੀ ਮਾਰ ਹੇਠ ਹਨ, ਜੋ ਕਿ NFHS-E ਵਿੱਚ 40.8% ਸੀ। ਇਹ ਦਰ ਸਾਡੇ ਗੁਆਂਢੀ ਰਾਜਾਂ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਨਾਲੋਂ ਕਿਤੇ ਜ਼ਿਆਦਾ ਹੈ। ਮਰਦਾਂ ਦੇ ਮਾਮਲੇ ਵਿੱਚ ਵੀ ਪੰਜਾਬ ਦੇ 37.5% ਮਰਦ ਮੋਟਾਪੇ ਦਾ ਸ਼ਿਕਾਰ ਪਾਏ ਗਏ ਹਨ, ਜੋ ਪਹਿਲਾਂ 32.3% ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਪਿੰਡਾਂ ਵਿੱਚ ਵੀ ਮੋਟਾਪਾ ਬਹੁਤ ਵੱਡੀ ਸਮੱਸਿਆ ਬਣ ਚੁੱਕਾ ਹੈ, ਜਿੱਥੇ 42.8% ਮਹਿਲਾਵਾਂ ਅਤੇ 36.3% ਮਰਦ ਓਵਰਵੇਟ ਹਨ।

ਸਿਹਤ ਮਾਹਿਰ ਡਾ. ਰਾਕੇਸ਼ ਕੁਮਾਰ ਗੁਪਤਾ ਅਨੁਸਾਰ ਪੰਜਾਬ ਵਿੱਚ ਵਧਦਾ ਮੋਟਾਪਾ ਹੀ ਸ਼ੂਗਰ ਅਤੇ ਹਾਈਪਰਟੈਨਸ਼ਨ ਦੇ ਵਧਦੇ ਮਾਮਲਿਆਂ ਦਾ ਸਭ ਤੋਂ ਵੱਡਾ ਕਾਰਨ ਹੈ। ਵਧੇਰੇ ਚਰਬੀ ਸਰੀਰ ਦੀ ਇਨਸੁਲਿਨ ਪ੍ਰਣਾਲੀ ਨੂੰ ਪ੍ਰਭਾਵਿਤ ਕਰਦੀ ਹੈ, ਜਿਸ ਕਾਰਨ ਟਾਈਪ-2 ਡਾਇਬਟੀਜ਼ ਹੁੰਦੀ ਹੈ। ਪੰਜਾਬ ਵਿੱਚ 15 ਸਾਲ ਤੋਂ ਉੱਪਰ ਦੀਆਂ 21.3% ਮਹਿਲਾਵਾਂ ਅਤੇ 22.3% ਮਰਦਾਂ ਵਿੱਚ ਬਲੱਡ ਸ਼ੂਗਰ ਦਾ ਪੱਧਰ ਬਹੁਤ ਉੱਚਾ ਪਾਇਆ ਗਿਆ ਹੈ ਜਾਂ ਉਹ ਇਸ ਦੀ ਦਵਾਈ ਲੈ ਰਹੇ ਹਨ। ਮਰਦਾਂ ਵਿੱਚ ਇਹ ਅੰਕੜਾ ਪਿਛਲੇ ਸਰਵੇ ਵਿੱਚ ਕੇਵਲ 14.1% ਸੀ, ਜੋ ਹੁਣ ਵਧ ਕੇ ਖ਼ਤਰਨਾਕ ਪੱਧਰ 'ਤੇ ਪਹੁੰਚ ਗਿਆ ਹੈ। ਇਸ ਦਾ ਮੁੱਖ ਕਾਰਨ ਸਾਡੀ ਬਦਲ ਚੁੱਕੀ ਜੀਵਨ-ਸ਼ੈਲੀ ਹੈ। ਪਹਿਲਾਂ ਲੋਕ ਖੇਤਾਂ ਵਿੱਚ ਹੱਡ-ਭੰਨਵੀਂ ਮਿਹਨਤ ਕਰਦੇ ਸਨ, ਜਿਸ ਕਾਰਨ ਘਿਉ-ਮੱਖਣ ਹਜ਼ਮ ਹੋ ਜਾਂਦਾ ਸੀ, ਪਰ ਹੁਣ ਮਸ਼ੀਨੀਕਰਨ, ਮੋਬਾਈਲ ਫੋਨ, ਦਫ਼ਤਰੀ ਕੰਮ ਅਤੇ ਸਰੀਰਕ ਗਤੀਵਿਧੀਆਂ ਦੀ ਘਾਟ ਕਾਰਨ ਕੈਲੋਰੀਆਂ ਖਰਚ ਨਹੀਂ ਹੁੰਦੀਆਂ ਅਤੇ ਵਜ਼ਨ ਵਧਣਾ ਸ਼ੁਰੂ ਹੋ ਜਾਂਦਾ ਹੈ।

**ਹਾਈ ਬਲੱਡ ਪ੍ਰੈਸ਼ਰ ਅਤੇ ਨਸ਼ਿਆਂ ਦੀ ਮਾਰ** : ਹਾਈ ਬਲੱਡ ਪ੍ਰੈਸ਼ਰ ਜਾਂ ਹਾਈਪਰਟੈਨਸ਼ਨ ਨੂੰ ਚਿਕਿਤਸਾ ਵਿਗਿਆਨ ਵਿੱਚ "Cilent Killer" ਯਾਨੀ ਖ਼ਾਮੋਸ਼ ਕਾਤਲ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਲੱਛਣ ਕਈ ਵਾਰ ਸਾਲਾਂ ਤੱਕ ਸਾਹਮਣੇ ਨਹੀਂ ਆਉਂਦੇ। ਅੱਜ ਪੰਜਾਬ ਦੀਆਂ ਲਗਭਗ 24.5% ਮਹਿਲਾਵਾਂ ਅਤੇ 26.3% ਮਰਦ ਹਾਈ ਬਲੱਡ ਪ੍ਰੈਸ਼ਰ ਨਾਲ ਪੀੜਤ ਹਨ। ਪੰਜਾਬ ਵਿੱਚ ਮਹਿਲਾਵਾਂ ਵਿੱਚ ਗੰਭੀਰ ਹਾਈਪਰਟੈਨਸ਼ਨ ਦੀ ਦਰ 6.5% ਹੈ, ਜਦਕਿ ਹਰਿਆਣਾ ਵਿੱਚ ਇਹ 4.5% ਹੈ। ਮਰਦਾਂ ਵਿੱਚ ਪੰਜਾਬ ਦੀ ਇਹ ਦਰ 4.6% ਦਰਜ ਕੀਤੀ ਗਈ ਹੈ। ਜਿੱਥੇ ਇੱਕ ਪਾਸੇ ਪੰਜਾਬ ਦੀ ਜਵਾਨੀ ਨੂੰ ਸਿੰਥੈਟਿਕ ਨਸ਼ਿਆਂ ਨੇ ਬਰਬਾਦ ਕੀਤਾ ਹੈ, ਉੱਥੇ ਹੀ ਦੂਜੇ ਪਾਸੇ ਤੰਬਾਕੂ ਅਤੇ ਸ਼ਰਾਬ ਦੀ ਵਰਤੋਂ ਵੀ ਤੇਜ਼ੀ ਨਾਲ ਵਧੀ ਹੈ। ਸਰਵੇ ਮੁਤਾਬਕ ਪੰਜਾਬ ਵਿੱਚ ਮਰਦਾਂ ਵਿੱਚ ਤੰਬਾਕੂ ਦੀ ਵਰਤੋਂ ਪਹਿਲਾਂ ਦੇ 12.8% ਤੋਂ ਵਧ ਕੇ 13.9% ਹੋ ਗਈ ਹੈ। ਇਸੇ ਤਰ੍ਹਾਂ ਪੰਜਾਬ ਦੇ 22.9% ਮਰਦ ਸ਼ਰਾਬ ਦਾ ਸੇਵਨ ਕਰਦੇ ਹਨ, ਜੋ ਕਿ ਹਰਿਆਣਾ ਨਾਲੋਂ ਕਿਤੇ ਵੱਧ ਹੈ। ਇਹ ਨਸ਼ੇ ਸਿੱਧੇ ਤੌਰ 'ਤੇ ਮੈਟਾਬੋਲਿਜ਼ਮ ਨੂੰ ਵਿਗਾੜਦੇ ਹਨ ਅਤੇ ਛੋਟੀ ਉਮਰੇ ਹੀ ਹਾਰਟ ਅਟੈਕ ਦਾ ਕਾਰਨ ਬਣ ਰਹੇ ਹਨ।

**ਪ੍ਰਦੂਸ਼ਤ ਪਾਣੀ ਅਤੇ ਖੁਰਾਕੀ ਮਿਲਾਵਟ ਦਾ ਜ਼ਹਿਰ** : ਜਦੋਂ ਅਸੀਂ ਪੁੱਛਦੇ ਹਾਂ ਕਿ ਪੰਜਾਬ ਨੂੰ ਕਿਸਦੀ ਨਜ਼ਰ ਲੱਗ ਗਈ, ਤਾਂ ਇਸਦਾ ਸਭ ਤੋਂ ਵੱਡਾ ਜਵਾਬ ਸਾਡੇ ਪ੍ਰਦੂਸ਼ਿਤ ਹੋ ਚੁੱਕੇ ਕੁਦਰਤੀ ਸਰੋਤਾਂ ਅਤੇ ਬਜ਼ਾਰਾਂ ਵਿੱਚ ਵਿਕ ਰਹੇ ਜ਼ਹਿਰ ਵਿੱਚੋਂ ਮਿਲਦਾ ਹੈ। ਪੰਜਾਬ ਦੇ ਕਈ ਹਿੱਸਿਆਂ, ਖ਼ਾਸ ਕਰਕੇ ਮਾਲਵਾ ਬੈਲਟ ਵਿੱਚ ਜ਼ਮੀਨਦੋਜ਼ ਪਾਣੀ ਵਿੱਚ ਯੂਰੇਨੀਅਮ, ਆਰਸੈਨਿਕ, ਫਲੋਰਾਈਡ ਅਤੇ ਭਾਰੀਆਂ ਧਾਤਾਂ ਦੀ ਮਾਤਰਾ ਖ਼ਤਰਨਾਕ ਹੱਦ ਤੱਕ ਵਧ ਚੁੱਕੀ ਹੈ। ਫੈਕਟਰੀਆਂ ਦਾ ਕੈਮੀਕਲ ਯੁਕਤ ਗੰਦਾ ਪਾਣੀ ਸਾਡੀਆਂ ਨਦੀਆਂ ਅਤੇ ਨਹਿਰਾਂ ਵਿੱਚ ਸੁੱਟਿਆ ਜਾ ਰਿਹਾ ਹੈ। ਇਹ ਪਾਣੀ ਜਦੋਂ ਫਸਲਾਂ ਅਤੇ ਪੀਣ ਰਾਹੀਂ ਸਾਡੇ ਸਰੀਰ ਵਿੱਚ ਜਾਂਦਾ ਹੈ, ਤਾਂ ਇਹ ਲਿਵਰ-ਗੁਰਦੇ ਖ਼ਰਾਬ ਕਰਨ ਦੇ ਨਾਲ-ਨਾਲ ਕੈਂਸਰ ਅਤੇ ਹਾਰਮੋਨਲ ਅਸੰਤੁਲਨ ਪੈਦਾ ਕਰਦਾ ਹੈ, ਜੋ ਮੋਟਾਪੇ ਅਤੇ ਸ਼ੂਗਰ ਦੀ ਜੜ੍ਹ ਹੈ। ਇਸ ਦੇ ਨਾਲ ਹੀ ਅੱਜ ਪੰਜਾਬ ਵਿੱਚ ਸ਼ੁੱਧ ਖਾਣਾ ਮਿਲਣਾ ਇੱਕ ਸੁਪਨਾ ਬਣ ਗਿਆ ਹੈ। ਕੈਮੀਕਲ, ਯੂਰੀਆ, ਡਿਟਰਜੈਂਟ ਅਤੇ ਸਟਾਰਚ ਦੀ ਮਦਦ ਨਾਲ ਬਣਾਇਆ ਨਕਲੀ ਦੁੱਧ, ਦਹੀਂ ਅਤੇ ਪਨੀਰ ਬਜ਼ਾਰਾਂ ਵਿੱਚ ਸ਼ਰੇਆਮ ਵਿਕ ਰਿਹਾ ਹੈ। ਦੇਸੀ ਘਿਉ ਦੇ ਨਾਂ 'ਤੇ ਪਾਮ ਆਇਲ ਅਤੇ ਹਾਨੀਕਾਰਕ ਕੈਮੀਕਲ ਵੇਚੇ ਜਾ ਰਹੇ ਹਨ, ਜੋ ਸਾਡੀਆਂ ਨਾੜੀਆਂ ਨੂੰ ਬੰਦ ਕਰਕੇ ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੇ ਦੌਰੇ ਨੂੰ ਸੱਦਾ ਦਿੰਦੇ ਹਨ। ਇਸ ਤੋਂ ਇਲਾਵਾ, ਸਬਜ਼ੀਆਂ ਅਤੇ ਫ਼ਲਾਂ ਨੂੰ ਰਾਤੋ-ਰਾਤ ਵੱਡਾ ਕਰਨ ਅਤੇ ਪਕਾਉਣ ਲਈ ਖ਼ਤਰਨਾਕ ਇੰਜੈਕਸ਼ਨਾਂ ਤੇ ਕਾਰਬਾਈਡ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਕਾਰਨ ਸਾਡੀ ਥਾਲੀ ਵਿੱਚ ਪੌਸ਼ਟਿਕਤਾ ਦੀ ਜਗ੍ਹਾ ਹੁਣ ਸਿਰਫ਼ ਜ਼ਹਿਰ ਪਰੋਸਿਆ ਜਾ ਰਿਹਾ ਹੈ।

**ਸਮਾਜਿਕ ਦਿਖਾਵਾ ਅਤੇ ਅੰਨ੍ਹੀ ਰੀਸ** : ਪੰਜਾਬ ਦੇ ਇਸ ਸਿਹਤ ਸੰਕਟ ਦੇ ਪਿੱਛੇ ਇੱਕ ਬਹੁਤ ਵੱਡਾ ਮਨੋਵਿਗਿਆਨਕ ਅਤੇ ਸਮਾਜਿਕ ਕਾਰਨ ਦਿਖਾਵੇ ਦੀ ਸੰਸਕ੍ਰਿਤੀ ਵੀ ਹੈ। ਪੱਛਮੀ ਦੇਸ਼ਾਂ ਜਾਂ ਸ਼ਹਿਰੀ ਕਲਚਰ ਦੀ ਅੰਨ੍ਹੀ ਨਕਲ ਕਰਦਿਆਂ ਅਸੀਂ ਉਨ੍ਹਾਂ ਦੀਆਂ ਚੰਗੀਆਂ ਗੱਲਾਂ, ਜਿਵੇਂ ਨਿਯਮ, ਸਫ਼ਾਈ ਅਤੇ ਕਸਰਤ ਅਪਣਾਉਣ ਦੀ ਬਜਾਏ ਮਾੜੀਆਂ ਆਦਤਾਂ, ਜਿਵੇਂ ਕਿ ਦੇਰ ਰਾਤ ਤੱਕ ਜਾਗਣਾ, ਫਾਸਟ ਫੂਡ ਖਾਣਾ, ਪਾਰਟੀ ਕਲਚਰ ਅਤੇ ਸਰੀਰਕ ਆਲਸ ਦੀ ਰੀਸ ਕਰ ਲਈ ਹੈ। ਇਸ ਦੇ ਨਾਲ ਹੀ ਵਿਆਹਾਂ-ਸ਼ਾਦੀਆਂ 'ਤੇ ਬੇਲੋੜਾ ਖ਼ਰਚਾ ਕਰਨਾ, ਦਿਖਾਵੇ ਲਈ ਮਹਿੰਗੀਆਂ ਗੱਡੀਆਂ ਖਰੀਦਣਾ ਅਤੇ ਫਿਰ ਕਰਜ਼ੇ ਦੇ ਬੋਝ ਹੇਠ ਦੱਬੇ ਜਾਣਾ ਪੰਜਾਬੀਆਂ ਵਿੱਚ ਮਾਨਸਿਕ ਤਣਾਅ ਨੂੰ ਜਨਮ ਦੇ ਰਿਹਾ ਹੈ। ਇਹ ਮਾਨਸਿਕ ਤਣਾਅ ਸਾਡੇ ਸਰੀਰ ਵਿੱਚ ਅਜਿਹੇ ਹਾਰਮੋਨ ਪੈਦਾ ਕਰਦਾ ਹੈ ਜੋ ਸਿੱਧੇ ਤੌਰ 'ਤੇ ਹਾਈ ਬਲੱਡ ਪ੍ਰੈਸ਼ਰ, ਬੇਚੈਨੀ ਅਤੇ ਦਿਲ ਦੇ ਰੋਗਾਂ ਦਾ ਸਭ ਤੋਂ ਵੱਡਾ ਕਾਰਨ ਬਣਦੇ ਹਨ।

**ਮਹਿਲਾਵਾਂ ਦੀ ਸਥਿਤੀ ਵਿੱਚ ਸੁਧਾਰ ਦੀ ਕਿਰਨ** : ਜਿੱਥੇ ਸਿਹਤ ਦੇ ਮਾਮਲੇ ਵਿੱਚ ਪੰਜਾਬ ਦੀਆਂ ਮਹਿਲਾਵਾਂ ਲਈ ਚੁਣੌਤੀਆਂ ਬਹੁਤ ਵਧੀਆਂ ਹਨ, ਉੱਥੇ ਹੀ NFHS-F ਸਰਵੇ ਵਿੱਚ ਸਮਾਜਿਕ ਸਸ਼ਕਤੀਕਰਨ ਦੇ ਪੱਖੋਂ ਕੁਝ ਬਹੁਤ ਹੀ ਸਕਾਰਾਤਮਕ ਤਬਦੀਲੀਆਂ ਦੇਖਣ ਨੂੰ ਮਿਲੀਆਂ ਹਨ। ਪੰਜਾਬ ਵਿੱਚ ਹੁਣ 93.2% ਮਹਿਲਾਵਾਂ ਘਰੇਲੂ ਫੈਸਲਿਆਂ ਵਿੱਚ ਹਿੱਸੇਦਾਰ ਹਨ ਅਤੇ 87.9% ਮਹਿਲਾਵਾਂ ਦੇ ਆਪਣੇ ਬੈਂਕ ਖਾਤੇ ਹਨ। ਇਸ ਤੋਂ ਇਲਾਵਾ, ਮਹਿਲਾਵਾਂ ਵਿੱਚ ਮੋਬਾਈਲ ਫੋਨ ਦੀ ਵਰਤੋਂ ਵਧ ਕੇ 72.6% ਹੋ ਗਈ ਹੈ ਅਤੇ ਨਕਦ ਆਮਦਨ ਪ੍ਰਾਪਤ ਕਰਨ ਵਾਲੀਆਂ ਮਹਿਲਾਵਾਂ ਦੀ ਦਰ ਵੀ 28.8% ਤੱਕ ਪਹੁੰਚ ਗਈ ਹੈ। ਸਭ ਤੋਂ ਰਾਹਤ ਵਾਲੀ ਗੱਲ ਇਹ ਹੈ ਕਿ ਪਤੀ ਵੱਲੋਂ ਹੋਣ ਵਾਲੀ ਘਰੇਲੂ ਹਿੰਸਾ ਵਿੱਚ ਕਮੀ ਆਈ ਹੈ ਅਤੇ ਇਹ ਅੰਕੜਾ 11.6% ਤੋਂ ਘੱਟ ਕੇ 8.7% ਰਹਿ ਗਿਆ ਹੈ। ਇਹ ਅੰਕੜੇ ਸਾਫ਼ ਕਰਦੇ ਹਨ ਕਿ ਪੰਜਾਬੀ ਮਹਿਲਾਵਾਂ ਆਰਥਿਕ ਅਤੇ ਸਮਾਜਿਕ ਤੌਰ 'ਤੇ ਵਧੇਰੇ ਸੁਤੰਤਰ ਅਤੇ ਮਜ਼ਬੂਤ ਹੋ ਰਹੀਆਂ ਹਨ ਅਤੇ ਹੁਣ ਲੋੜ ਇਸ ਗੱਲ ਦੀ ਹੈ ਕਿ ਉਹ ਆਪਣੀ ਇਸ ਸਮਾਜਿਕ ਤਾਕਤ ਦੀ ਵਰਤੋਂ ਪਰਿਵਾਰ ਅਤੇ ਖ਼ੁਦ ਦੀ ਸਿਹਤ ਨੂੰ ਸੁਧਾਰਨ ਲਈ ਵੀ ਕਰਨ।

**ਇਸ ਸੰਕਟ ਦਾ ਸਦੀਵੀ ਹੱਲ** : ਇਸ ਭਿਆਨਕ ਦਲਦਲ ਵਿੱਚੋਂ ਨਿਕਲਣ ਲਈ ਸਾਨੂੰ ਤੁਰੰਤ ਵੱਡੇ ਅਤੇ ਸਖ਼ਤ ਕਦਮ ਚੁੱਕਣੇ ਪੈਣਗੇ। ਕੇਵਲ ਹਸਪਤਾਲਾਂ ਜਾਂ ਦਵਾਈਆਂ 'ਤੇ ਨਿਰਭਰ ਰਹਿ ਕੇ ਅਸੀਂ ਪੰਜਾਬ ਨੂੰ ਨਹੀਂ ਬਚਾ ਸਕਦੇ, ਸਾਨੂੰ ਇਲਾਜ ਦੀ ਬਜਾਏ ਰੋਕਥਾਮ ਨੂੰ ਪਹਿਲ ਦੇਣੀ ਪਵੇਗੀ। ਸਭ ਤੋਂ ਪਹਿਲਾਂ ਬਜ਼ਾਰੂ ਫਾਸਟ ਫੂਡ, ਡੱਬਾਬੰਦ ਚੀਜ਼ਾਂ, ਕੋਲਡ ਡ੍ਰਿੰਕਸ ਅਤੇ ਵੱਧ ਚੀਨੀ-ਨਮਕ ਦੀ ਵਰਤੋਂ ਤੁਰੰਤ ਬੰਦ ਕਰਨੀ ਪਵੇਗੀ ਅਤੇ ਘਰ ਦੀ ਬਣੀ ਸਾਦੀ ਖੁਰਾਕ, ਹਰੀਆਂ ਸਬਜ਼ੀਆਂ, ਦਾਲਾਂ ਅਤੇ ਫਾਈਬਰ ਯੁਕਤ ਭੋਜਨ ਨੂੰ ਅਪਣਾਉਣਾ ਹੋਵੇਗਾ। ਦੂਜਾ, ਹਰ ਵਿਅਕਤੀ ਲਈ ਰੋਜ਼ਾਨਾ ਘੱਟੋ-ਘੱਟ 30 ਤੋਂ 45 ਮਿੰਟ ਦੀ ਸਰੀਰਕ ਕਸਰਤ, ਸੈਰ, ਯੋਗਾ ਜਾਂ ਸਾਈਕਲਿੰਗ ਲਾਜ਼ਮੀ ਹੋਣੀ ਚਾਹੀਦੀ ਹੈ ਅਤੇ ਬੱਚਿਆਂ ਨੂੰ ਮੋਬਾਈਲ ਤੋਂ ਦੂਰ ਕਰਕੇ ਖੇਡ ਮੈਦਾਨਾਂ ਵੱਲ ਮੋੜਨਾ ਪਵੇਗਾ। ਤੀਜਾ, ਸਰਕਾਰ ਨੂੰ ਮਿਲਾਵਟਖੋਰਾਂ ਅਤੇ ਪਾਣੀ ਪ੍ਰਦੂਸ਼ਿਤ ਕਰਨ ਵਾਲੀਆਂ ਫੈਕਟਰੀਆਂ ਖ਼ਿਲਾਫ਼ ਦੇਸ਼-ਧ੍ਰੋਹ ਵਰਗੇ ਸਖ਼ਤ ਕਾਨੂੰਨ ਬਣਾ ਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਡੱਕਣਾ ਚਾਹੀਦਾ ਹੈ। ਚੌਥਾ, 30 ਸਾਲ ਦੀ ਉਮਰ ਤੋਂ ਬਾਅਦ ਹਰ ਨਾਗਰਿਕ ਲਈ ਸਾਲ ਵਿੱਚ ਇੱਕ ਵਾਰ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦੀ ਜਾਂਚ ਲਾਜ਼ਮੀ ਹੋਣੀ ਚਾਹੀਦੀ ਹੈ, ਤਾਂ ਜੋ ਬਿਮਾਰੀ ਦਾ ਸ਼ੁਰੂਆਤੀ ਦੌਰ ਵਿੱਚ ਹੀ ਪਤਾ ਲਗਾਇਆ ਜਾ ਸਕੇ।

**ਨਤੀਜਾ**: ਇਹ ਹੈਰਾਨੀਜਨਕ ਅੰਕੜੇ ਸਿਰਫ਼ ਕਾਗਜ਼ਾਂ 'ਤੇ ਲਿਖੀ ਕੋਈ ਗਿਣਤੀ ਨਹੀਂ ਹਨ, ਇਹ ਸਾਡੇ ਘਰਾਂ, ਸਾਡੇ ਬੱਚਿਆਂ ਅਤੇ ਸਾਡੇ ਭਵਿੱਖ ਦੀ ਭਿਆਨਕ ਅਸਲੀਅਤ ਹਨ। ਅਸੀਂ ਸਿਰਫ਼ ਆਪਣੀਆਂ ਗਲਤ ਆਦਤਾਂ ਕਰਕੇ ਬਿਮਾਰ ਨਹੀਂ ਹੋ ਰਹੇ, ਬਲਕਿ ਸਾਡਾ ਆਲਾ-ਦੁਆਲਾ, ਸਾਡਾ ਪਾਣੀ ਅਤੇ ਸਾਡੀ ਥਾਲੀ ਵਿੱਚ ਪਰੋਸਿਆ ਜਾ ਰਿਹਾ ਖਾਣਾ ਵੀ ਸਾਨੂੰ ਹੌਲੀ-ਹੌਲੀ ਮੌਤ ਵੱਲ ਧੱਕ ਰਿਹਾ ਹੈ। ਜੇਕਰ ਪੰਜਾਬ ਦੇ ਲੋਕਾਂ ਨੇ ਅੱਜ ਆਪਣੀ ਜੀਵਨ-ਸ਼ੈਲੀ, ਦਿਖਾਵੇ ਦੀ ਆਦਤ ਨਾ ਬਦਲੀ ਅਤੇ ਸਰਕਾਰਾਂ ਨੇ ਨਸ਼ਿਆਂ, ਮਿਲਾਵਟਖੋਰੀ ਅਤੇ ਪ੍ਰਦੂਸ਼ਣ ਖ਼ਿਲਾਫ਼ ਜੰਗੀ ਪੱਧਰ 'ਤੇ ਕੰਮ ਨਾ ਕੀਤਾ, ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਬਿਮਾਰੀਆਂ ਦਾ ਸਭ ਤੋਂ ਵੱਡਾ ਕੇਂਦਰ ਬਣ ਜਾਵੇਗਾ। ਪੰਜਾਬ ਦੀ ਅਸਲ ਤਾਕਤ ਉਸਦੀ ਮਹਿੰਗੀਆਂ ਗੱਡੀਆਂ ਜਾਂ ਦਿਖਾਵੇ ਦੀ ਖੁਸ਼ਹਾਲੀ ਵਿੱਚ ਨਹੀਂ, ਸਗੋਂ ਉਸਦੇ ਲੋਕਾਂ ਦੇ ਤੰਦਰੁਸਤ ਸਰੀਰਾਂ ਵਿੱਚ ਹੈ। ਆਓ, ਅੱਜ ਹੀ ਜਾਗਦੇ ਹੋਏ ਇੱਕ ਸ਼ੁੱਧ, ਸਿਹਤਮੰਦ ਅਤੇ ਨਸ਼ਾ-ਮੁਕਤ ਪੰਜਾਬ ਸਿਰਜਣ ਦਾ ਸੰਕਲਪ ਲਈਏ!

# ਪੰਜਾਬ ਭਾਜਪਾ ਦੇ ਨਵੇਂ ਬਣੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਦੀ ਨਿਯੁਕਤੀ ਦਾ ਆਗੂਆਂ ਵੱਲੋਂ ਸਵਾਗਤ

ਭੁੱਚੋ ਮੰਡੀ ਨਥਾਣਾ, 31 ਮਈ (ਹਰਬੰਸ ਸਿੰਘ ਭੋਲਾ): ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵੱਲੋਂ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦਾ ਸੂਬਾ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਭਾਜਪਾ ਆਗੂਆਂ ਤੇ ਵਰਕਰਾਂ 'ਚ ਵਿੱਚ ਖੁਸ਼ੀ ਦੀ ਲਹਿਰ। ਇਸ ਮੌਕੇ ਭਾਜਪਾ ਆਗੂ , ਜ਼ਿਲ੍ਹਾ ਜਨਰਲ ਸਕੱਤਰ ਜਤਿੰਦਰ ਗੋਗੀ ਕਲਿਆਣ, ਸਾਬਕਾ ਮੰਡਲ ਪ੍ਰਧਾਨ ਜਤਿੰਦਰ ਸੇਮਾ ਤੇ ਬੀ ਜੇ ਪੀ ਦੇ ਸੀਨੀਅਰ ਆਗੂ ਸਾਬਕਾ ਡਾਇਰੈਕਟਰ ਡਾਕਟਰ ਕੁਲਰਾਜ ਸਿੰਘ ਵੱਲੋਂ ਕੇਂਦਰ ਦੀ ਲੀਡਰਸ਼ਿਪ ਦਾ ਸਵਾਗਤ ਕਰਦਿਆਂ ਕੇਵਲ ਸਿੰਘ ਢਿੱਲੋਂ ਨੂੰ ਵਧਾਈ ਦਿੱਤੀ।



ਆਗੂਆ ਨੇ ਆਪਣੇ ਸਾਂਝੇ 'ਚ ਕਿਹਾਂ ਕਿ ਕੇਵਲ ਢਿੱਲੋਂ ਤਜ਼ਰਬੇਕਾਰ, ਦੂਰ ਅੰਦੇਸ਼ ਤੇ ਜ਼ਮੀਨ ਪੱਧਰ ਤੇ ਲੋਕਾਂ ਜੁੜੇ ਹੋਏ ਹਨ, ਜਿਨ੍ਹਾਂ ਨੂੰ ਪੰਜਾਬ ਦੀ ਰਾਜਨੀਤੀ ਅਤੇ ਸਮੱਸਿਆਵਾਂ ਦਾ ਹਕੀਕਤ ਤੌਰ ਤੇ ਪਤਾ। ਆਗੂਆ ਨੇ ਕਿਹਾ ਕਿ ਹਾਈਕਮਾਂਡ ਵੱਲੋਂ ਲਿਆ ਗਿਆ ਫੈਸਲਾ ਪੰਜਾਬ ਵਿੱਚ ਭਾਜਪਾ ਨੂੰ ਹੋਰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ ਆਉਣ ਵਾਲੇ ਸਮੇਂ ਵਿੱਚ 'ਚ ਭਾਜਪਾ ਪੰਜਾਬ ਵਿੱਚ ਸਥਿਤੀ ਹੋਰ ਮਜ਼ਬੂਤ ਹੋਵੇਗੀ ਤੇ ਲੋਕਾਂ ਦਾ ਭਰੋਸਾ ਜਿੱਤਣ 'ਚ ਕਾਮਯਾਬ ਹੋਵੇਗੀ ਤੇ ਉਨ੍ਹਾਂ ਦੀ ਅਗਵਾਈ ਵਿੱਚ ਪਾਰਟੀ ਨਵੀਆਂ ਉਚਾਈਆਂ ਨੂੰ ਛੂਹੇਗੀ।

# ਦਮਦਮੀ ਟਕਸਾਲ ਨੇ ਬਾਬਾ ਦੀਪ ਸਿੰਘ ਸਕੂਲ ਮਹਿਸਮਪੁਰ ਵਿਖੇ 30ਵਾਂ ਦੀਵਾਨ ਸਜਾਇਆ

ਚੌਂਕ ਮਹਿਤਾ, 31 ਮਈ (ਬਲਜਿੰਦਰ ਸਿੰਘ ਰੰਧਾਵਾ): ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਵੱਲੋਂ ਜੂਨ 1984 (ਘੱਲੂਘਾਰਾ) ਦੇ ਸਮੂਹ ਸ਼ਹੀਦਾਂ ਦੀ 42ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ ਅੱਜ 30ਵੇਂ ਦਿਨ ਬਾਬਾ ਦੀਪ ਸਿੰਘ ਜੀ ਪਬਲਿਕ ਸਕੂਲ (ਮਹਿਸਮਪੁਰ) ਵਿਖੇ ਸ਼ਾਮ ਦੇ ਦੀਵਾਨ ਸਜਾਏ ਗਏ। ਸਮਾਗਮ ਨੂੰ ਲੈ ਕੇ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ (ਜਲਾਲ ਉਸਮਾਂ) ਅਤੇ ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ ਦੀ ਨਿਗਰਾਨੀ ਹੇਠ ਪ੍ਰਬਲ ਮੈਨੇਜਮੈਂਟ ਵੱਲੋਂ ਸੁੰਦਰ ਇਸ ਦੌਰਾਨ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਜਥੇ ਨੇ ਰਸਭਿੰਨਾ ਕੀਰਤਨ ਕੀਤਾ। ਉਪਰੰਤ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸੂਰਜ ਪ੍ਰਕਾਸ਼ ਗ੍ਰੰਥ' ਦੇ 'ਚੋਂ ਛੇਵੇਂ ਪਾਤਸ਼ਾਹ ਸ੍ਰੀ



ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਬਿਰਤਾਂਤ ਨਾਲ ਸਬੰਧਤ ਲੜੀਵਾਰ ਕਥਾ ਦਾ ਪ੍ਰਸੰਗ ਸਰਵਣ ਕਰਵਾਇਆ ਅਤੇ ਸਮਾਗਮ 'ਚ ਮੌਜੂਦ ਬੇਅੰਤ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਕਥਾ ਵਿਚਾਰ ਦੌਰਾਨ ਪੋਥੀ ਦੇ ਪਾਠ ਦੀ ਸੇਵਾ ਭਾਈ ਸਤਨਾਮ ਸਿੰਘ ਖ਼ਾਲਸਾ ਅਤੇ ਸਟੇਜ ਦੀ ਸੇਵਾ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਨੇ ਨਿਭਾਈ। ਦੀਵਾਨ ਦੀ ਸਮਾਪਤੀ ਮੌਕੇ ਸੰਤ ਬਾਬਾ ਨਵਤੇਜ ਸਿੰਘ ਚੇਲੇਆਣਾ ਸਾਹਿਬ, ਮਾਸਟਰ ਸੁਖਦੇਵ ਸਿੰਘ ਜਲਾਲ, ਸਰਪੰਚ ਸਲਵਿੰਦਰ ਸਿੰਘ ਟੌਨਾ, ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾਂ, ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ ਅਤੇ ਹੋਰਨਾਂ ਪ੍ਰਬੰਧਕਾਂ ਵੱਲੋਂ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਸੁਖਦੇਵ ਸਿੰਘ, ਜਥੇਦਾਰ ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ, ਜਥੇਦਾਰ ਬਾਬਾ ਬੋਹੜ ਸਿੰਘ, ਮਾਸਟਰ ਦਲਜੀਤ ਸਿੰਘ, ਮਾਸਟਰ ਸਤਪਾਲ ਸਿੰਘ, ਰਣਜੀਤ ਸਿੰਘ ਰਾਣਾ, ਪ੍ਰਭਜੀਤ ਸਿੰਘ ਪੰਚ, ਹਰਦੇਵ ਸਿੰਘ, ਰਣਜੀਤ ਸਿੰਘ ਫ਼ੌਜੀ, ਬਚਿੱਤਰ ਸਿੰਘ ਟਰਾਂਸਪੋਰਟਰ, ਇਕਬਾਲ ਸਿੰਘ ਮਾਨ,ਸਿਕੰਦਰ ਸਿੰਘ, ਨੰਬਰਦਾਰ ਜਗਤਾਰ, ਗੁਰਮੀਤ ਭਲਾਈਪੁਰ, ਮਾਸਟਰ ਸੁਖਦੇਵ ਸਿੰਘ, ਬਲਕਾਰ ਸਿੰਘ ਪੀ.ਬੀ. ਐੱਸ., ਅਵਤਾਰ ਸਿੰਘ, ਗਿਆਨੀ ਸਾਹਿਬ ਸਿੰਘ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਤੇ ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ਼ ਖ਼ਾਲਸਾ ਦੀਵਾਨ), ਭਾਈ ਪ੍ਰਭਜੀਤ ਸਿੰਘ, ਭਾਈ ਸਤਨਾਮ ਸਿੰਘ ਤੇ ਭਾਈ ਪ੍ਰਕਾਸ਼ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਪਿੰਡ ਮਹਿਤਾ ਤੇ ਰਾਮਦੀਵਾਲੀ ਤੋਂ ਸ਼ਰਧਾਲੂਆਂ ਦੀ ਬੱਸ ਰਵਾਨਾ



ਬਟਾਲਾ, 31 ਮਈ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ): ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਿੰਡ ਮਹਿਤਾ ਤੇ ਰਾਮਦੀਵਾਲੀ ਤੋਂ ਪਵਿੱਤਰ ਧਰਤੀ ਸ੍ਰੀ ਆਨੰਦਪੁਰ ਸਾਹਿਬ ਲਈ ਸ਼ਰਧਾਲੂਆਂ ਦੀ ਬਸ ਨੂੰ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਸ਼ਰਧਾਲੂਆਂ ਦੀ ਤੀਸਰੀ ਬੱਸ ਨੂੰ ਤਿੰਨ ਦਿਨ ਲਈ ਗੁਰਧਾਮਾਂ ਦੇ ਦਰਸ਼ਨਾਂ ਲਈ ਰਵਾਨਾ ਕੀਤਾ। ਇਹ ਤਿੰਨ ਦਿਨ ਦੀ ਯਾਤਰਾ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਤੇ ਮਾਤਾ ਨੈਣਾ ਦੇਵੀ ਦੇ ਸ਼ਰਧਾਲੂਆਂ ਨੂੰ ਦਰਸ਼ਨ ਕਰਵਾਏ ਜਾਣਗੇ।ਇਸ ਮੌਕੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਯਾਤਰੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੀ ਸੁਖਮਈ ਤੇ ਚੜ੍ਹਦੀਕਲਾ ਵਾਲੀ ਯਾਤਰਾ ਦੀ ਕਾਮਨਾ ਕੀਤੀ ਗਈ। ਇਸ ਮੌਕੇ ਸੁਖਵੰਤ ਸਿੰਘ ਜਸਪਾਲ ਸਿੰਘ ਦਲੇਰ ਸਿੰਘ ਸੁਖਦਿਆਲ ਸਿੰਘ ਗੁਰਮੇਜ ਸਿੰਘ ਸਰਬਜੀਤ ਸਿੰਘ ਕੁਲਵਿੰਦਰ ਕੌਰ ਸੁਖਵਿੰਦਰ ਕੌਰ ਗੁਰਮੀਤ ਕੌਰ ਸੁਰਿੰਦਰ ਕੌਰ ਰਜਵੰਤ ਕੌਰ ਕਵਲਜੀਤ ਕੌਰ ਰਵਨੀਤ ਕੌਰ ਆਦਿ ਹਾਜ਼ਰ ਸਨ।

# ਕਟਾਰੂਚੱਕ ਤੇ ਵਿਧਾਇਕ ਸ਼ੈਰੀ ਕਲਸੀ ਵੱਲੋਂ ਸ਼ਹੀਦ ਏ.ਐਸ.ਆਈ. ਜੋਗਾ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ

ਬਟਾਲਾ, 31 ਮਈ ( ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ): ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਤੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਸ਼ਹੀਦ ਸਹਾਇਕ ਸਬ-ਇੰਸਪੈਕਟਰ (ਏਐਸਆਈ) ਜੋਗਾ ਸਿੰਘ ਦੇ ਘਰ ਪਿੰਡ ਘਣੀਏ ਕੇ ਬਾਂਗਰ ਵਿਖੇ ਜਾ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਇਸੇ ਮੌਕੇ ਚੇਅਰਮੈਨ ਜੋਬਨ ਰੰਧਾਵਾ ਵੀ ਮੌਜੂਦ ਸਨ। ਪਰਿਵਾਰ ਨਾਲ ਦੁੱਖ ਵੰਡਾਉਣ ਉਪਰੰਤ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਏ.ਐਸ.ਆਈ. ਜੋਗਾ ਸਿੰਘ ਨੇ ਆਪਣੀ ਹਿੰਮਤ, ਸਮਰਪਣ ਅਤੇ ਨਿਰਸਵਾਰਥ ਸੇਵਾ ਰਾਹੀਂ ਪੰਜਾਬ ਪੁਲਿਸ ਦੀਆਂ ਸਰਬਉੱਚ ਪਰੰਪਰਾਵਾਂ ਨੂੰ ਕਾਇਮ ਰੱਖਦਿਆਂ ਡਿਊਟੀ ਦੌਰਾਨ ਮਹਾਨ ਕੁਰਬਾਨੀ ਦਿੱਤੀ। ਉਨ੍ਹਾਂ ਦੀ ਕੁਰਬਾਨੀ ਨੂੰ ਹਮੇਸ਼ਾ ਮਾਣ ਅਤੇ ਸਨਮਾਨ ਨਾਲ ਯਾਦ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਏ.ਐਸ.ਆਈ.



ਜੋਗਾ ਸਿੰਘ (54) ਜੋ ਕਿ 1989 ਵਿੱਚ ਪੰਜਾਬ ਪੁਲਿਸ ਵਿੱਚ ਕਾਂਸਟੇਬਲ ਵਜੋਂ ਭਰਤੀ ਹੋਏ ਸਨ ਅਤੇ ਮੌਜੂਦਾ ਸਮੇਂ ਵਿੱਚ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਦੇ ਟ੍ਰੈਫਿਕ ਸਟਾਫ਼ ਵਿੱਚ ਤਾਇਨਾਤ ਸਨ, ਨੇ 24 ਮਈ ਨੂੰ ਡਿਊਟੀ ਦੌਰਾਨ ਆਪਣੀ ਜਾਨ ਗੁਆ ਦਿੱਤੀ ਸੀ। ਉਹ ਆਪਣੇ ਪਿੱਛੇ ਮਾਂ, ਪਤਨੀ, ਪੁੱਤਰ ਅਤੇ ਧੀ ਛੱਡ ਗਏ ਹਨ। ਉਨ੍ਹਾਂ ਕਿਹਾ ਕਿ ਸ਼ਹੀਦ ਏ ਐੱਸ ਆਈ ਜੋਗਾ ਸਿੰਘ ਦਾ ਇਹ ਮਹਾਨ ਬਲੀਦਾਨ ਸਦਾ ਗੌਰਵ ਅਤੇ ਸਨਮਾਨ ਨਾਲ ਯਾਦ ਰੱਖਿਆ ਜਾਵੇਗਾ। ਉਨ੍ਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਰਿਵਾਰ ਨੂੰ ਭਰੋਸਾ ਦਿਵਾਇਆ ਕਿ ਇਸ ਦੁੱਖ ਦੀ ਘੜੀ ਵਿੱਚ ਪੰਜਾਬ ਸਰਕਾਰ ਉਨ੍ਹਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਇਸ ਮੌਕੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਏ.ਐਸ.ਆਈ. ਜੋਗਾ ਸਿੰਘ ਦੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਉਨ੍ਹਾਂ ਦੇ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਿਯੋਗ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਘਿਨਾਉਣੇ ਅਪਰਾਧ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇਗਾ।

ਉਨ੍ਹਾਂ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਏ.ਐਸ.ਆਈ. ਜੋਗਾ ਸਿੰਘ ਦੇ ਪਰਿਵਾਰ ਦੀ ਸਹਾਇਤਾ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਅਤੇ ਭਲਾਈ ਲਾਭ ਪ੍ਰਦਾਨ ਕਰੇਗੀ।

# ਸਰਕਾਰੀ ਪ੍ਰਾਇਮਰੀ ਸਕੂਲ ਬੱਲ੍ਹੋ ਨੂੰ ਮਿਲਿਆ 'ਹਾਈ ਪਰਫਾਰਮੈਂਸ ਸਕੂਲ' ਦਾ ਵਕਾਰੀ ਖ਼ਿਤਾਬ

ਬਠਿੰਡਾ 31 ਮਈ (ਜਗਸੀਰ ਭੁੱਲਰ): ਸਕੂਲ ਸਿੱਖਿਆ ਵਿਭਾਗ ਤੇ ਸਟੇਟ ਕੌਂਸਲ ਆਫ਼ ਐਜੂਕੇਸ਼ਨ ਰਿਸਰਚ ਐਂਡ ਟ੍ਰੇਨਿੰਗ ਪੰਜਾਬ ਵੱਲੋਂ ਵਿਦਿਅਕ ਮਿਆਰ ਨੂੰ ਉੱਚਾ ਚੁੱਕਣ ਲਈ ਚਲਾਈ ਗਈ 'ਸਮਰੱਥ ਸਕੂਲ ਮੁਹਿੰਮ' (ਮਿਸ਼ਨ ਸਮਰੱਥ 3.0) ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਬੱਲ੍ਹੋ ਨੇ ਇੱਕ ਵੱਡੀ ਅਕਾਦਮਿਕ ਪ੍ਰਾਪਤੀ ਹਾਸਲ ਕਰਕੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਨੂੰ ਸਿੱਖਿਆ ਵਿਭਾਗ ਵੱਲੋਂ ਅਧਿਕਾਰਤ ਤੌਰ 'ਤੇ 'ਹਾਈ ਪਰਫਾਰਮੈਂਸ ਸਕੂਲ' ਦੇ ਵਕਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਮੁਹਿੰਮ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੇ ਪੰਜਾਬੀ ਤੇ ਗਣਿਤ ਵਿਸ਼ਿਆਂ ਵਿੱਚ ਨਿਰਧਾਰਿਤ ਕੀਤੇ ਗਏ ਉੱਚ ਸਿੱਖਣ ਟੀਚਿਆਂ ਨੂੰ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਪ੍ਰਾਪਤ ਕੀਤਾ ਹੈ। ਸਰਪੰਚ ਅਮਰਜੀਤ ਕੌਰ ਤੇ ਸਕੂਲ ਮੈਨੇਜਮੈਂਟ ਕਮੇਟੀ ਨੇ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਇਹ ਵੱਕਾਰੀ ਪੁਰਸਕਾਰ ਸਕੂਲ ਦੇ ਮਿਹਨਤੀ ਅਧਿਆਪਕਾਂ ਦੀ ਦਿਨ-ਰਾਤ ਦੀ ਲਗਨ, ਸਹੀ ਮਾਰਗਦਰਸ਼ਨ ਅਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਦਾ ਸਿੱਟਾ ਹੈ। ਪਿੰਡ ਦੀ ਸਰਪੰਚ ਅਮਰਜੀਤ ਕੌਰ ਤੇ ਤਰਨਜੋਤ ਵੈਲਫੇਅਰ ਸੁਸਾਇਟੀ ਬੱਲ੍ਹੋ ਦੇ ਅਹੁਦੇਦਾਰਾਂ ਨੇ ਸਕੂਲ ਸਟਾਫ਼, ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਵੱਡੀ ਸਫ਼ਲਤਾ 'ਤੇ ਵਧਾਈ ਦਿੱਤੀ। ਉਨ੍ਹਾਂ ਉਮੀਦ ਜਤਾਈ ਕਿ ਇਹ ਸਕੂਲ ਭਵਿੱਖ ਵਿੱਚ ਵੀ ਅਕਾਦਮਿਕ ਖੇਤਰ ਵਿੱਚ ਨਵੇਂ ਕੀਰਤੀਮਾਨ ਸਥਾਪਿਤ ਕਰਕੇ ਹੋਰਨਾਂ ਸਰਕਾਰੀ ਸਕੂਲਾਂ ਲਈ ਇੱਕ ਮਿਸਾਲ ਬਣੇਗਾ। ਇਸ ਮੌਕੇ ਮੁੱਖ ਅਧਿਆਪਕ ਕਮਲਜੀਤ ਕੌਰ, ਅਧਿਆਪਕ ਰਾਜੇਸ ਕੁਮਾਰ, ਸੁਖਵਿੰਦਰ ਕੌਰ ਤੇ ਸੁਰਿੰਦਰ ਕੌਰ ਹਾਜ਼ਰ ਸਨ।

# ਧਾਰੀਵਾਲ ਨਗਰ ਕੌਂਸਲ ਚੋਣਾਂ ਵਿੱਚ 'ਆਪ' ਦੀ ਸ਼ਾਨਦਾਰ ਜਿੱਤ 'ਤੇ ਲਵਲੀ ਰੰਧਾਵਾ ਨੇ ਵੋਟਰਾਂ ਦਾ ਕੀਤਾ ਧੰਨਵਾਦ

ਧਾਰੀਵਾਲ, 31 ਮਈ (ਅਸ਼ੋਕ ਕੁਮਾਰ): ਧਾਰੀਵਾਲ ਨਗਰ ਕੌਂਸਲ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਪਾਰਟੀ ਆਗੂਆਂ ਵੱਲੋਂ ਵੋਟਰਾਂ ਦਾ ਧੰਨਵਾਦ ਕੀਤਾ ਜਾ ਰਿਹਾ ਹੈ। ਇਸ ਸਬੰਧੀ ਆਮ ਆਦਮੀ ਪਾਰਟੀ ਦੇ ਸੋਸ਼ਲ ਮੀਡੀਆ ਹਲਕਾ ਕਾਦੀਆਂ ਦੇ ਇੰਚਾਰਜ ਲਵਲੀ ਰੰਧਾਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਧਾਰੀਵਾਲ ਦੇ ਸਮੂਹ ਵੋਟਰਾਂ ਦਾ ਦਿਲੋਂ ਧੰਨਵਾਦ ਕੀਤਾ। ਲਵਲੀ ਰੰਧਾਵਾ ਨੇ ਕਿਹਾ ਕਿ ਧਾਰੀਵਾਲ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੀਆਂ ਲੋਕ-ਹਿਤੈਸ਼ੀ ਨੀਤੀਆਂ ਤੇ ਵਿਕਾਸ ਕਾਰਜਾਂ ਉੱਤੇ ਭਰੋਸਾ ਜਤਾਉਂਦਿਆਂ ਪਾਰਟੀ ਨੂੰ ਭਾਰੀ ਸਮਰਥਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਜਿੱਤ ਲੋਕਾਂ ਦੇ ਵਿਸ਼ਵਾਸ ਅਤੇ ਪਾਰਟੀ ਵਰਕਰਾਂ ਦੀ ਮਿਹਨਤ ਦਾ ਨਤੀਜਾ ਹੈ।



ਉਨ੍ਹਾਂ ਨੇ ਕਿਹਾ ਕਿ ਕਾਦੀਆਂ ਹਲਕੇ ਦੇ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੀ ਅਣਥੱਕ ਮਿਹਨਤ, ਸੁਚੱਜੀ ਰਣਨੀਤੀ ਅਤੇ ਪਾਰਟੀ ਵਰਕਰਾਂ ਦੀ ਲਗਨ ਸਦਕਾ ਧਾਰੀਵਾਲ ਨਗਰ ਕੌਂਸਲ ਵਿੱਚ ਆਮ ਆਦਮੀ ਪਾਰਟੀ ਨੇ ਮਜ਼ਬੂਤ ਜਿੱਤ ਦਰਜ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਜਿੱਤ ਨਾਲ ਪਾਰਟੀ ਦੇ ਹੌਂਸਲੇ ਹੋਰ ਵੀ ਬੁਲੰਦ ਹੋਏ ਹਨ।

ਰੰਧਾਵਾ ਨੇ ਦਾਅਵਾ ਕੀਤਾ ਕਿ ਇਹ ਨਤੀਜੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਇੱਕ ਮਹੱਤਵਪੂਰਨ ਸੰਕੇਤ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਵੱਲੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹਨ ਅਤੇ 2027 ਵਿੱਚ ਵੀ ਪਾਰਟੀ ਨੂੰ ਮੁੜ ਸੇਵਾ ਦਾ ਮੌਕਾ ਦੇਣਗੇ। ਅੰਤ ਵਿੱਚ ਉਨ੍ਹਾਂ ਨੇ ਧਾਰੀਵਾਲ ਦੇ ਵੋਟਰਾਂ, ਪਾਰਟੀ ਆਗੂਆਂ ਤੇ ਵਰਕਰਾਂ ਦਾ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ।

# ਦੰਦਾਂ ਦਾ ਮੁਫ਼ਤ ਜਾਂਚ ਕੈਂਪ ਅੱਜ ਤੋਂ : ਡਾ. ਰੋਹਿਤ ਪੀਟਰ

ਧਾਰੀਵਾਲ, 31 ਮਈ (ਅਸ਼ੋਕ ਕੁਮਾਰ): ਲੋਕਾਂ ਵਿੱਚ ਮੌਖਿਕ ਸਿਹਤ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਦੰਦਾਂ ਨਾਲ ਸਬੰਧਤ ਬਿਮਾਰੀਆਂ ਦੀ ਸਮੇਂ ਸਿਰ ਪਛਾਣ ਲਈ ਕੰਪਲੀਟ ਡੈਂਟਲ ਕੇਅਰ ਵੱਲੋਂ 1 ਤੋਂ 5 ਜੂਨ ਤੱਕ ਮੁਫ਼ਤ ਦੰਦਾਂ ਦੇ ਚੈੱਕਅਪ ਹਫ਼ਤੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਕੰਪਲੀਟ ਡੈਂਟਲ ਕੇਅਰ ਦੇ ਚੇਅਰਮੈਨ ਤੇ ਉੱਘੇ ਸਮਾਜ ਸੇਵੀ ਡਾ. ਰੋਹਿਤ ਪੀਟਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਵਿਸ਼ੇਸ਼ ਕੈਂਪ ਡਾਕਖਾਨੇ ਦੇ ਪਿੱਛੇ, ਮਿਸ਼ਨ ਹਸਪਤਾਲ ਰੋਡ, ਧਾਰੀਵਾਲ ਵਿਖੇ ਸਥਿਤ ਕੰਪਲੀਟ ਡੈਂਟਲ ਕੇਅਰ ਕਲੀਨਿਕ ਵਿੱਚ ਲਗਾਇਆ ਜਾਵੇਗਾ। ਕੈਂਪ ਦੌਰਾਨ ਦੰਦਾਂ ਦੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਪੀੜਤ ਮਰੀਜ਼ਾਂ ਦਾ ਚੈੱਕਅਪ ਬਿਲਕੁਲ ਮੁਫ਼ਤ ਕੀਤਾ ਜਾਵੇਗਾ ਤੇ ਉਨ੍ਹਾਂ ਨੂੰ ਸਹੀ ਸਲਾਹ ਵੀ ਦਿੱਤੀ ਜਾਵੇਗੀ।



ਡਾ. ਰੋਹਿਤ ਪੀਟਰ ਨੇ ਕਿਹਾ ਕਿ ਇਸ ਉਪਰਾਲੇ ਦਾ ਮੁੱਖ ਮਕਸਦ ਲੋਕਾਂ ਨੂੰ ਦੰਦਾਂ ਦੀ ਸਹੀ ਦੇਖਭਾਲ ਬਾਰੇ ਜਾਗਰੂਕ ਕਰਨਾ ਅਤੇ ਵਧੀਆ ਮੌਖਿਕ ਸਿਹਤ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਫ਼ਤ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਆਪਣੇ ਦੰਦਾਂ ਦੀ ਸਿਹਤ ਦੀ ਜਾਂਚ ਜ਼ਰੂਰ ਕਰਵਾਉਣ।


**ਬੈਂਕ ਆਫ ਬੜੌਦਾ**
**Bank of Baroda**

ਸ਼ਾਖਾ ਦਫਤਰ : ਟੈਗੋਰ ਨਗਰ,
ਟੈਗੋਰ ਨਗਰ, ਲੁਧਿਆਣਾ
Email: TAGLUD@bankofbaroda.com

ਲਾਕਰ ਸੂਚਨਾ

ਇੱਥੇ ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਲਿਖੇ ਵਿਅਕਤੀਆਂ ਨੇ ਬੈਂਕ ਤੋਂ ਲਾਕਰ ਸਹੂਲਤਾਂ ਪ੍ਰਾਪਤ ਕੀਤੀਆਂ ਹਨ।

| ਲ. ਨੰ. | ਲਾਕਰ ਨੰ. | ਗ੍ਰਾਹਕ ਦਾ ਨਾਮ | ਪਤਾ | ਬਕਾਇਆ ਰਕਮ |
|---|---|---|---|---|
| 1. | 1688AX0498 | ਯੋਗੇਸ਼ ਗੁਪਤਾ | ਪਤਾ; ਮਕਾਨ ਨੰ. 74, ਟੈਗੋਰ ਨਗਰ ਏ, ਵੈਲਫੇਅਰ ਸੋਸਾਇਟੀ ਲੁਧਿਆਣਾ, ਪੰਜਾਬ 141001 | Rs. 17,481.62/- Only |
| 2. | 1688AX0501 | ਬੇਬੀ ਦੀਆ ਦੀਵਾਨ ਅਤੇ ਕਮਲੇਸ਼ ਦੀਵਾਨ | ਪੇਸ਼ਕਾਰੀ ਮੈਡੀਕਲ ਡੀਲਰ ਐਸ.ਬੀ. ਦੁਕਾਨ ਕਮ ਫਲੈਟ, ਊਧਮ ਸਿੰਘ ਨਗਰ, ਲੁਧਿਆਣਾ ਪੰਜਾਬ-141001 | Rs. 17,940/- Only |

ਇਹ ਵਿਅਕਤੀ ਬੈਂਕ ਨੂੰ ਲਾਕਰ ਕਿਰਾਏ ਦਾ ਭੁਗਤਾਨ ਕਰਨ ਵਿੱਚ ਅਸਫਲ ਰਹੇ ਹਨ ਅਤੇ ਅਣਗਹਿਲੀ ਕੀਤੀ ਹੈ ਜਾਂ ਪਿਛਲੇ 3 ਸਾਲਾਂ ਤੋਂ ਇਸਦੀ ਵਰਤੋਂ ਨਹੀਂ ਕੀਤੀ ਹੈ। ਬੈਂਕ ਨੇ ਉਨ੍ਹਾਂ ਨੂੰ ਬੈਂਕ ਨਾਲ ਉਨ੍ਹਾਂ ਦੇ ਆਖਰੀ ਜਾਣੇ-ਪਛਾਣੇ ਪਤੇ 'ਤੇ ਪੱਤਰ ਰਾਹੀਂ ਨੋਟਿਸ ਜਾਰੀ ਕੀਤੇ ਹਨ, ਜਿਸ ਵਿੱਚ ਉਨ੍ਹਾਂ ਨੂੰ ਲਾਕਰ ਕਿਰਾਏ ਦੀ ਅਦਾਇਗੀ ਕਰਨ ਜਾਂ ਜੇਕਰ ਪਿਛਲੇ 3 ਸਾਲਾਂ ਤੋਂ ਨਹੀਂ ਚਲਾਇਆ ਗਿਆ ਹੈ ਤਾਂ ਲਾਕਰ ਚਲਾਉਣ ਦੀ ਸਲਾਹ ਦਿੱਤੀ ਗਈ ਹੈ।

ਇਹ ਸੂਚਿਤ ਕਰਨ ਲਈ ਅੰਤਿਮ ਨੋਟਿਸ ਹੈ ਕਿ ਜੇਕਰ ਉਪਰੋਕਤ ਵਿਅਕਤੀਆਂ ਨੂੰ 31.08.2026 ਨੂੰ ਜਾਂ ਇਸ ਤੋਂ ਪਹਿਲਾਂ ਬੈਂਕ ਨੂੰ ਲਾਕਰ ਕਿਰਾਏ ਦੇ ਬਕਾਏ ਦਾ ਭੁਗਤਾਨ ਕਰਨਾ ਪੈਂਦਾ ਹੈ / ਲਾਕਰ ਚਲਾਉਣਾ ਪੈਂਦਾ ਹੈ, ਤਾਂ ਬੈਂਕ ਬੈਂਕਿੰਗ ਕਾਨੂੰਨ ਅਤੇ ਅਭਿਆਸ ਦੇ ਅਨੁਸਾਰ, ਲਾਕਰ ਕਿਰਾਏਦਾਰ ਦੇ ਜੋਖਮ ਅਤੇ ਜ਼ਿੰਮੇਵਾਰੀ 'ਤੇ ਲਾਕਰ ਨੂੰ ਤੋੜੇਗਾ ਅਤੇ ਖੋਲ੍ਹੇਗਾ ਅਤੇ ਲਾਕਰ ਵਿੱਚ ਪਈਆਂ ਚੀਜ਼ਾਂ, ਜੇਕਰ ਕੋਈ ਹਨ, ਦੀ ਸੂਚੀ ਲਵੇਗਾ ਅਤੇ ਉਹਨਾਂ ਨੂੰ ਬੈਂਕ ਦੀ ਹਿਰਾਸਤ ਵਿੱਚ ਰੱਖੇਗਾ ਜਦੋਂ ਤੱਕ ਕਿਰਾਏ ਦੇ ਬਕਾਏ ਵਿਆਜ, ਖਰਚਿਆਂ, ਖਰਚਿਆਂ ਆਦਿ ਦੇ ਨਾਲ ਬੈਂਕ ਨੂੰ ਅਦਾ ਨਹੀਂ ਕਰ ਦਿੱਤੇ ਜਾਂਦੇ।

ਬੈਂਕ ਕੋਲ ਉਪਰੋਕਤ ਵਿਅਕਤੀਆਂ ਦੇ ਬੈਂਕ ਨੂੰ ਬਕਾਇਆ ਬਕਾਏ ਦੇ ਵਿਰੁੱਧ ਲਾਕਰ ਵਿੱਚ ਮਿਲਣ ਵਾਲੀ ਨਕਦੀ, ਜੇਕਰ ਕੋਈ ਮਿਲਦੀ ਹੈ, ਨੂੰ ਐਡਜਸਟ ਕਰਨ ਦਾ ਅਧਿਕਾਰ ਰਾਖਵਾਂ ਹੈ ਅਤੇ ਇਸਨੂੰ ਦਾਅਵਿਆਂ 'ਤੇ ਸਹੀ ਨਿਪਟਾਰਾ ਮੰਨਿਆ ਜਾਵੇਗਾ, ਬਾਅਦ ਵਿੱਚ ਇਸ ਸਬੰਧ ਵਿੱਚ ਵਿਚਾਰਿਆ ਜਾਵੇਗਾ। ਲਾਕਰ ਕਿਰਾਏ ਦੇ ਬਕਾਏ ਲਈ, ਬੈਂਕ ਆਪਣੇ ਬਕਾਏ ਦੀ ਵਸੂਲੀ ਲਈ ਲਾਕਰ ਕਿਰਾਏਦਾਰ/ਵਿਅਕਤੀਆਂ ਵਿਰੁੱਧ ਕਾਨੂੰਨੀ ਤੌਰ 'ਤੇ ਕਾਰਵਾਈ ਕਰਨ ਦਾ ਅਧਿਕਾਰ ਰਾਖਵਾਂ ਰੱਖਦਾ ਹੈ।

ਮਿਤੀ: 31.05.2026 ਸਥਾਨ:- ਲੁਧਿਆਣਾ ਅਧਿਕਾਰਤ ਅਧਿਕਾਰੀ



**SHRIRAM Finance**

**ਸ਼੍ਰੀਰਾਮ ਫਾਈਨੈਂਸ ਲਿਮਟਿਡ**

ਰਜਿਸਟਰਡ ਦਫ਼ਤਰ: ਲਿਮਟਿਡ ਰਜਿਸਟਰਡ ਦਫਤਰ ਸ਼੍ਰੀ ਟਾਵਰਜ਼, ਪਲਾਟ ਨੰ. 14ਏ, ਸਾਊਥ ਫੇਜ਼, ਇੰਡਸਟਰੀਅਲ ਅਸਟੇਟ, ਗਿੰਡੀ, ਚੇਨਈ ਤਾਮਿਲਨਾਡੂ-600032, ਤਾਮਿਲਨਾਡੂ, ਅਤੇ ਵੋਕਹਾਰਟ ਟਾਵਰਜ਼, ਲੈਵਲ-3, ਸੀ-2, ਜੀ ਬਲਾਕ, ਬਦਰਾ-ਕੁਰਲਾ ਕੰਪਲੈਕਸ, ਬਾਂਦਰਾ (ਪੂਰਬੀ) ਮੁੰਬਈ-40051

ਸ਼ਾਖਾ ਦਫਤਰ : ਪਹਿਲੀ ਮੰਜ਼ਿਲ, ਸਾਹਮਣੇ ਗਰੋਵਰ ਸਕੈਨ ਸੈਂਟਰ ਬਠਿੰਡਾ ਰੋਡ, ਸ੍ਰੀ ਮੁਕਤਸਰ ਸਾਹਿਬ 152026

**ਸੰਕਤਕ ਕਬਜ਼ਾ ਸੂਚਨਾ (ਦੇਖੋ ਨਿਯਮ 8 (1)) (ਅਚੱਲ ਸੰਪੱਤੀ ਲਈ)**

ਜਿੱਥੇ, ਹੇਠਾਂ ਹਸਤਾਖਰ ਕਰਨ ਵਾਲੇ ਨੇ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਉਕਤ ਐਕਟ) ਦੇ ਉਪਬੰਧਾਂ ਦੇ ਤਹਿਤ ਸ਼੍ਰੀਰਾਮ ਫਾਈਨੈਂਸ ਲਿਮਟਿਡ (SFL) ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 (ਉਕਤ ਨਿਯਮ) ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(2) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਕਰਜ਼ਦਾਰਾਂ ਦੇ ਵੇਰਵਿਆਂ ਨੂੰ ਮੰਗ ਨੋਟਿਸ ਜਾਰੀ ਕੀਤੇ।

ਜਿਨ੍ਹਾਂ ਵਿੱਚੋਂ ਹੇਠਾਂ ਦਿੱਤੀ ਸਾਰਣੀ ਵਿੱਚ ਉਕਤ ਮੰਗ ਨੋਟਿਸਾਂ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਦੱਸਿਆ ਗਿਆ ਹੈ। ਕਰਜ਼ਦਾਰ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ **26 ਮਈ 2026** ਨੂੰ ਉਕਤ ਨਿਯਮਾਂ ਦੇ ਨਿਯਮ 8 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਉਸਨੂੰ/ਉਸਨੂੰ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਮ ਅਤੇ ਪਤਾ | ਜਾਇਦਾਦ ਦਾ ਵੇਰਵਾ | ਮੰਗ ਨੋਟਿਸ ਅਨੁਸਾਰ ਬਕਾਇਆ ਰਕਮ ਅਤੇ ਮੰਗ ਸੂਚਨਾ ਦੀ ਮਿਤੀ |
|---|---|---|
| 1) ਇੰਦਰਜੀਤ ਕੌਰ ਪਤਨੀ ਪ੍ਰਗਟ ਸਿੰਘ ਗਲੀ ਨੰਬਰ 1 ਖਿਦਰਾਣਾ ਐਨਕਲੇਵ ਮਲੋਟ ਬਠਿੰਡਾ ਬਾਈਪਾਸ ਸ੍ਰੀ ਮੁਕਤਸਰ ਸਾਹਿਬ ਪੰਜਾਬ-152026 2) ਪਰਗਟ ਸਿੰਘ ਪੁੱਤਰ: ਸੁਬੇਗ ਸਿੰਘ ਗਲੀ ਨੰਬਰ 1 ਖਿਦਰਾਣਾ ਐਨਕਲੇਵ ਮਲੋਟ ਬਠਿੰਡਾ ਬੇ ਪਾਸ ਸ੍ਰੀ ਮੁਕਤਸਰ ਸਾਹਿਬ ਪੰਜਾਬ-152026 | MUKFATF1707270003- ਸ਼੍ਰੀਮਤੀ ਇੰਦਰਜੀਤ ਕੌਰ ਪਤਨੀ ਸ਼੍ਰੀ ਪ੍ਰਗਟ ਸਿੰਘ ਦੇ ਨਾਮ 'ਤੇ ਅਚੱਲ ਜਾਇਦਾਦ ਰਿਹਾਇਸ਼ੀ ਘਰ ਦਾ ਵੇਰਵਾ, ਗਲੀ ਨੰਬਰ 1, ਮਲੋਟ-ਬਠਿੰਡਾ ਬਾਈਪਾਸ ਰੋਡ 'ਤੇ ਸਥਿਤ ਖਿਦਰਾਣਾ ਐਨਕਲੇਵ ਕਲੋਨੀ, ਸ਼੍ਰੀ ਮੁਕਤਸਰ ਸਾਹਿਬ। ਮੁਰੱਬਾ ਨੰਬਰ 356 ਕਿਲਾ 25 (7-2), ਐਮ 357 ਕਿਲਾ 20 (2-11), 21 (6-12) ਹੇਠ ਲਿਖੇ ਅਨੁਸਾਰ ਹੱਦਬੰਦੀ:. ਪੂਰਬ: - ਸਥਾਨਕ ਸ਼੍ਰੀ ਭਾਰਤ ਭੂਸ਼ਣ, ਪੱਛਮ: - ਸਥਾਨਕ ਸ਼੍ਰੀ ਭਾਰਤ ਭੂਸ਼ਣ, ਦੱਖਣ: - ਸਥਾਨਕ ਸ਼੍ਰੀ ਕੁਲਦੀਪ ਸਿੰਘ | 2537058/- ਰੁਪਏ (ਪੱਚੀ ਲੱਖ ਸੈਂਤੀ ਹਜ਼ਾਰ ਅਠੱਵੰਜਾ ਰੁਪਏ) ਖਾਤਾ ਨੰਬਰ: - **MUKFATF**1707270003 ਮੰਗ ਨੋਟਿਸ ਮਿਤੀ 13-03-2026 |

ਇਹ ਨੋਟਿਸ ਆਮ ਜਨਤਾ ਨੂੰ ਇਹ ਵੀ ਚੇਤਾਵਨੀ ਦੇਣ ਲਈ ਹੈ ਕਿ SFL ਦਾ ਅਧਿਕਾਰਤ ਅਧਿਕਾਰੀ ਉੱਪਰ ਦੱਸੀ ਗਈ ਅਚੱਲ ਜਾਇਦਾਦ ਦੇ ਕਾਨੂੰਨੀ ਸੰਕੇਤਕ ਕਬਜ਼ੇ ਵਿੱਚ ਹੈ ਅਤੇ ਕਰਜ਼ਦਾਰ ਜਾਂ ਕੋਈ ਵੀ ਵਿਅਕਤੀ ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ, SFL ਦੀ ਪੂਰਵ ਲਿਖਤੀ ਸਹਿਮਤੀ ਤੋਂ ਬਿਨਾਂ, ਇਸ ਨੋਟਿਸ ਵਿੱਚ ਜ਼ਿਕਰ ਕੀਤੀ ਗਈ ਉਪਰੋਕਤ ਸੁਰੱਖਿਅਤ ਸੰਪਤੀਆਂ ਵਿੱਚੋਂ ਕਿਸੇ ਨੂੰ ਵੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਟ੍ਰਾਂਸਫਰ ਨਹੀਂ ਕਰੇਗਾ।

ਮਿਤੀ : 25.05.2026 ਸਥਾਨ : ਸ੍ਰੀ ਮੁਕਤਸਰ ਸਾਹਿਬ ਅਧਿਕਾਰਤ ਅਧਿਕਾਰੀ, ਸ਼੍ਰੀਰਾਮ ਫਾਇਨਾਂਸ ਲਿਮਟਿਡ



**ਵਸੂਲੀ ਅਧਿਕਾਰੀ ਦਾ ਦਫਤਰ-1/2**

**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1 )**
**ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ ਚੰਡੀਗੜ੍ਹ**

**ਮੰਗ ਸੂਚਨਾ**

ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ

ਆਰ.ਸੀ./580/2025 ਮਿਤੀ :12.05.2026

ਪੰਜਾਬ ਨੈਸ਼ਨਲ ਬੈਂਕ
ਬਨਾਮ
ਮੈਸ. ਆਰਐਸ ਇੰਟਰਨੈਸ਼ਨਲ

ਵੱਲ,

(ਸੀਡੀ 1) ਮੈਸਰਜ਼ ਆਰਐਸ ਇੰਟਰਨੈਸ਼ਨਲ, ਇੱਕ ਭਾਈਵਾਲੀ ਫਰਮ ਜਿਸਦਾ ਰਜਿਸਟਰਡ ਦਫਤਰ ਪਲਾਟ ਨੰਬਰ 71, ਲੈਦਰ ਕੰਪਲੈਕਸ, ਕਪੂਰਥਲਾ ਰੋਡ, ਜਲੰਧਰ, ਪੰਜਾਬ ਵਿਖੇ ਹੈ।
(ਸੀਡੀ 2) ਖੁਸ਼ਹਾਲ ਵਿਰਾਲੀਆ ਪੁੱਤਰ ਸ਼੍ਰੀ ਵਿਨੋਦ ਕੁਮਾਰ, ਵਾਸੀ 2523-ਏ, ਸ਼ਿਵਲੋਕਪੁਰੀ ਕਾਂਕੇਰ, ਖੇੜਾ ਮੇਰਠ- (ਯੂ.ਪੀ.)
(ਸੀਡੀ 3) ਪੂਨਮ ਵਿਰਾਲੀਆ ਪਤਨੀ ਵਿਨੈ ਕੁਮਾਰ, ਵਾਸੀ 2523-ਏ, ਸ਼ਿਵ ਲੋਕਪੁਰੀ ਕਾਂਕੇਰ, ਖੇੜਾ ਮੇਲਰੁਤ-(ਯੂ.ਪੀ.)
(ਸੀਡੀ 4) ਵਿਨੋਦ ਕੁਮਾਰ ਪੁੱਤਰ ਰਘੁਵੀਰ ਸਿੰਘ, ਵਾਸੀ252/3ਏ, ਸ਼ਿਵਲੋਕਪੁਰੀ ਕਾਂਕੇਰ, ਕੁਏਰਾ ਮਫੇਰੁਤ (ਯੂ.ਪੀ.)
(ਸੀਡੀ 5) ਮੈਸਰਜ਼ ਕਾਂਤੀ ਲੌਂਜ ਪ੍ਰਾ. ਲਿਮਟਿਡ ਦਾ ਰਜਿਸਟਰਡ ਦਫਤਰ 46, ਅੰਮ੍ਰਿਤ ਨਗਰ, ਨਵੀਂ ਦਿੱਲੀ ਵਿਖੇ ਇਸਦੇ ਅਧਿਕਾਰਤ ਨਿਰਦੇਸ਼ਕ ਸ਼੍ਰੀ ਵਿਨੈ ਕੁਮਾਰ ਦੁਆਰਾ ਹੈ।

ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1) ਓਏ/1510/2019 ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 10.05.2019 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 10.60% ਦੀ ਦਰ 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ ਰੁ. 5,08,69,103/-/- (ਰੁਪਏ ਪੰਜ ਕਰੋੜ ਅੱਠ ਲੱਖ ਉਣਾਹਠ ਹਜ਼ਾਰ ਇਕ ਸੌ ਤਿੰਨ ਕੇਵਲ) ਦੀ ਰਕਮ ਅਤੇ ਰੁ. 1,50,005/- (ਰੁਪਏ ਇਕ ਲੱਖ ਪੰਜਾਹ ਹਜ਼ਾਰ ਪੰਜ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।

2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3.ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੇਰੀ ਕਾਰਵਾਈ ਲਈ 09.05.2026 ਨੂੰ ਸਵੇਰੇ 10.30 ਵਜੇ ਨਿਮਨ ਹਸਤਾਖਰੀ ਕੋਲ ਹਾਜ਼ਰ ਹੋਵੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਂਗੇ :
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ (ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।

ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 12.05.2026 ਨੂੰ ਜਾਰੀ।

**ਵਸੂਲੀ ਅਧਿਕਾਰੀ-II**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, (ਡੀਆਰਟੀ 1)**



**SHRIRAM Finance**

**ਸ਼੍ਰੀਰਾਮ ਫਾਇਨਾਂਸ ਲਿਮਟਿਡ**

ਪੰਜੀਕ੍ਰਿਤ ਦਫ਼ਤਰ : ਲਿਮਟਿਡ ਪੰਜੀਕ੍ਰਿਤ ਦਫ਼ਤਰ ਪਤਾ : ਸ਼੍ਰੀ ਟਾਵਰਜ਼, ਪਲਾਟ ਨੰ. 14ਏ, ਸਾਊਥ ਫੇਜ਼, ਇਡਸਟ੍ਰੀਅਲ ਅਸਟੇਟ, ਗਿੰਡੀ, ਚੇਨਈ, ਤਾਮਿਲਨਾਡੂ-600032, ਤਾਮਿਲਨਾਡੂ ਅਤੇ ਵੈਂਕਹਾਰਡ ਟਾਵਰਜ਼, ਲੈਵਲ-3, ਸੀ-2, ਜੀ ਬਲਾਕ, ਬਾਂਦਰਾ-ਕੁਰਲਾ ਕੰਪਲੈਕਸ, ਬਾਂਦਰਾ (ਪੂਰਬ) ਮੁੰਬਈ-40051

ਸ਼ਾਖਾ ਦਫ਼ਤਰ : ਪਹਿਲੀ ਮੰਜ਼ਿਲ, ਐਸਸੀਓ 58, 59, ਜੀਕੇ ਮਾਲ, ਨੇੜੇ ਜਵੱਦੀ ਪੁੱਲ ਕੈਨਾਲ ਰੋਡ, ਲੁਧਿਆਣਾ
ਸ਼ਾਖਾ ਦਫ਼ਤਰ : ਬੀਬਾ ਵਾਲਾ ਰੋਡ ਬਠਿੰਡਾ 151001

**ਸੰਕੇਤਕ ਕਬਜ਼ਾ ਸੂਚਨਾ (ਦੇਖੋ ਨਿਯਮ 8 (1)) (ਅਚੱਲ ਸੰਪੱਤੀ ਦੇ ਲਈ)**

ਜਿੱਥੇ, ਸ਼੍ਰੀਰਾਮ ਫਾਈਨੈਂਸ ਲਿਮਟਿਡ (SFL) ਦੇ ਅਧਿਕਾਰਤ ਅਧਿਕਾਰੀ ਵਜੋਂ, ਹੇਠ ਹਸਤਾਖਰ ਕਰਨ ਵਾਲੇ ਨੇ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਉਕਤ ਐਕਟ) ਦੇ ਉਪਬੰਧਾਂ ਦੇ ਤਹਿਤ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 (ਉਕਤ ਨਿਯਮ) ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 12) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਕਰਜ਼ਦਾਰ ਨੂੰ ਮੰਗ ਨੋਟਿਸ ਜਾਰੀ ਕੀਤੇ, ਜਿਨ੍ਹਾਂ ਦੇ ਵੇਰਵੇ ਹੇਠਾਂ ਦਿੱਤੀ ਸਾਰਣੀ ਵਿੱਚ ਉਕਤ ਮੰਗ ਨੋਟਿਸਾਂ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਦਿੱਤੇ ਗਏ ਹਨ।

ਕਰਜ਼ਦਾਰਾਂ ਵੱਲੋਂ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖ਼ਰੀ ਨੇ **26 ਮਈ 2026** ਨੂੰ ਉਕਤ ਐਕਟ ਦੀ ਧਾਰਾ 13(4) ਦੇ ਨਿਯਮ 8 ਦੇ ਤਹਿਤ ਉਸਨੂੰ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਮ ਅਤੇ ਪਤਾ | ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਅਨੁਸਾਰ ਬਕਾਇਆ ਰਕਮ ਅਤੇ ਮੰਗ ਸੂਚਨਾ ਦੀ ਮਿਤੀ |
|---|---|---|
| 1) ਸ਼੍ਰੀ ਅਮਰੀਕ ਸਿੰਘ ਪੁੱਤਰ ਰੇਸ਼ਮ ਸਿੰਘ, 30, ਪਿੰਡ ਕੋਠੇ ਚੇਤ ਸਿੰਘ ਵਾਲੇ, ਅਬਲੂ, ਬਠਿੰਡਾ, ਪੰਜਾਬ 2) ਸ਼੍ਰੀਮਤੀ ਅਰਸ਼ਦੀਪ ਕੌਰ ਸੁਪਤਨੀ ਅਮਰੀਕ ਸਿੰਘ, 30, ਪਿੰਡ ਕੋਠੇ ਚੇਤ ਸਿੰਘ ਵਾਲੇ, ਅਬਲੂ, ਅਬਲੂ, ਬਠਿੰਡਾ ਪੰਜਾਬ, 151201 | ਪਿੰਡ ਕੋਠੇ ਚੇਤ ਸਿੰਘ ਵਾਲਾ, ਤਹਿਸੀਲ ਅਤੇ ਜ਼ਿਲ੍ਹਾ ਬਠਿੰਡਾ ਵਿਖੇ ਸਥਿਤ ਤਬਦੀਲ ਵਿਕਰੀ ਡੀਡ ਨੰਬਰ 2019-20/23/1/8291 ਮਿਤੀ 20.12.2019 ਦੇ ਅਧੀਨ 1 ਮੰਜ਼ਿਲਾ ਰਿਹਾਇਸ਼ੀ ਮਕਾਨ ਦੇ ਖੇਵਟ ਖਤੌਨੀ ਨੰ. 777/1444 ਤੋਂ 1466 ਖਸਰਾ ਨੰ. 240//16 (8-0), 17 (4-0) 25/1 (4-5), 241//19/2 (0-13) 20 (5-7) 284/74 ਮਿਨ (0-7) 373//19 (8-0), 20 (8-0), 21 (8-0) 22 (8-0), 374//16/2/2 (0-18), 248//3. ਮਿਨ (117), 4 ਮਿਨ (40) 297/13 ਮਿਨ (3-4), 4 ਮਿੰਨ(6-14), 3377/12/2(3-7) 22 (8-0) 374/2 (3-0), 297/15 ਮਿਨ (6-6) 374//2 ਮਿੰਨ (5-0) 9 (80), 12/1(5-11), 18 ਮਿੰਨ(32), 227/117 ਮਿੰਨ (50), 24 ਮਿੰਨ (50), 2487/3 ਮਿਨ (5-10), 278//23 ਮਿਨ (0-4), 24 ਮਿਨ (4-18) 25 ਮਿਨ (4-18), 297774 ਮਿਨ (16), 5 ਮਿਨ (1-6), 337//13 ਮਿਨ (68) 18 ਮਿਨ (68) 23 ਮਿੰਨ(6-x), 374/13 ਮਿੰਨ(3-4), 8 ਮਿੰਟ(3-4) 13/1 (4-16), 18 (4-18), 3 ਮਿੰਨ(3 14), 8 ਮਿਨ (3-4), 13/1 (1-12), 227//16 ਮਿਨ (2-0), 17 ਮਿਨ (3-0) 24 ਮਿਨ (30), 25 ਮਿੰਨ (2-0), 240//24 ਮਿਨ (4-0), 25 ਮਿਨ (33), 278/13(8-0), 14(8-0), 15(8-0) 16 (8-0). 17 (8-0), 18 (8-0) 23/2 (7-16) 24 ਮਿਨ (32) 25 ਮਿਨ (3-2), 2841/3 ਮਿਨ (1-10), 4 ਮਿਨ (0-13) 240//14/2 (3-10), 15 (2-13) 17 ਮਿਨ (4-0) 18/1 (7-0) 23 (8-0). 24 (40), 284/13 ਮਿਨ (5-12), 297719 ਮਿੰਨ(3- 10), 12 ਮਿਨ (210), 2847 ਮਿੰਨ (6-2), 7(8-0), 8 ਮਿਨ (40), 13(4-0)। 14 (8-0), 337/17 (70), 13 ਮਿਨ (2-13), 14 (8-0), 17 (8-0), 18 ਮਿਨ (1-12), 23 ਮਿਨ (1-12), 24 (8), 374/13 ਮਿਨ (1-12), 08-12), 08 (12), 08 ਮਿਨ (1-12), 13/1 (0-15), 14/1 (3-2) 239//25/2 (4-4), 284//19/1 (2-0), 922 (2-12) 923 (1-13)। 24 (1-13), 925 (1-6), 935 (1-5), 1099/2 (1-15), 1119 (11-0) 284//17 (80) 18 ਮਿਨ (4-18), 240//21 (8-0), 22 (80), 284/12/2 (1-16), 8 ਮਿਨ (110) 91(20) 12/2(20), 13 ਮਿੰਨ (40) 18 ਮਿਨ (3-2), 297/2 (2-13) 3 ਮਿਨ (2-10) 9 ਮਿਨ (0-10) 3 ਮਿਨ (1-10), 8 (7-12), 12 ਮਿਨ (5-) 374//17 (8-0) 23 (8-0), 24 (8-0), 25/1 (3-8), 25/2 (4-0) 297//26 (2-11) 1474 (0-3), 1475 (0-3) 1476 (0-3) 1477 (0-3) 1478 (0-3) ਮਿੰਨ37//19 (8-0), 374//13/2 (0-17), 14/2 (4-18)। 16/1 (4-0)16/2/1 (2-4)1099/4(0-17), 1099/1(0-15), 1099 ਮਿੰਨ(0-10), 1473(0-3),794(2-8) 227/15 (8-0), 16 ਮਿੰਟ (60) 25(6-0), 248//4 (3-7) 378/15 (7-4) 379//1/2 (7-11), 2/1 (2-13) ਵਿਚ ਸ਼ਾਮਲ 590 ਕਨਾਲ - 08 ਮਰਲੇ ਦੇ 40/11808 ਹਿੱਸੇ ਭਾਵ (02 ਕਨਾਲ) ਮਾਪ ਵਾਲੀ ਸੰਪੱਤੀ। ਪੂਰਬ: 86'-9" ਸੜਕ, ਪੱਛਮ: 111-10" ਅਵਤਾਰ ਸਿੰਘ, ਦੱਖਣ: 109'-9" ਜਸਵੰਤ ਸਿੰਘ ਦਾ ਮਕਾਨ,ਉੱਤਰ: 112'-5" ਸੜਕ। | ਰੁ. 2028016.45/- (ਰੁ. ਵੀਹ ਲੱਖ ਅਠਾਈ ਹਜ਼ਾਰ ਸੋਲਾਂ ਅਤੇ ਰੁ. ਪੰਤਾਲੀ ਕੇਵਲ) A/c No: - BHATITF2104160001 Demand Notice dated 19-03-2026 |

ਇਹ ਨੋਟਿਸ ਆਮ ਜਨਤਾ ਨੂੰ ਇਹ ਵੀ ਚੇਤਾਵਨੀ ਦੇਣ ਲਈ ਹੈ ਕਿ SFL ਦਾ ਅਧਿਕਾਰਤ ਅਧਿਕਾਰੀ ਉੱਪਰ ਦੱਸੀ ਗਈ ਅਚੱਲ ਜਾਇਦਾਦ ਦਾ ਕਾਨੂੰਨੀ ਸੰਕੇਤਕ ਕਬਜ਼ਾ ਰੱਖਦਾ ਹੈ ਅਤੇ ਕਰਜ਼ਦਾਰ ਜਾਂ ਕੋਈ ਵੀ ਵਿਅਕਤੀ ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ, SFL ਦੀ ਪੂਰਵ ਲਿਖਤੀ ਸਹਿਮਤੀ ਤੋਂ ਬਿਨਾਂ, ਇਸ ਨੋਟਿਸ ਵਿੱਚ ਦਰਸਾਈ ਗਈ ਉਪਰੋਕਤ ਸੁਰੱਖਿਅਤ ਜਾਇਦਾਦਾਂ ਵਿੱਚੋਂ ਕਿਸੇ ਨੂੰ ਵੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਟਰਾਂਸਫਰ ਨਹੀਂ ਕਰੇਗਾ।

ਮਿਤੀ : 26.05.2026 ਸਥਾਨ : ਬਠਿੰਡਾ ਅਧਿਕਾਰਤ ਅਧਿਕਾਰੀ, ਸ਼੍ਰੀਰਾਮ ਫਾਇਨਾਂਸ ਲਿਮਟਿਡ



**SHRIRAM Finance**

**ਸ਼੍ਰੀਰਾਮ ਫਾਈਨੈਂਸ ਲਿਮਟਿਡ**

ਰਜਿਸਟਰਡ ਦਫ਼ਤਰ: ਲਿਮਟਿਡ ਰਜਿਸਟਰਡ ਦਫਤਰ ਸ਼੍ਰੀ ਟਾਵਰਜ਼, ਪਲਾਟ ਨੰ. 14ਏ, ਸਾਊਥ ਫੇਜ਼, ਇੰਡਸਟਰੀਅਲ ਅਸਟੇਟ, ਗਿੰਡੀ, ਚੇਨਈ ਤਾਮਿਲਨਾਡੂ-600032, ਤਾਮਿਲਨਾਡੂ, ਅਤੇ ਵੋਕਹਾਰਟ ਟਾਵਰਜ਼, ਲੈਵਲ-3, ਸੀ-2, ਜੀ ਬਲਾਕ, ਬਦਰਾ-ਕੁਰਲਾ ਕੰਪਲੈਕਸ, ਬਾਂਦਰਾ (ਪੂਰਬੀ) ਮੁੰਬਈ-40051

ਸ਼ਾਖਾ ਦਫਤਰ : ਐਸਸੀਓ 109 ਪਹਿਲੀ ਮੰਜ਼ਿਲ, ਸਾਹਮਣੇ ਮਾਹੌਲ ਰੈਸਟੋਰੈਂਟ ਸਾਹਮਣੇ ਐਸਡੀਐਮ ਕੋਰਟ ਸਰਹਾਲੀ ਰੋਡ, ਤਰਨ ਤਾਰਨ 143401 ਪੰਜਾਬ

**ਸੰਕਤਕ ਕਬਜ਼ਾ ਸੂਚਨਾ (ਦੇਖੋ ਨਿਯਮ 8 (1)) (ਅਚੱਲ ਸੰਪੱਤੀ ਲਈ)**

ਜਿੱਥੇ, ਹੇਠਾਂ ਹਸਤਾਖਰ ਕਰਨ ਵਾਲੇ ਨੇ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਉਕਤ ਐਕਟ) ਦੇ ਉਪਬੰਧਾਂ ਦੇ ਤਹਿਤ ਸ਼੍ਰੀਰਾਮ ਫਾਈਨੈਂਸ ਲਿਮਟਿਡ (SFL) ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 (ਉਕਤ ਨਿਯਮ) ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(2) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਕਰਜ਼ਦਾਰਾਂ ਦੇ ਵੇਰਵਿਆਂ ਨੂੰ ਮੰਗ ਨੋਟਿਸ ਜਾਰੀ ਕੀਤੇ।

ਜਿਨ੍ਹਾਂ ਵਿੱਚੋਂ ਹੇਠਾਂ ਦਿੱਤੀ ਸਾਰਣੀ ਵਿੱਚ ਉਕਤ ਮੰਗ ਨੋਟਿਸਾਂ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਦੱਸਿਆ ਗਿਆ ਹੈ। ਕਰਜ਼ਦਾਰ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਹਸਤਾਖਰ ਕਰਨ ਵਾਲੇ ਨੇ 27.05.2026 ਨੂੰ ਉਕਤ ਨਿਯਮਾਂ ਦੇ ਨਿਯਮ 8 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਉਸਨੂੰ/ਉਸਨੂੰ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਮ ਅਤੇ ਪਤਾ | ਜਾਇਦਾਦ ਦਾ ਵੇਰਵਾ | ਮੰਗ ਨੋਟਿਸ ਅਨੁਸਾਰ ਬਕਾਇਆ ਰਕਮ ਅਤੇ ਮੰਗ ਸੂਚਨਾ ਦੀ ਮਿਤੀ |
|---|---|---|
| 1) ਕੇਐਸਐਮਐਸ ਬਿਜ਼ਨਸ ਮਾਰਕੀਟਿੰਗ ਪ੍ਰਾਈਵੇਟ ਲਿਮਟਿਡ। ਇਸਦੇ ਡਾਇਰੈਕਟਰ ਰਾਹੀਂ, ਸ਼੍ਰੀ ਕੁਲਦੀਪ ਸਿੰਘ ਪੁੱਤਰ ਸ਼੍ਰੀ ਜਸਵੰਤ ਸਿੰਘ ਕਾਰੋਬਾਰੀ ਪਤਾ: ਬਾਠ ਰੋਡ ਬਾਲ ਗੈਸ ਏਜੰਸੀ ਦੇ ਸਾਹਮਣੇ ਜ਼ਿਲ੍ਹਾ ਤਰਨ ਤਾਰਨ ਪਿੰਨ. 143303. ਇਸ ਤੋਂ ਇਲਾਵਾ ਸ਼੍ਰੀ ਕੁਲਦੀਪ ਸਿੰਘ ਪੁੱਤਰ ਸ਼੍ਰੀ ਜਸਵੰਤ ਸਿੰਘ ਨਿਵਾਸੀ ਪਿੰਡ ਦਲ ਤਹਿਸੀਲ ਪੱਟੀ ਅਤੇ ਜ਼ਿਲ੍ਹਾ ਤਰਨ ਤਾਰਨ ਪਿੰਨ. 143305 2) ਸ਼੍ਰੀ ਜਸਵੰਤ ਪੁੱਤਰ ਸ਼੍ਰੀ ਕਰਤਾਰ ਸਿੰਘ, ਨਿਵਾਸੀ ਪਿੰਡ ਦਲ ਤਹਿਸੀਲ ਪੱਟੀ ਅਤੇ ਜ਼ਿਲ੍ਹਾ ਤਰਨ ਤਾਰਨ ਪਿੰਨ. 143305 | ਪਿੰਡ ਡੱਲ ਤਹਿਸੀਲ ਪੱਟੀ ਅਤੇ ਜ਼ਿਲ੍ਹਾ ਤਰਨ ਤਾਰਨ ਬੇਰੂੰਗ ਖਸਰਾ ਨੰ.28//6(4-5) ਵਿਖੇ ਸਥਿਤ ਜਾਇਦਾਦ 13/85 ਦਾ ਕੁੱਲ ਮਾਪ 4ਕਨਾਲ-5 ਮਰਲੇ 0-13 ਹਿੱਸਾ ਹੱਦ ਹੇਠਾਂ ਦਿੱਤੀ ਗਈ ਹੈ। ਪੂਰਬ ਵੱਲ: ਹਰਭਜਨ ਸਿੰਘ ਪੱਛਮ ਵੱਲ: ਆਪਣੀ ਜਾਇਦਾਦ, ਉੱਤਰ ਵੱਲ: ਆਪਣੀ ਜਾਇਦਾਦ, ਦੱਖਣ ਵੱਲ: ਗਲੀ | ਰੁ.3464397/- (ਰੁਪਏ ਚੌਂਤੀ ਲੱਖ ਚੌਂਹਠ ਹਜ਼ਾਰ ਤਿੰਨ ਸੌ ਸਤਾਨਵੇਂ ਰੁਪਏ ਸਿਰਫ) ਖਾਤਾ ਨੰਬਰ: - **TARAMTF**1611210017 ਮੰਗ ਸੂਚਨਾ ਮਿਤੀ 06.02.2026 |

ਇਹ ਨੋਟਿਸ ਆਮ ਜਨਤਾ ਨੂੰ ਇਹ ਵੀ ਚੇਤਾਵਨੀ ਦੇਣ ਲਈ ਹੈ ਕਿ SFL ਦਾ ਅਧਿਕਾਰਤ ਅਧਿਕਾਰੀ ਉੱਪਰ ਦੱਸੀ ਗਈ ਅਚੱਲ ਜਾਇਦਾਦ ਦੇ ਕਾਨੂੰਨੀ ਸੰਕੇਤਕ ਕਬਜ਼ੇ ਵਿੱਚ ਹੈ ਅਤੇ ਕਰਜ਼ਦਾਰ ਜਾਂ ਕੋਈ ਵੀ ਵਿਅਕਤੀ ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ, SFL ਦੀ ਪੂਰਵ ਲਿਖਤੀ ਸਹਿਮਤੀ ਤੋਂ ਬਿਨਾਂ, ਇਸ ਨੋਟਿਸ ਵਿੱਚ ਜ਼ਿਕਰ ਕੀਤੀ ਗਈ ਉਪਰੋਕਤ ਸੁਰੱਖਿਅਤ ਸੰਪਤੀਆਂ ਵਿੱਚੋਂ ਕਿਸੇ ਨੂੰ ਵੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਟ੍ਰਾਂਸਫਰ ਨਹੀਂ ਕਰੇਗਾ।

ਮਿਤੀ : 2੫ .05.2026 ਸਥਾਨ : ਸ੍ਰੀ ਮੁਕਤਸਰ ਸਾਹਿਬ ਅਧਿਕਾਰਤ ਅਧਿਕਾਰੀ, ਸ਼੍ਰੀਰਾਮ ਫਾਇਨਾਂਸ ਲਿਮਟਿਡ



**SHRIRAM Finance**

**ਸ੍ਰੀਰਾਮ ਫਾਇਨਾਂਸ ਲਿਮਟਿਡ**

ਪੰਜੀਕ੍ਰਿਤ ਦਫ਼ਤਰ : ਲਿਮਟਿਡ ਪੰਜੀਕ੍ਰਿਤ ਦਫ਼ਤਰ ਪਤਾ : ਸ਼੍ਰੀ ਟਾਵਰਜ਼, ਪਲਾਟ ਨੰ. 14ਏ, ਸਾਊਥ ਫੇਜ਼, ਇਡਸਟ੍ਰੀਅਲ ਅਸਟੇਟ, ਗਿੰਡੀ, ਚੇਨਈ, ਤਾਮਿਲਨਾਡੂ-600032, ਤਾਮਿਲਨਾਡੂ ਅਤੇ ਵੈਂਕਹਾਰਡ ਟਾਵਰਜ਼, ਲੈਵਲ-3, ਸੀ-2, ਜੀ ਬਲਾਕ, ਬਾਂਦਰਾ-ਕੁਰਲਾ ਕੰਪਲੈਕਸ, ਬਾਂਦਰਾ (ਪੂਰਬ) ਮੁੰਬਈ-40051

ਸ਼ਾਖਾ ਦਫ਼ਤਰ : ਹੈਨੂਮਾਨਗੜ੍ਹ ਰੋਡ, ਸਾਹਮਣੇ ਨਾਗਪਾਲ ਪੰਪ, ਅਬੋਹਰ, ਪੰਜਾਬ 152116

**ਸੰਕੇਤਕ ਕਬਜ਼ਾ ਸੂਚਨਾ (ਦੇਖੋ ਨਿਯਮ 8 (1)) (ਅਚੱਲ ਸੰਪੱਤੀ ਦੇ ਲਈ)**

ਜਿੱਥੇ, ਸ਼੍ਰੀਰਾਮ ਫਾਈਨੈਂਸ ਲਿਮਟਿਡ (SFL) ਦੇ ਅਧਿਕਾਰਤ ਅਧਿਕਾਰੀ ਵਜੋਂ, ਹੇਠ ਹਸਤਾਖਰ ਕਰਨ ਵਾਲੇ ਨੇ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਉਕਤ ਐਕਟ) ਦੇ ਉਪਬੰਧਾਂ ਦੇ ਤਹਿਤ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 (ਉਕਤ ਨਿਯਮ) ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(12) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਕਰਜ਼ਦਾਰ ਨੂੰ ਮੰਗ ਨੋਟਿਸ ਜਾਰੀ ਕੀਤੇ, ਜਿਨ੍ਹਾਂ ਦੇ ਵੇਰਵੇ ਹੇਠਾਂ ਦਿੱਤੀ ਸਾਰਣੀ ਵਿੱਚ ਉਕਤ ਮੰਗ ਨੋਟਿਸਾਂ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਦਿੱਤੇ ਗਏ ਹਨ।

ਕਰਜ਼ਦਾਰਾਂ ਵੱਲੋਂ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖ਼ਰੀ ਨੇ **26 ਮਈ 2026** ਨੂੰ ਉਕਤ ਐਕਟ ਦੀ ਧਾਰਾ 13(4) ਦੇ ਨਿਯਮ 8 ਦੇ ਤਹਿਤ ਉਸਨੂੰ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਮ ਅਤੇ ਪਤਾ | ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਅਨੁਸਾਰ ਬਕਾਇਆ ਰਕਮ ਅਤੇ ਮੰਗ ਸੂਚਨਾ ਦੀ ਮਿਤੀ |
|---|---|---|
| 1) ਸ਼੍ਰੀ ਕੇਸ਼ਵ ਫੁਟੇਲਾ ਪੁੱਤਰ: ਸੁਰੇਂਦਰ ਕੁਮਾਰ, 359, 6, ਰਾਮਾ ਜ਼ਿਮ, ਸੁਖੇਰਾ ਬਸਤੀ, ਅਬੋਹਰ, ਫਾਜ਼ਿਲਕਾ, ਅਬੋਹਰ, ਪੰਜਾਬ, 152116। 2) ਸ਼੍ਰੀ ਸੁਰਿੰਦਰ ਕੁਮਾਰ ਪੁੱਤਰ: ਜਗਨ ਨਾਥ, 277, 6, ਰਾਮਾ ਜ਼ਿਮ, ਸੁਖੇਰਾ ਬਸਤੀ ਅਬੋਹਰ, ਫਾਜ਼ਿਲਕਾ, ਪੰਜਾਬ 152116 | CDABOTF1707290018 - ਅਚੱਲ ਜਾਇਦਾਦ ਦਾ ਵੇਰਵਾ: 0-2 ਮਿਲੀਮੀਟਰ (588 ਵਰਗ ਫੁੱਟ) ਦੀ ਅਚੱਲ ਜਾਇਦਾਦ ਜੋ ਕਿ ਐਮ.ਸੀ. ਅਬੋਹਰ ਅਸੈਸਮੈਂਟ ਰਜਿਸਟਰ (ਫਾਰਮ ਟੀ.ਐਸ.ਆਈ) ਨੰ.35 # ਨੰ.ਏ-7/1070, ਸਾਲ 2005-2006, 2006-07 ਤੋਂ 2010-11, 2011-12, 2012-13 ਅਤੇ ਨਗਰ ਕੌਂਸਲ, ਅਬੋਹਰ ਦੁਆਰਾ ਜਾਰੀ 2017-18 ਮਿਤੀ: 25-07-2017 ਪੂਰਬ: ਗਲੀ, ਪੱਛਮ: ਨਿਵਾਸੀ ਸ਼੍ਰੀ ਮੱਕੜ। ਉੱਤਰ: ਗਲੀ, ਦੱਖਣ: ਨਿਵਾਸੀ ਸ਼੍ਰੀ ਅਵਿਨਾਸ਼ ਕੁਮਾਰ, ਸਟਰੀਟ ਨੰ.6. ਸੁਖੇਰਾ ਬਸਤੀ ਅਬੋਹਰ ਤਹਿਸੀਲ ਅਬੋਹਰ ਵਿਖੇ ਸਥਿਤ, ਪ੍ਰਤੀ ਵਿਕਰੀ ਡੀਡ ਨੰ.377 ਮਿਤੀ: 22-04-1994। ਨਕਸ਼ਾ ਅਤੇ ਮੁਲਾਂਕਣ ਰਜਿਸਟਰ ਦਾ ਸਾਈਟ ਪਲਾਨ)। ਸੀਮਾਵਾਂ: ਉੱਤਰ: ਗਲੀ, ਪੂਰਬ: ਗਲੀ, ਦੱਖਣ: ਨਿਵਾਸੀ ਅਵਿਨਾਸ਼ ਕੁਮਾਰ, ਪੱਛਮ: ਨਿਵਾਸੀ ਸ਼੍ਰੀ ਮੱਕੜ। | ਰੁ.2537058/- (ਰੁ. ਪੱਚੀ ਲੱਖ ਸੈਂਤੀ ਹਜ਼ਾਰ ਅਠਵੰਜਾ ਕੇਵਲ ) A/c No: - MUKFATF1707270003 Demand Notice dated 13-03-2026 |

ਇਹ ਨੋਟਿਸ ਆਮ ਜਨਤਾ ਨੂੰ ਇਹ ਵੀ ਚੇਤਾਵਨੀ ਦੇਣ ਲਈ ਹੈ ਕਿ SFL ਦਾ ਅਧਿਕਾਰਤ ਅਧਿਕਾਰੀ ਉੱਪਰ ਦੱਸੀ ਗਈ ਅਚੱਲ ਜਾਇਦਾਦ ਦਾ ਕਾਨੂੰਨੀ ਸੰਕੇਤਕ ਕਬਜ਼ਾ ਰੱਖਦਾ ਹੈ ਅਤੇ ਕਰਜ਼ਦਾਰ ਜਾਂ ਕੋਈ ਵੀ ਵਿਅਕਤੀ ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ, SFL ਦੀ ਪੂਰਵ ਲਿਖਤੀ ਸਹਿਮਤੀ ਤੋਂ ਬਿਨਾਂ, ਇਸ ਨੋਟਿਸ ਵਿੱਚ ਦਰਸਾਈ ਗਈ ਉਪਰੋਕਤ ਸੁਰੱਖਿਅਤ ਜਾਇਦਾਦਾਂ ਵਿੱਚੋਂ ਕਿਸੇ ਨੂੰ ਵੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਟਰਾਂਸਫਰ ਨਹੀਂ ਕਰੇਗਾ।

ਮਿਤੀ : 26.05.2026 ਸਥਾਨ : ਸ਼੍ਰੀ ਮੁਕਤਸਰ ਸਾਹਿਬ ਅਧਿਕਾਰਤ ਅਧਿਕਾਰੀ, ਸ਼੍ਰੀਰਾਮ ਫਾਇਨਾਂਸ ਲਿਮਟਿਡ



**SHRIRAM Finance**

**ਸ੍ਰੀਰਾਮ ਫਾਇਨਾਂਸ ਲਿਮਟਿਡ**

ਪੰਜੀਕ੍ਰਿਤ ਦਫ਼ਤਰ : ਲਿਮਟਿਡ ਪੰਜੀਕ੍ਰਿਤ ਦਫ਼ਤਰ ਪਤਾ : ਸ਼੍ਰੀ ਟਾਵਰਜ਼, ਪਲਾਟ ਨੰ. 14ਏ, ਸਾਊਥ ਫੇਜ਼, ਇਡਸਟ੍ਰੀਅਲ ਅਸਟੇਟ, ਗਿੰਡੀ, ਚੇਨਈ, ਤਾਮਿਲਨਾਡੂ-600032, ਤਾਮਿਲਨਾਡੂ ਅਤੇ ਵੈਂਕਹਾਰਡ ਟਾਵਰਜ਼, ਲੈਵਲ-3, ਸੀ-2, ਜੀ ਬਲਾਕ, ਬਾਂਦਰਾ-ਕੁਰਲਾ ਕੰਪਲੈਕਸ, ਬਾਂਦਰਾ (ਪੂਰਬ) ਮੁੰਬਈ-40051

ਸ਼ਾਖਾ ਦਫ਼ਤਰ : ਪਹਿਲੀ ਮੰਜ਼ਿਲ, ਐਸਸੀਓ 58, 59, ਜੀਕੇ ਮਾਲ, ਨੇੜੇ ਜਵੱਦੀ ਪੁੱਲ ਕੈਨਾਲ ਰੋਡ, ਲੁਧਿਆਣਾ
ਸ਼ਾਖਾ ਦਫ਼ਤਰ : ਹੈਨੂਮਾਨਗੜ੍ਹ ਰੋਡ, ਸਾਹਮਣੇ ਨਾਗਪਾਲ ਪੰਪ, ਅਬੋਹਰ, ਪੰਜਾਬ 152116

**ਸੰਕੇਤਕ ਕਬਜ਼ਾ ਸੂਚਨਾ (ਦੇਖੋ ਨਿਯਮ 8 (1)) (ਅਚੱਲ ਸੰਪੱਤੀ ਦੇ ਲਈ)**

ਜਿੱਥੇ, ਸ਼੍ਰੀਰਾਮ ਫਾਈਨੈਂਸ ਲਿਮਟਿਡ (SFL) ਦੇ ਅਧਿਕਾਰਤ ਅਧਿਕਾਰੀ ਵਜੋਂ, ਹੇਠ ਹਸਤਾਖਰ ਕਰਨ ਵਾਲੇ ਨੇ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਉਕਤ ਐਕਟ) ਦੇ ਉਪਬੰਧਾਂ ਦੇ ਤਹਿਤ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 (ਉਕਤ ਨਿਯਮ) ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(12) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਕਰਜ਼ਦਾਰ ਨੂੰ ਮੰਗ ਨੋਟਿਸ ਜਾਰੀ ਕੀਤੇ, ਜਿਨ੍ਹਾਂ ਦੇ ਵੇਰਵੇ ਹੇਠਾਂ ਦਿੱਤੀ ਸਾਰਣੀ ਵਿੱਚ ਉਕਤ ਮੰਗ ਨੋਟਿਸਾਂ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਦਿੱਤੇ ਗਏ ਹਨ।

ਕਰਜ਼ਦਾਰਾਂ ਵੱਲੋਂ ਰਕਮ ਵਾਪਸ ਕਰਨ ਵਿੱਚ ਅਸਫਲ ਰਹਿਣ ਕਰਕੇ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖ਼ਰੀ ਨੇ **26 ਮਈ 2026** ਨੂੰ ਉਕਤ ਐਕਟ ਦੀ ਧਾਰਾ 13(4) ਦੇ ਨਿਯਮ 8 ਦੇ ਤਹਿਤ ਉਸਨੂੰ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀ ਗਈ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

| ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਮ ਅਤੇ ਪਤਾ | ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਅਨੁਸਾਰ ਬਕਾਇਆ ਰਕਮ ਅਤੇ ਮੰਗ ਸੂਚਨਾ ਦੀ ਮਿਤੀ |
|---|---|---|
| 1) ਬਲਦੇਵ ਸਿੰਘ ਪੁੱਤਰ ਕੱਕਾ ਸਿੰਘ ਵਾਸੀ ਸੇਂਟ ਨੰਬਰ 1, ਸ਼ਹੀਦ ਭਗਤ ਸਿੰਘ ਨਗਰ ਅਬੋਹਰ ਤਹਿਸੀਲ ਅਬੋਹਰ ਜ਼ਿਲ੍ਹਾ। ਫਾਜ਼ਿਲਕਾ। 2) ਅਮਰਜੀਤ ਕੌਰ ਵਾਸੀ: ਬਲਦੇਵ ਸਿੰਘ ਸਟਰੀਟ ਨੰਬਰ 1, ਸ਼ਹੀਦ ਭਗਤ ਸਿੰਘ ਨਗਰ, ਅਬੋਹਰ ਫਾਜ਼ਿਲਕਾ, ਪੰਜਾਬ - 152116 | CDABOTF2201290011 ਦਾ ਵੇਰਵਾ ਅਚੱਲ ਜਾਇਦਾਦ ਅਚੱਲ ਜਾਇਦਾਦ ਘਰ ਜਿਸ ਦਾ ਮਾਪ 20'-0" x 70'-0" ਫੁੱਟ = 0-5 ਮਿਲੀਮੀਟਰ ਹੈ, ਕੁੱਲ 61 ਕਿਲੋਮੀਟਰ 2 ਮਿਲੀਮੀਟਰ ਦਾ 5/1222 ਹਿੱਸਾ ਖਸਰਾ ਨੰਬਰ 404 (61-2) ਖੇਵਟ ਨੰਬਰ 1855 ਖਟੋਨੀ ਨੰਬਰ 3250 ਵਿੱਚ ਸ਼ਾਮਲ ਹੈ ਜੋ ਹਰਜਿੰਦਰ ਨਗਰ, ਮਲੋਟ ਵਿਖੇ ਸਥਿਤ ਹੈ, ਜ਼ਮੀਨ ਪਿੰਡ ਮਲੋਟ ਦੇ ਖੇਤਰ ਵਿੱਚ ਸਾਲ 2014-2015 ਲਈ ਜਮਾਂਬੰਦੀ (ਵਿਕਰੀ ਡੀਡ ਨੰਬਰ 2019-20/52/1/860 ਮਿਤੀ: 11-06-2019) ਦੇ ਅਨੁਸਾਰ ਹੇਠ ਲਿਖੇ ਅਨੁਸਾਰ ਸੀਮਾਬੱਧ ਹੈ:- ਪੂਰਬ: ਚਰਨਜੀਤ ਸਿੰਘ, ਪੱਛਮ: ਪਾਲ ਸਿੰਘ, ਉੱਤਰ: ਗਲੀ, ਦੱਖਣ: ਖਾਲ ਅਤੇ ਹਰਬੰਸ ਬਰਾੜ | ਰੁ.2163508.64/- (ਰੁ. ਇੱਕੀ ਲੱਖ ਤਰੇਹਠ ਹਜ਼ਾਰ ਪੰਜ ਸੌ ਅੱਠ ਅਤੇ ਚੌਂਹਠ ਪੈਸੇ ਕੇਵਲ) A/c No: - CDABOTF2201290011 Demand Notice dated 17-03-2026 |

ਇਹ ਨੋਟਿਸ ਆਮ ਜਨਤਾ ਨੂੰ ਇਹ ਵੀ ਚੇਤਾਵਨੀ ਦੇਣ ਲਈ ਹੈ ਕਿ SFL ਦਾ ਅਧਿਕਾਰਤ ਅਧਿਕਾਰੀ ਉੱਪਰ ਦੱਸੀ ਗਈ ਅਚੱਲ ਜਾਇਦਾਦ ਦਾ ਕਾਨੂੰਨੀ ਸੰਕੇਤਕ ਕਬਜ਼ਾ ਰੱਖਦਾ ਹੈ ਅਤੇ ਕਰਜ਼ਦਾਰ ਜਾਂ ਕੋਈ ਵੀ ਵਿਅਕਤੀ ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ, SFL ਦੀ ਪੂਰਵ ਲਿਖਤੀ ਸਹਿਮਤੀ ਤੋਂ ਬਿਨਾਂ, ਇਸ ਨੋਟਿਸ ਵਿੱਚ ਦਰਸਾਈ ਗਈ ਉਪਰੋਕਤ ਸੁਰੱਖਿਅਤ ਜਾਇਦਾਦਾਂ ਵਿੱਚੋਂ ਕਿਸੇ ਨੂੰ ਵੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਟਰਾਂਸਫਰ ਨਹੀਂ ਕਰੇਗਾ।

ਮਿਤੀ : 26.05.2026 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ, ਸ਼੍ਰੀਰਾਮ ਫਾਇਨਾਂਸ ਲਿਮਟਿਡ

# ਆਗਮਪੁਰ-ਅਨੰਦਪੁਰ ਸਾਹਿਬ ਪੁਲ ਦੇ ਹੇਠਾਂ ਹੋ ਰਹੀ ਨਾਜਾਇਜ਼ ਮਾਈਨਿੰਗ ਮਾਮਲੇ 'ਚ ਹਾਈ ਕੋਰਟ ਨੇ ਸਖ਼ਤ ਰੁਖ਼ ਅਪਣਾਇਆ

ਚੰਡੀਗੜ੍ਹ, 31 ਮਈ (ਚ.ਨ.ਸ): ਆਗਮਪੁਰ-ਅਨੰਦਪੁਰ ਸਾਹਿਬ ਪੁਲ ਦੇ ਹੇਠਾਂ ਕਥਿਤ ਤੌਰ 'ਤੇ ਹੋ ਰਹੀ ਨਾਜਾਇਜ਼ ਮਾਈਨਿੰਗ ਦੇ ਮਾਮਲੇ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਖ਼ਤ ਰੁਖ਼ ਅਪਣਾਇਆ ਹੈ। ਅਦਾਲਤ ਨੇ ਰੂਪਨਗਰ ਦੇ ਡਿਪਟੀ ਕਮਿਸ਼ਨਰ ਨੂੰ ਪੂਰੇ ਖੇਤਰ ਦਾ ਨਿਰੀਖਣ ਕਰਕੇ ਵਿਸਥਾਰਤ ਜਾਂਚ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਨਾਲ ਹੀ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਸਬੰਧਤ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੀ ਨਾਜਾਇਜ਼ ਮਾਈਨਿੰਗ ਨਾ ਹੋਵੇ। ਮਾਮਲੇ ਦੀ ਸੁਣਵਾਈ ਦੌਰਾਨ ਹਾਈ ਕੋਰਟ ਨੇ ਪੰਜਾਬ ਸਰਕਾਰ, ਕੇਂਦਰ ਸਰਕਾਰ ਤੇ ਹੋਰ ਸਬੰਧਤ ਧਿਰਾਂ ਨੂੰ ਨੋਟਿਸ ਜਾਰੀ ਕਰਕੇ ਜਵਾਬ ਤਲਬ ਕੀਤਾ। ਅਦਾਲਤ ਨੇ ਸਪੱਸ਼ਟ ਕੀਤਾ ਕਿ ਜੇ ਭਵਿੱਖ ਵਿੱਚ ਇਸ ਖੇਤਰ ਵਿੱਚ ਨਾਜਾਇਜ਼ ਮਾਈਨਿੰਗ ਦੀ ਕੋਈ ਵੀ ਗਤੀਵਿਧੀ ਸਾਹਮਣੇ ਆਉਂਦੀ ਹੈ ਤਾਂ ਇਸ ਲਈ ਸਬੰਧਤ ਅਧਿਕਾਰੀਆਂ ਨੂੰ




ਨਿੱਜੀ ਤੌਰ 'ਤੇ ਜ਼ਿੰਮੇਵਾਰ ਮੰਨਿਆ ਜਾਵੇਗਾ। ਇਹ ਮਾਮਲਾ ਅਨੰਦਪੁਰ ਸਾਹਿਬ ਦੇ ਵਸਨੀਕ ਪ੍ਰੇਮ ਦੱਤ ਸ਼ਰਮਾ ਵੱਲੋਂ ਦਾਇਰ ਜਨਹਿੱਤ ਪਟੀਸ਼ਨ ਰਾਹੀਂ ਹਾਈ ਕੋਰਟ ਦੇ ਧਿਆਨ ਵਿੱਚ ਲਿਆਂਦਾ ਗਿਆ। ਪਟੀਸ਼ਨ ਵਿੱਚ ਦੋਸ਼ ਲਗਾਇਆ ਗਿਆ ਕਿ ਆਗਮਪੁਰ-ਅਨੰਦਪੁਰ ਸਾਹਿਬ ਪੁਲ ਹੇਠ ਲੰਮੇ ਸਮੇਂ ਤੋਂ ਨਾਜਾਇਜ਼ ਖਣਨ ਕੀਤਾ ਜਾ ਰਿਹਾ ਹੈ। ਇਸ ਕਾਰਨ ਨਾ ਸਿਰਫ਼ ਵਾਤਾਵਰਨ ਨੂੰ ਨੁਕਸਾਨ ਪਹੁੰਚ ਰਿਹਾ ਹੈ, ਸਗੋਂ ਪੁਲ ਦੀ ਢਾਂਚਾਗਤ ਸੁਰੱਖਿਆ 'ਤੇ ਵੀ ਅਸਰ ਪੈਣ ਦਾ ਖ਼ਤਰਾ ਬਣਿਆ ਹੋਇਆ ਹੈ। ਪਟੀਸ਼ਨਕਰਤਾ ਨੇ ਅਦਾਲਤ ਨੂੰ ਦੱਸਿਆ ਕਿ ਪ੍ਰਸ਼ਾਸਨ ਤੇ ਮਾਈਨਿੰਗ ਵਿਭਾਗ ਨੂੰ ਕਈ ਵਾਰ ਸ਼ਿਕਾਇਤਾਂ ਦੇਣ ਦੇ ਬਾਵਜੂਦ ਕੋਈ ਪ੍ਰਭਾਵੀ ਕਾਰਵਾਈ ਨਹੀਂ ਕੀਤੀ ਗਈ। ਇਸ ਸਬੰਧੀ ਤਸਵੀਰਾਂ ਤੇ ਵੀਡੀਓ ਵੀ ਅਦਾਲਤ ਅੱਗੇ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਪੁਲ ਹੇਠ ਭਾਰੀ ਮਸ਼ੀਨਰੀ ਤੇ ਵਾਹਨਾਂ ਰਾਹੀਂ ਖਣਨ ਗਤੀਵਿਧੀਆਂ ਦਿਖਾਈ ਗਈਆਂ ਹਨ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਹਾਈ ਕੋਰਟ ਨੇ ਡਿਪਟੀ ਕਮਿਸ਼ਨਰ ਤੇ ਮਾਈਨਿੰਗ ਅਧਿਕਾਰੀਆਂ ਨੂੰ ਨਿਗਰਾਨੀ ਵਧਾਉਣ ਤੇ ਖੇਤਰ ਵਿੱਚ ਨਾਜਾਇਜ਼ ਮਾਈਨਿੰਗ 'ਤੇ ਪੂਰੀ ਤਰ੍ਹਾਂ ਰੋਕ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

## 'ਸੋਕੇ ਕਾਰਨ ਪੈਣ ਵਾਲੇ ਕਾਲ ਲਈ ਸਰਕਾਰਾਂ ਜ਼ਿੰਮੇਵਾਰ'

# ਬਾਬਾ ਬਲਬੀਰ ਸਿੰਘ ਨੇ ਸੰਸਾਰ ਅੰਦਰ ਤੇਜ਼ੀ ਨਾਲ ਬਦਲ ਰਹੇ ਵਾਤਾਵਰਨ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ

ਸ੍ਰੀ ਫਤਹਿਗੜ੍ਹ ਸਾਹਿਬ, 31 ਮਈ (ਚ.ਨ.ਸ): ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸਮੁੱਚੇ ਸੰਸਾਰ ਅੰਦਰ ਬੜੀ ਤੇਜ਼ੀ ਨਾਲ ਬਦਲ ਰਹੇ ਵਾਤਾਵਰਣ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਗਲੋਬਲ ਵਾਰਮਿੰਗ ਸਰਕਾਰਾਂ ਤੇ ਲੋਕਾਂ ਦੀ ਲਾਪ੍ਰਵਾਹੀ ਤੇ ਅਵੇਸਲੇਪਨ ਕਾਰਨ ਉਤਪਨ ਹੋਇਆ ਹੈ ਤੇ ਅੱਜ ਦਾ ਮਨੁੱਖੀ ਜੀਵਨ ਚੁਣੌਤੀਆਂ ਤੇ ਬੇਵਸੀ 'ਚ ਘਿਰ ਕੇ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਬੇਹਤਾਸ਼ਾ ਰੁੱਖਾਂ ਦੀ ਕਟਾਈ, ਕੁਦਰਤੀ ਸਰੋਤਾਂ ਨਾਲ ਛੇੜਛਾੜ ਤੇ ਆਲਮੀ ਪੱਧਰ 'ਤੇ ਬੰਬਬਾਰੀ ਮਜਾਇਲਾਂ ਦੇ ਪ੍ਰੀਖਣ ਆਦਿ ਜੀਵ ਪ੍ਰਣਾਲੀ ਲਈ ਘਾਤਕ ਹਨ। ਵਿਗਿਆਨੀ ਧਰਤੀ ਹੇਠਲੇ ਪਾਣੀ ਦਾ ਕਾਲ ਪੈ ਜਾਣ ਬਾਰੇ ਹਾਲ ਦੁਹਾਈ ਦੇ ਰਹੇ ਹਨ। ਪਰ ਜਾਗਰੂਕਤਾ ਦੀ ਘਾਟ ਕਾਰਨ ਕੋਈ ਸਮਝ ਨਹੀਂ ਰਿਹਾ ਪਾਣੀ ਮਨੁੱਖਤਾ ਨੂੰ ਕੁਦਰਤ ਦੀਆਂ ਦਿੱਤੀਆਂ ਅਨਮੋਲ ਦਾਤ ਹੈ। ਉਨ੍ਹਾਂ ਕਿਹਾ ਕਿ ਪੈਦਾ ਹੋਏ ਅਜਿਹੇ ਨਾਜ਼ੁਕ ਹਾਲਾਤਾਂ ਨਾਲ ਨਿਪਟਣ ਵਿੱਚ ਸਰਕਾਰਾਂ ਵੀ ਅੱਜ ਅਸਮਰੱਥ ਦਿਖਾਈ ਦੇ ਰਹੀਆਂ ਹਨ। ਇਸ ਵੱਧਦੀ



ਤਪਸ਼, ਬਿਜਲੀ ਤੇ ਪਾਣੀ ਦੇ ਸੰਕਟ ਨੇ ਮਨੁੱਖੀ ਜੀਵਨ ਦੀਆਂ ਚਿੰਤਤਾਵਾਂ ਵਿੱਚ ਢੇਰ ਵਾਧਾ ਕੀਤਾ ਹੈ। ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸੁਝਾਅ ਦਿੰਦਿਆਂ ਕਿਹਾ ਕਿ ਪਾਣੀ ਦੀ ਘੱਟਦੀ ਮਾਤਰਾ ਸਬੰਧੀ ਹਰ ਵਿਅਕਤੀ ਨੂੰ ਜਾਗਰੂਕ ਹੋਣਾ ਚਾਹੀਦਾ ਹੈ ਤਾਂ ਜੋ ਪਾਣੀ ਦੀ ਵਰਤੋਂ ਵਿੱਚ ਵੱਧ ਤੋਂ ਵੱਧ ਬੱਚਤ ਹੋ ਸਕੇ। ਉਨ੍ਹਾਂ ਕਿਹਾ ਕਿ ਖੇਤਾਂ, ਅਤਿ ਲੋੜੀ ਦੀਆਂ ਥਾਵਾਂ ਵਿੱਚ ਰਿਚਾਰਜ ਵੈਲ (ਖੂਹ) ਵੀ ਬਣਾਏ ਜਾਣੇ ਚਾਹੀਦੇ ਹਨ ਤਾਂ ਕਿ ਬਾਰਿਸ਼ ਦਾ ਪਾਣੀ ਧਰਤੀ ਹੇਠਾਂ ਰੀਚਾਰਜਿੰਗ ਵਿੱਚ ਮਦਦ ਕਰੇ।

# ਟਰੰਪ ਸਿਹਤਮੰਦ ਤੇ ਜ਼ਿੰਮੇਵਾਰੀਆਂ ਨਿਭਾਉਣ ਲਈ ਪੂਰੀ ਤਰ੍ਹਾਂ ਫਿਟ

ਵਾਸ਼ਿੰਗਟਨ, 31 ਮਈ (ਚ.ਨ.ਸ): ਡੋਨਾਲਡ ਟਰੰਪ ਦੀ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ 'ਚ ਮੰਗਲਵਾਰ ਨੂੰ ਸਿਹਤ ਜਾਂਚ ਕੀਤੀ ਗਈ। ਉਨ੍ਹਾਂ ਦੇ ਡਾਕਟਰ ਨੇ ਕਿਹਾ ਕਿ ਰਾਸ਼ਟਰਪਤੀ ਸਿਹਤਮੰਦ ਹਨ ਤੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਪੂਰੀ ਤਰ੍ਹਾਂ ਫਿਟ ਹਨ। 79 ਸਾਲਾ ਟਰੰਪ ਨੇ ਜਾਂਚ ਦੇ ਬਾਅਦ ਕਿਹਾ ਕਿ ਸਭਕੁਝ ਬਿਲਕੁਲ ਠੀਕ ਨਿਕਲਿਆ। ਰਾਸ਼ਟਰਪਤੀ ਦਾ ਵਜ਼ਨ 108 ਕਿੱਲੋ ਸੀ, ਜੋ ਅਪ੍ਰੈਲ 2025 ਵਿੱਚ ਹੋਈ ਮੈਡੀਕਲ ਜਾਂਚ ਤੋਂ ਛੇ ਕਿੱਲੋ ਜ਼ਿਆਦਾ ਹੈ। ਡਾਕਟਰਾਂ ਨੇ ਉਨ੍ਹਾਂ ਨੂੰ ਡਾਈਟ, ਕਸਰਤ ਤੇ ਵਜ਼ਨ ਘੱਟ ਕਰਨ ਨੂੰ ਲੈ ਕੇ ਸਲਾਹ ਦਿੱਤੀ। ਨਾਲ ਹੀ ਕਿਹਾ ਕਿ ਉਨ੍ਹਾਂ ਦਾ ਦਿਮਾਗੀ ਤੇ ਸਰੀਰਕ ਪ੍ਰਦਰਸ਼ਨ ਬਿਹਤਰੀਨ ਹੈ। ਰਿਪੋਰਟ 'ਚ ਟਰੰਪ ਦੇ ਹੱਥਾਂ 'ਤੇ ਸੱਟ ਦੇ ਨਿਸ਼ਾਨ



ਹੋਣ ਦੀ ਗੱਲ ਵੀ ਦਰਜ ਕੀਤੀ ਗਈ ਹੈ, ਜਿਸ ਨੂੰ ਵਾਰ-ਵਾਰ ਹੱਥ ਮਿਲਾਉਣ ਨਾਲ ਹੋਣ ਵਾਲੀ ਮਾਮੂਲੀ ਜਿਹੀ ਟਿਸ਼ੂ ਜਲਣ ਦੱਸਿਆ ਗਿਆ। ਨਾਲ ਹੀ ਕਿਹਾ ਗਿਆ ਹੈ ਕਿ ਇਹ ਐਸਪੀਰਿਨ ਥੇਰੈਪੀ ਦਾ ਆਮ ਤੇ ਨੁਕਸਾਨ ਰਹਿਤ ਪ੍ਰਭਾਵ ਹੈ। ਰਿਪੋਰਟ ਵਿੱਚ ਕੀਤੀਆਂ ਗਈਆਂ ਸਿਫਾਰਸ਼ਾਂ ਵਿੱਚੋਂ ਇੱਕ ਇਹ ਵੀ ਹੈ ਕਿ ਉਨ੍ਹਾਂ ਨੂੰ ਘੱਟ ਡੋਜ਼ ਵਾਲੀ ਐਸਪਰਿਨ ਲੈਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ।

# ਨਿਊਜਰਸੀ ਦੀ ਸੀਟ 'ਤੇ ਭਾਰਤੀ-ਅਮਰੀਕੀ ਜ਼ੈਨ ਜ਼ੀ ਦੀ ਨਜ਼ਰ

ਵਾਸ਼ਿੰਗਟਨ, 31 ਮਈ (ਚ.ਨ.ਸ): ਨਿਊਜਰਸੀ ਬਹੁਤ ਅਹਿਮ ਡੈਮੋਕ੍ਰੇਟਿਕ ਪ੍ਰਾਇਮਰੀ ਚੋਣ ਦੀ ਤਿਆਰੀ ਕਰ ਰਿਹਾ ਹੈ। ਇਸ ਦੌਰਾਨ ਵ੍ਹਾਈਟ ਹਾਊਸ ਦੇ ਇੱਕ 28 ਸਾਲਾ ਸਾਬਕਾ ਅਧਿਕਾਰੀ ਇਸ ਵਾਅਦੇ ਦੇ ਨਾਲ ਪ੍ਰਚਾਰ ਕਰ ਰਹੇ ਹਨ ਕਿ ਉਹ ਵਾਸ਼ਿੰਗਟਨ ਵਿੱਚ ਲੀਡਰਸ਼ਿਪ ਦੀ ਇੱਕ ਨਵੀਂ ਪੀੜ੍ਹੀ ਲਿਆਉਣਗੇ। ਨਾਲ ਹੀ, ਜੋ ਉਨ੍ਹਾਂ ਦੀ ਟੀਚਾ, ਸੂਬੇ ਵਿੱਚ ਪਹਿਲੇ ਜ਼ੈਨ ਜ਼ੀ 'ਤੇ ਪਹਿਲੇ ਭਾਰਤੀ-ਅਮਰੀਕੀ ਕਾਂਗਰਸੀ ਮੈਂਬਰ ਬਣਨਾ ਵੀ ਹੈ। ਜੈ ਵੈਂਗਕਰ ਉਨ੍ਹਾਂ ਕਈ ਉਮੀਦਵਾਰਾਂ ਵਿੱਚੋਂ ਇੱਕ ਹਨ ਜਿਹੜੇ ਨਿਊਜਰਸੀ ਦੇ 12ਵੇਂ ਕਾਂਗਰਸੀ ਡਿਸਟ੍ਰਿਕਟ ਵਿੱਚ ਡੈਮੋਕ੍ਰੇਟਿਕ ਪਾਰਟੀ ਦੀ ਨਾਮਜ਼ਦਗੀ ਪਾਉਣ ਦੀ ਦੌੜ 'ਚ ਸ਼ਾਮਲ ਹਨ। ਇਹ ਸੀਟ ਲੰਬੇ ਸਮੇਂ ਤੋਂ ਕਾਂਗਰਸੀ ਮੈਂਬਰ ਰਹੀ ਬੋਨੀ ਵਾਟਸਨ ਕੋਲਮੈਨ ਦੇ ਰਿਟਾਇਰ ਹੋਣ ਤੋਂ ਬਾਅਦ ਖਾਲੀ ਹੋਈ ਹੈ। ਪ੍ਰਾਇਮਰੀ 1 ਚੋਣ 'ਚ ਹੁਣ ਬਸ ਕੁਝ ਹੀ ਦਿਨ ਬਾਕੀ ਹਨ।ਇਹ ਮੁਕਾਬਲਾ ਦੋ ਕਾਰਨਾਂ ਕਰਕੇ ਲੋਕਾਂ ਦਾ ਧਿਆਨ ਖਿੱਚ ਰਿਹਾ ਹੈ। ਪਹਿਲਾਂ ਇਸ 'ਚ ਉਮੀਦਵਾਰਾਂ ਦੀ ਭਾਰੀ ਭੀੜ ਹੈ ਤੇ ਦੂਜਾ ਇਹ ਅਜਿਹੇ ਡਿਸਟ੍ਰਿਕਟ 'ਚ ਨੁਮਾਇੰਦਗੀ ਨੂੰ ਨਵਾਂ ਰੂਪ ਦੇਣ ਦਾ ਮੌਕਾ ਦਿੰਦਾ ਹੈ ਜਿੱਥੇ ਭਾਰਤੀ-ਅਮਰੀਕੀ ਆਬਾਦੀ ਕਾਫ਼ੀ ਜ਼ਿਆਦਾ ਹੈ। ਵੈਂਗਕਰ ਨੇ ਕਿਹਾ ਕਿ ਵੋਟਰ ਹੁਣ ਰਵਾਇਤੀ ਸਿਆਸਤ ਤੋਂ ਤੰਗ ਆ ਚੁੱਕੇ ਹਨ ਤੇ ਅਜਿਹੇ ਆਗੂਆਂ ਦੀ ਭਾਲ 'ਚ ਹਨ ਜਿਹੜੇ ਸਥਾਨਕ ਫਿਰਕਿਆਂ ਦੀਆਂ ਚਿੰਤਾਵਾਂ ਦੇ ਪ੍ਰਤੀ ਜ਼ਿਆਦਾ ਸੰਵੇਦਨਸ਼ੀਲ ਹੋਣ। ਉਨ੍ਹਾਂ ਕਿਹਾ ਕਿ ਮੈਂ ਨਿਊਜਰਸੀ ਦੇ 12ਵੇਂ ਕਾਂਗਰਸੀ ਡਿਸਟ੍ਰਿਕਟ ਤੋਂ ਕਾਂਗਰਸ ਦੀ ਚੋਣ ਇਸ ਲਈ ਲੜ ਰਿਹਾ ਹਾਂ ਕਿਉਂਕਿ ਸਾਡੀ ਦਿੱਗਜ਼ ਕਾਂਗਰਸੀ ਮੈਂਬਰ ਬੋਨੀ ਵਾਟਸਨ ਕੋਲਮੈਨ 81 ਵਰ੍ਹਿਆਂ ਦੀ ਉਮਰ ਵਿੱਚ ਰਿਟਾਇਰ ਹੋ ਰਹੀ ਹੈ। ਮੈਨੂੰ ਲੱਗਦਾ ਹੈ ਕਿ ਹੁਣ ਸਾਡੀ ਸਿਆਸਤ ਵਿੱਚ ਇੱਕ ਨਵੀਂ ਪੀੜ੍ਹੀ ਦੇ ਆਉਣ ਦਾ ਵੇਲਾ ਆ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਮੈਂ ਚੁਣਿਆ ਜਾਂਦਾ ਹੈ ਤਾਂ ਮੈਂ ਨਿਊਜਰਸੀ ਦਾ ਪਹਿਲਾ ਜ਼ੈਨ ਜ਼ੀ ਤੇ ਕਾਂਗਰਸ ਦਾ ਪਹਿਲਾ ਦੱਖਣੀ ਏਸ਼ੀਆਈ ਮੈਂਬਰ ਬਣਾਂਗਾ।

# *ਨਗਰ ਕੌਂਸਲ ਚੋਣਾਂ: ਟਾਂਡਾ ਦੇ 15 ਵਾਰਡਾਂ 'ਚੋਂ 10 'ਚ 'ਆਪ' ਤੇ 5 ਵਾਰਡਾਂ 'ਚ ਕਾਂਗਰਸ ਜੇਤੂ ਰਹੀ*

ਟਾਂਡਾ ਉੜਮੁੜ, 31 ਮਈ (ਅਰਜੁਨ ਜੈਨ): ਸਥਾਨਕ ਨਗਰ ਕੌਂਸਲ ਲਈ 26 ਮਈ ਨੂੰ ਪਈਆਂ ਵੋਟਾਂ ਦੀ ਹੋਈ ਗਿਣਤੀ ਵਿੱਚ ਕੁੱਲ 15 ਵਾਰਡਾਂ 'ਚੋਂ ਆਮ ਆਦਮੀ ਪਾਰਟੀ



ਦੇ 10 ਤੇ ਇੰਡੀਅਨ ਨੈਸ਼ਨਲ ਕਾਂਗਰਸ ਦੇ 5 ਉਮੀਦਵਾਰ ਜੇਤੂ ਰਹੇ। ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨਿਕਾਸ ਕੁਮਾਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮੁੱਚੀ ਪ੍ਰਕਿਰਿਆ ਸੁਚੱਜੇ ਤੇ ਸ਼ਾਂਤਮਈ ਨੇਪਰੇ ਚੜ੍ਹੀ। ਜ਼ਿਕਰਯੋਗ ਹੈ ਕਿ ਵਾਰਡ ਨੰਬਰ 1 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਹਿਨਾ ਵੈਦ 479 ਵੋਟਾਂ ਲੈ ਕੇ ਜੇਤੂ ਰਹੇ। ਇਸੇ ਤਰ੍ਹਾਂ ਵਾਰਡ ਨੰਬਰ 2 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਬਲਦੇਵ ਰਾਮ 469 ਵੋਟਾਂ ਲੈ ਕੇ ਜੇਤੂ ਰਹੇ। ਵਾਰਡ ਨੰਬਰ 3 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਸਰੋਜ ਬਾਲਾ 463 ਵੋਟਾਂ ਲੈ ਕੇ ਜੇਤੂ ਰਹੇ। ਵਾਰਡ ਨੰਬਰ 4 ਤੇ 5 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਦਵਿੰਦਰ ਸਿੰਘ ਤੇ ਗੁਰਪ੍ਰੀਤ ਕੌਰ ਕ੍ਰਮਵਾਰ 650 ਤੇ 414 ਵੋਟਾਂ ਲੈ ਕੇ ਜੇਤੂ ਰਹੇ। ਵਾਰਡ ਨੰ: 6 ਤੋਂ ਆਮ ਆਦਮੀ ਪਾਰਟੀ ਦੇ ਜੇਤੂ ਉਮੀਦਵਾਰ ਸੇਠ ਰਾਮ ਨੂੰ 582, ਵਾਰਡ ਨੰ: 7 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਨਰਿੰਦਰ ਕੌਰ 402 ਵੋਟਾਂ, ਵਾਰਡ ਨੰ: 8 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਵੜੈਚ 349 ਵੋਟਾਂ ਲੈ ਕੇ ਜੇਤੂ ਰਹੇ। ਇਸੇ ਤਰ੍ਹਾਂ ਵਾਰਡ ਨੰ: 9 ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰ ਪ੍ਰਿਤਪਾਲ ਕੌਰ ਨੇ 510 ਵੋਟਾਂ ਲੈ ਕੇ ਜਿੱਤ ਹਾਸਲ ਕੀਤੀ। ਵਾਰਡ ਨੰਬਰ 10 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਪ੍ਰਵੀਨ ਖੰਨਾ ਨੇ 364 ਵੋਟਾਂ ਹਾਸਲ ਕਰਕੇ ਜਿੱਤ ਦਰਜ ਕੀਤੀ। ਵਾਰਡ ਨੰ: 11 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਗੁਰਬਖ਼ਸ਼ ਕੌਰ ਨੇ 684 ਵੋਟਾਂ, ਵਾਰਡ ਨੰ: 12 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰੀ ਕ੍ਰਿਸ਼ਨ ਨੇ 667 ਵੋਟਾਂ, ਵਾਰਡ ਨੰ: 13 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਪਰਮਿੰਦਰ ਕੌਰ ਨੇ 453 ਵੋਟਾਂ, ਵਾਰਡ ਨੰ: 14 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਮਨਜੀਤ ਕੌਰ ਨੇ 438 ਵੋਟਾਂ ਤੇ ਵਾਰਡ ਨੰ: 15 ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਜਸਵੰਤ ਕੌਰ ਨੇ 382 ਵੋਟਾਂ ਲੈ ਕੇ ਜਿੱਤ ਹਾਸਲ ਕੀਤੀ।

# ਐਸ.ਐਸ.ਪੀ. ਸਰਤਾਜ ਸਿੰਘ ਚਾਹਲ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ 'ਚ ਨਤਮਸਤਕ ਹੋਏ

ਮਸਤੂਆਣਾ ਸਾਹਿਬ, 31 ਮਈ (ਚ.ਨ.ਸ): ਜ਼ਿਲ੍ਹਾ ਸੰਗਰੂਰ ਤੋਂ ਮੋਗਾ ਬਦਲ ਕੇ ਗਏ ਐਸ.ਐਸ.ਪੀ. ਸਰਤਾਜ ਸਿੰਘ ਚਾਹਲ ਸੰਤ ਅਤਰ ਸਿੰਘ ਵੱਲੋਂ ਵਿਰੋਸਾਏ ਪਵਿੱਤਰ ਅਸਥਾਨ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਵਿੱਚ ਅੱਜ ਨਤਮਸਤਕ ਹੋਏ। ਇਸ ਦੌਰਾਨ ਉਨ੍ਹਾਂ ਨੇ ਗੁਰੂਘਰ ਵਿੱਚ ਮੱਥਾ ਟੇਕ ਕੇ ਜ਼ਿਲ੍ਹੇ ਦੀ ਖੁਸ਼ਹਾਲੀ, ਅਮਨ-ਸ਼ਾਂਤੀ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਮੌਕੇ ਜਿੱਥੇ ਕੀਰਤਨ ਦਾ ਆਨੰਦ ਮਾਣਿਆ। ਇਸ ਮੌਕੇ ਗੁਰਦੁਆਰੇ ਦੇ ਮੁੱਖ ਗ੍ਰੰਥੀ ਬਾਬਾ ਸੁਖਦੇਵ ਸਿੰਘ, ਕੌਂਸਲ ਸਕੱਤਰ ਜਸਵੰਤ ਸਿੰਘ ਖਹਿਰਾ, ਸੀਨੀਅਰ ਕੌਂਸਲ ਮੈਂਬਰ ਜਥੇਦਾਰ ਬਲਦੇਵ ਸਿੰਘ ਭੰਮਾਵੱਦੀ, ਗੁਰਜੰਟ ਸਿੰਘ ਦੁੱਗਾ, ਮਨਜੀਤ ਸਿੰਘ ਬਾਲੀਆ, ਪੁਲੀਸ ਕਪਤਾਨ ਰਾਜੇਸ਼ ਛਿੱਬਰ, ਪ੍ਰਿੰਸੀਪਲ ਡਾ. ਅਮਨਦੀਪ ਕੌਰ, ਪ੍ਰਿੰਸੀਪਲ ਡਾ. ਗੀਤਾ ਠਾਕੁਰ, ਪ੍ਰਿੰਸੀਪਲ ਡਾ. ਸੁਖਦੀਪ ਕੌਰ, ਮੈਨੇਜਰ ਜਸਵੀਰ ਸਿੰਘ, ਭਾਈ ਗੁਰਮੇਲ ਸਿੰਘ, ਭਾਈ ਸਤਨਾਮ ਸਿੰਘ, ਡਾ. ਗੁਰਵੀਰ ਸਿੰਘ ਸੋਹੀ, ਸੁਖਵਿੰਦਰ



ਸਿੰਘ ਭੱਠਲ, ਡਾ. ਜਤਿੰਦਰ ਦੇਵ, ਗਮਦੂਰ ਸਿੰਘ, ਡਾ. ਵਿਜੇ ਪਲਾਹਾ, ਪ੍ਰੋ. ਨਿਰਪਜੀਤ ਸਿੰਘ ਮੌਜੂਦ ਸਨ। ਇਸ ਤੋਂ ਪਹਿਲਾਂ ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਵਿੱਚ ਪ੍ਰਿੰਸੀਪਲ ਡਾ. ਅਮਨਦੀਪ ਕੌਰ ਦੀ ਨਿਗਰਾਨੀ ਹੇਠ ਕਰਵਾਏ ਗਏ ਸਮਾਗਮ ਦੌਰਾਨ ਐਸ.ਐਸ.ਪੀ. ਚਾਹਲ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਪਣੇ ਜ਼ਿੰਦਗੀ ਦੇ ਤਜਰਬੇ ਸਾਂਝੇ ਕੀਤੇ ਤੇ ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਪੜ੍ਹਾਈ ਵੱਲ ਉਚੇਚਾ ਧਿਆਨ ਦੇਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਜੋਗਿੰਦਰ ਸਿੰਘ ਖੱਟੜਾ ਵੱਲੋਂ ਸਟੇਜ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ ਗਈ।

# ਇਮਾਨ ਸਿੰਘ ਮਾਨ 3 ਜੂਨ ਨੂੰ ਮੁਕੇਰੀਆਂ ਵਿਖੇ ਸੰਗਤਾਂ ਨੂੰ ਸੰਬੋਧਨ ਕਰਨਗੇ: ਸਿੰਗੜੀਵਾਲਾ

ਹੁਸ਼ਿਆਰਪੁਰ, 31 ਮਈ (ਦੀਪਕ ਅਗਨੀਹੋਤਰੀ): ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ 13 ਜੂਨ ਨੂੰ ਫਗਵਾੜਾ ਵਿਖੇ ਬੇਗਮਪੁਰਾ ਖ਼ਾਲਸਾ ਤੇ ਡਾ. ਹਰਜਿੰਦਰ ਸਿੰਘ ਜੱਖੂ ਦੁਆਬਾ ਇੰਚਾਰਜ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋ ਕੇ ਪਾਰਟੀ ਵਰਕਰਾਂ ਨੂੰ ਸੰਬੋਧਨ ਹੋਣਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਪ੍ਰਧਾਨ



ਲਹਿਰ ਦਾ ਆਰੰਭ ਕਰਨ ਲਈ ਵੱਡਾ ਇਕੱਠ ਕੀਤਾ ਜਾ ਰਿਹਾ ਹੈ। ਪਾਰਟੀ ਦੇ ਇਸ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਮੁਕੇਰੀਆਂ ਵਿਖੇ ਸਰਕਲ ਪ੍ਰਧਾਨ ਪਰਮਿੰਦਰ ਸਿੰਘ ਖ਼ਾਲਸਾ ਦੀ ਅਗਵਾਈ ਹੇਠ 03 ਜੂਨ ਨੂੰ ਵਿਸ਼ੇਸ਼ ਮੀਟਿੰਗ ਹੋ ਰਹੀ ਹੈ, ਜਿਸ ਵਿੱਚ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪਾਰਟੀ ਦਫਤਰ ਵਿਖੇ ਹੋਈ ਵਿਸ਼ੇਸ਼ ਮੀਟਿੰਗ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਆ ਕਰਦਿਆਂ ਕੀਤਾ। ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ ਸਿਆਸੀ ਤੌਰ 'ਤੇ ਤਬਦੀਲੀ ਲਿਆਉਣ ਲਈ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੇ ਸਿਧਾਂਤਾਂ ਅਨੁਸਾਰ ਚੱਲਣ ਲਈ 'ਬੇਗਮਪੁਰਾ ਖ਼ਾਲਸਾ ਲਹਿਰ' ਆਰੰਭ ਕਰਨੀ ਸਿੱਖ ਕੌਮ ਤੇ ਪੰਜਾਬ ਦੇ ਲੋਕਾਂ ਲਈ ਬਹੁਤ ਮਹੱਤਵਪੂਰਨ ਕਾਰਜ ਹੈ। ਇਸ ਕਾਰਜ ਨੂੰ ਪੂਰਾ ਕਰਨ ਲਈ ਇਸ ਸਮੇਂ ਪਾਰਟੀ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਜਾਣਗੀਆਂ। ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿੱਖ ਕੌਮ ਤੇ ਪੰਜਾਬ ਦੇ ਹੱਕਾਂ ਲਈ ਸ਼ਹਾਦਤ ਦਾ ਜਾਮ ਪੀਣ ਵਾਲੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲੇ ਤੇ ਉਨ੍ਹਾਂ ਦੇ ਸ਼ਹੀਦ ਹੋਏ ਸਾਥੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ 06 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜ਼ਿਲ੍ਹੇ ਤੋਂ ਵੱਡੀ ਪੱਧਰ 'ਤੇ ਹਾਜ਼ਰੀ ਦਿੱਤੀ ਜਾਵੇਗੀ। ਇਸ ਸਮੇਂ ਸੰਦੀਪ ਸਿੰਘ ਖ਼ਾਲਸਾ ਟਾਂਡਾ, ਬੀਬੀ ਰਾਜਵਿੰਦਰ ਕੌਰ ਢੱਡੇ ਫਤਿਹ ਸਿੰਘ, ਪਰਮਿੰਦਰ ਸਿੰਘ ਖ਼ਾਲਸਾ ਮੁਕੇਰੀਆਂ, ਹਰਵਿੰਦਰ ਸਿੰਘ ਹੀਰਾ, ਜਗਦੀਸ਼ ਸਿੰਘ ਚੱਬੇਵਾਲ ਹਾਜ਼ਰ ਸਨ।

# *ਹਰਵਿੰਦਰਪਾਲ ਸਿੰਘ ਸ਼ਾਹਬਾਦ ਦਾ 2027 'ਚ ਕਾਂਗਰਸ ਦੀ ਸਰਕਾਰ ਬਣਾਉਣ ਦਾ ਦ੍ਰਿੜ ਸੰਕਲਪ, ਕਰ ਚੁੱਕੇ ਨੇ ਕਮਰਕੱਸੇ*

ਬਟਾਲਾ, 31 ਮਈ (ਬਲਵਿੰਦਰ ਸਿੰਘ ਪੰਜਗਰਾਈਂ): ਇੰਜੀ. ਹਰਵਿੰਦਰਪਾਲ ਸਿੰਘ ਸ਼ਾਹਬਾਦ ਵੱਲੋਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਕਮਰ ਕੱਸੇ ਕੀਤੇ ਗਏ ਹਨ ਤੇ ਇਸੇ ਲੜੀ ਤਹਿਤ ਪਿੰਡ-ਪਿੰਡ ਬੂਥ ਪੱਧਰ 'ਤੇ ਲੋਕਾਂ ਨੂੰ ਕਾਂਗਰਸ ਪਾਰਟੀ ਨਾਲ ਜੋੜਨ ਲਈ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਹਾਈ ਕਮਾਂਡ, ਰਾਹੁਲ ਗਾਂਧੀ, ਰਜਿੰਦਰਪਾਲ ਗੌਤਮ ਆਲ ਇੰਡੀਆ ਚੈਅਰਮੈਨ ਐਸਸੀ/ਐਸਟੀ ਤੇ ਪੰਜਾਬ ਐਸਸੀ ਵਿੰਗ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਲੱਕੀ ਤੇ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਿਛਲੇ ਦਿਨੀਂ ਪਿੰਡ ਐਨੋਕੋਟ ਵਿਖੇ ਕੰਵਲਜੀਤ ਸਿੰਘ ਪੁੱਤਰ ਹਰਭਜਨ ਸਿੰਘ ਦੇ ਗ੍ਰਹਿ ਵਿਖੇ ਇੱਕ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ ਸੀ। ਮੀਟਿੰਗ ਦੌਰਾਨ ਇੰਜੀਨੀਅਰ ਹਰਵਿੰਦਰ ਪਾਲ ਸਿੰਘ ਸ਼ਾਹਬਾਦ ਨੇ ਇਕੱਤਰ ਹੋਏ ਲੋਕਾਂ ਨੂੰ



ਕਾਂਗਰਸ ਪਾਰਟੀ ਦੀਆਂ ਨੀਤੀਆਂ ਤੇ ਭਵਿੱਖੀ ਯੋਜਨਾਵਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ। ਇਸ ਮੌਕੇ ਇੰਜ. ਹਰਵਿੰਦਰਪਾਲ ਸਿੰਘ ਸ਼ਾਹਬਾਦ, ਵਾਈਸ ਪ੍ਰਧਾਨ ਪੰਜਾਬ ਐਸਸੀ ਵਿੰਗ ਨੇ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਵੱਡੇ ਫਰਕ ਨਾਲ ਪੰਜਾਬ ਵਿੱਚ ਸਰਕਾਰ ਬਣਾਵੇਗੀ ਤੇ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਯੋਜਨਾਵਾਂ ਬਣਾ ਕੇ ਕੰਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੀਆਂ ਲੋਕ-ਹਿਤੈਸ਼ੀ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਪਿੰਡ ਪੱਧਰ 'ਤੇ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ, ਜੋ ਲਗਾਤਾਰ ਜਾਰੀ ਰਹੇਗਾ, ਇਸ ਨਾਲ ਵੱਡੀ ਗਿਣਤੀ ਵਿੱਚ ਲੋਕ ਪਾਰਟੀ ਨਾਲ ਜੁੜ ਰਹੇ ਹਨ। ਇਸ ਮੌਕੇ ਸਰਵਨ ਸਿੰਘ, ਬਲਬੀਰ ਸਿੰਘ, ਸਤਨਾਮ ਸਿੰਘ, ਸੁਖਵਿੰਦਰ ਸਿੰਘ, ਮਨਜੀਤ ਸਿੰਘ, ਜਸਵੰਤ ਸਿੰਘ, ਲਖਵਿੰਦਰ ਸਿੰਘ ਸੰਧੂ, ਲਵਪ੍ਰੀਤ ਤੇ ਸੰਤੋਸ਼ ਮਸੀਹ ਸਮੇਤ ਕਾਂਗਰਸੀ ਕਾਰਕੁੰਨ ਹਾਜ਼ਰ ਸਨ।

# ਪੱਕੇ ਤੌਰ 'ਤੇ ਠੇਕੇਦਾਰੀ ਸਿਸਟਮ ਖ਼ਤਮ ਕਰਨ ਲਈ ਮਾਨ ਸਰਕਾਰ ਦਾ ਧੰਨਵਾਦ: ਡਾ. ਕੇ.ਜੇ. ਸਿੰਘ

ਘੁਮਾਣ/ਸ੍ਰੀ ਹਰਿਗੋਬਿੰਦਪੁਰ ਸਾਹਿਬ, 31 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਦੀ ਮੀਟਿੰਗ ਦੌਰਾਨ 65,000 ਤੋਂ ਵੱਧ ਕੱਚੇ ਤੇ ਆਊਟਸੋਰਸ ਮੁਲਾਜ਼ਮਾਂ ਨੂੰ ਪੱਕਾ ਕਰਨ ਤੇ ਠੇਕੇਦਾਰੀ ਸਿਸਟਮ ਖ਼ਤਮ ਕਰਨ ਨੂੰ ਮਨਜ਼ੂਰੀ ਦਿੱਤੀ। ਇਸ ਦੇ ਨਾਲ ਹੀ ਫਾਇਰਮੈਨ, ਸੀਵਰਮੈਨ ਤੇ ਲਾਈਨਮੈਨ ਵਰਗੇ ਜ਼ੋਖਿਮ ਭਰੇ ਕੰਮਾਂ ਵਾਲੇ ਕਾਮਿਆਂ ਨੂੰ 3 ਸਾਲ ਦੀ ਸੇਵਾ ਬਾਅਦ ਪੱਕਾ ਕੀਤਾ ਜਾਵੇਗਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਡਾ. ਕਮਲਜੀਤ ਸਿੰਘ ਕੇਜੇ ਆਪ ਆਗੂ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਸਰਕਾਰ ਨੇ ਇੱਕ ਅਜਿਹਾ ਇਤਿਹਾਸਿਕ ਫੈਸਲਾ ਲਿਆ ਹੈ, ਜੋ ਹਜ਼ਾਰਾਂ ਮੁਲਾਜ਼ਮਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਹੱਕਾਂ ਮਾਣ-ਸਨਮਾਨ ਤੇ ਨੌਕਰੀਆਂ ਦੀ ਸੁਰੱਖਿਆ ਨੂੰ ਬਹਾਲ ਕਰੇਗਾ। ਠੇਕਾਦਾਰੀ ਪ੍ਰਥਾ ਖ਼ਤਮ ਹੋਣ ਦੇ ਨਾਲ ਹੁਣ ਮੁਲਾਜ਼ਮਾਂ ਦਾ ਸਰਕਾਰ ਨਾਲ ਸਬੰਧ ਸਿੱਧਾ ਸਬੰਧ ਹੋਵੇਗਾ। ਤਨਖਾਹ ਸਿੱਧੀਆਂ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਆਉਣਗੀਆਂ ਤੇ ਉਨ੍ਹਾਂ ਨੂੰ ਕਾਨੂੰਨੀ ਲਾਭ ਵੀ ਪ੍ਰਾਪਤ ਹੋਣਗੇ। ਇਸ ਫੈਸਲੇ ਨੇ ਦੇਸ਼ ਵਿੱਚ ਮੁਲਾਜ਼ਮਾਂ ਦੀ ਭਲਾਈ ਲਈ ਇੱਕ ਨਵਾਂ ਮੀਲ ਪੱਥਰ ਸਥਾਪਤ ਕਰ ਦਿੱਤਾ ਹੈ। ਠੇਕੇਦਾਰੀ ਸਿਸਟਮ ਦੇ ਨਾਲ ਮੁਨਾਫਾ ਸਿੱਧੇ ਤੌਰ 'ਤੇ ਠੇਕੇਦਾਰਾਂ ਨੂੰ ਹੀ ਹੁੰਦਾ ਸੀ ਤੇ ਕੰਮ ਕਰਨ ਵਾਲੇ ਮੁਲਾਜ਼ਮਾਂ ਦਾ ਸ਼ੋਸ਼ਣ ਹੀ ਹੁੰਦਾ ਸੀ। ਇਸ ਫੈਸਲੇ ਨੇ ਲੱਖਾਂ ਲੋਕਾਂ ਦੀ ਜ਼ਿੰਦਗੀ ਵਿੱਚ ਇੱਕ ਨਵੀਂ ਉਮੀਦ ਜਗਾਈ ਹੈ। ਇਸ ਇਤਿਹਾਸਿਕ ਫੈਸਲੇ ਦਾ ਲਾਭ ਲੈਣ ਵਾਲੇ ਸਾਰੇ ਮੁਲਾਜ਼ਮਾਂ ਨੂੰ ਦਿਲੋਂ ਮੁਬਾਰਕਾਂ।



# ਵਿਧਾਇਕ ਕਰਮਵੀਰ ਘੁੰਮਣ ਦੇ ਯਤਨਾਂ ਸਦਕਾ ਕਾਮਯਾਬੀ ਹਾਸਲ ਹੋਈ: ਕਾਹਲੋਂ

ਦਸੂਹਾ, 31 ਮਈ (ਰਜਿੰਦਰ ਸਿੰਘ ਦਸੂਹਾ): ਨਗਰ ਕੌਂਸਲ ਦੀਆਂ ਵੋਟਾਂ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਵੱਡੀ ਜਿੱਤ ਹਾਸਲ ਕੀਤੀ ਗਈ, ਜਿਸ ਦਾ ਸਿਹਰਾ ਵਿਧਾਇਕ ਕਰਮਵੀਰ ਸਿੰਘ ਘੁੰਮਣ ਦੀ ਮਿਹਨਤ ਸਦਕਾ ਹੈ। ਵਾਰਡ ਨੰਬਰ 10 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਵਿੰਦਰ ਸਿੰਘ ਕਾਹਲੋਂ 469 ਵੋਟਾਂ



ਨਾਲ ਜੇਤੂ ਰਹੇ। ਉਨ੍ਹਾਂ ਵੱਲੋਂ ਆਪਣੀ ਜਿੱਤ ਦਾ ਕਾਰਨ ਆਮ ਆਦਮੀ ਪਾਰਟੀ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਨੂੰ ਦੱਸਿਆ। ਇੱਥੇ ਵਰਣਨਯੋਗ ਗੱਲ ਇਹ ਹੈ ਕਿ ਪਿਛਲੀ ਵਾਰੀ ਇਲੈਕਸ਼ਨ ਹਾਰਨ ਦੇ ਬਾਵਜੂਦ ਵੀ ਹਰਵਿੰਦਰ ਸਿੰਘ ਕਾਹਲੋਂ ਵੱਲੋਂ ਆਪਣੇ ਵਾਰਡ ਦੇ ਵਿਕਾਸ ਵਾਸਤੇ ਹਰ ਸੰਭਵ ਕੋਸ਼ਿਸ਼ ਕੀਤੀ ਗਈ ਤੇ ਉਨ੍ਹਾਂ ਵੱਲੋਂ ਆਪਣੇ ਵਾਰਡ ਦੇ ਲੋਕਾਂ ਦੀ ਹਰ ਮਦਦ ਕੀਤੀ ਗਈ। ਹਰਵਿੰਦਰ ਸਿੰਘ ਕਾਹਲੋਂ ਨੇ ਐਮਸੀ ਨਾ ਹੁੰਦਿਆਂ ਹੋਇਆ ਵੀ ਆਪਣੇ ਵਾਰਡ ਦਾ ਵਿਕਾਸ ਕੀਤਾ। ਟੁੱਟੀਆਂ ਹੋਈਆਂ ਗਲੀਆਂ ਤੇ ਸੜਕਾਂ ਦੀ ਮੁਰੰਮਤ ਦੇ ਕੰਮ ਕਰਵਾਏ। ਇਸ ਮਿਹਨਤ ਕਰਕੇ ਹੀ ਉਨ੍ਹਾਂ ਨੇ ਲੋਕਾਂ ਦਾ ਪਿਆਰ ਜਿੱਤਿਆ ਤੇ ਜਿੱਤ ਹਾਸਲ ਕੀਤੀ। ਹਰਵਿੰਦਰ ਸਿੰਘ ਕਾਹਲੋਂ ਨੇ ਕਿਹਾ ਕਿ ਮੈਂ ਆਪਣੇ ਵਾਰਡ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਤੇ ਹਮੇਸ਼ਾ ਉਨ੍ਹਾਂ ਦੇ ਦੁੱਖ-ਸੁੱਖ ਵਿੱਚ ਸਹਾਈ ਹੋਵਾਂਗਾ। ਉਨ੍ਹਾਂ ਨੇ ਵਾਰਡ ਵਿੱਚ ਜੋ ਅਧੂਰੇ ਕੰਮ ਰਹਿ ਗਏ ਹਨ, ਉਹ ਵੀ ਪੂਰੇ ਕਰਨ ਦਾ ਵਿਸ਼ਵਾਸ ਦਿਵਾਇਆ।

# *ਸਿਵਲ ਸਰਜਨ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਵਿਸ਼ਵ ਤੰਬਾਕੂ ਦਿਵਸ ਮਨਾਇਆ*



ਗੁਰਦਾਸਪੁਰ/ਬਟਾਲਾ, 31 ਮਈ (ਜਗੀਰ ਸਿੰਘ ਮੰਡ/ਧੰਨਪਾਲ ਸਿੰਘ ਕਲਸੀ): ਮਾਣਯੋਗ ਸਿਵਲ ਸਰਜਨ ਡਾ. ਮਹੇਸ਼ ਕੁਮਾਰ ਪ੍ਰਭਾਕਰ, ਸਹਾਇਕ ਸਿਵਲ ਸਰਜਨ ਡਾ. ਪ੍ਰਭਜੋਤ ਕੌਰ ਕਲਸੀ ਤੇ ਡੀਐਚਓ ਡਾ. ਰਮੇਸ਼ ਕੁਮਾਰ ਅੱਤਰੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਵਿਸ਼ਵ ਤੰਬਾਕੂ ਦਿਵਸ ਮਨਾਇਆ ਗਿਆ। ਇਸ ਮੌਕੇ ਤੰਬਾਕੂ ਨੋਡਲ ਆਫਿਸਰ ਡਾ. ਕੁਲਵਿੰਦਰ ਕੌਰ ਜ਼ਿਲ੍ਹਾ ਮੈਡੀਕਲ ਆਫਿਸਰ ਆਫ ਹੈਲਥ ਤੇ ਡਾ. ਗੁਰਪ੍ਰੀਤ ਕੌਰ ਜ਼ਿਲ੍ਹਾ ਐਪੀਡੀਮੋਲੋਜਿਸਟ ਗੁਰਦਾਸਪੁਰ ਨੇ ਦੱਸਿਆ ਕਿ ਵਿਸ਼ਵ ਤੰਬਾਕੂ ਰਹਿਤ ਦਿਵਸ ਕਦੋਂ ਤੇ ਕਿਉਂ ਮਨਾਇਆ ਜਾਂਦਾ ਹੈ। ਇਸ ਹਰ ਸਾਲ 31 ਮਈ ਨੂੰ ਮਨਾਇਆ ਜਾਂਦਾ ਹੈ। ਡਬਲਿਊਐਚਓ ਯਾਨੀ ਵਿਸ਼ਵ ਸਿਹਤ ਸੰਗਠਨ ਨੇ 1987 ਵਿੱਚ ਇਸ ਦੀ ਸ਼ੁਰੂਆਤ ਕੀਤੀ ਗਈ ਸੀ, ਜਿਸ ਦਾ ਮਕਸਦ ਲੋਕਾਂ ਨੂੰ ਤੰਬਾਕੂ ਦੇ ਨੁਕਸਾਨਾਂ ਬਾਰੇ ਜਾਗਰੂਕ ਕਰਨਾ, ਸਰਕਾਰਾਂ ਨੂੰ ਤੰਬਾਕੂ ਕੰਟਰੋਲ ਲਈ ਸਖ਼ਤ ਕਾਨੂੰਨ ਬਣਾਉਣ ਲਈ ਕਹਿਣਾ ਤੇ ਤੰਬਾਕੂ ਤੋਂ ਸ਼ਹਿਰੀ ਤੇ ਪੇਂਡੂ ਖੇਤਰ ਦੇ ਲੋਕਾਂ ਨੂੰ ਬਚਾਉਣਾ ਸਿਗਰਟ, ਬੀੜੀ, ਹੁੱਕਾ, ਗੁਟਖਾ, ਜ਼ਰਦਾ, ਖੈਨੀ, ਈ-ਸਿਗਰਟ, ਸਭ ਵਿੱਚ ਨਿਕੋਟੀਨ ਹੁੰਦਾ ਹੈ ਜੋ ਬੁਰੀ ਲਤ ਲਗਾਉਂਦਾ ਹੈ, ਜੇ ਕੋਈ ਤੰਬਾਕੂ ਛੱਡਣਾ ਚਾਹੁੰਦਾ ਹੈ ਤਾਂ ਆਪਣੇ ਨਜ਼ਦੀਕੀ ਸਰਕਾਰੀ ਹਸਪਤਾਲ ਦੇ ਮਾਹਿਰ ਡਾਕਟਰ ਨਾਲ ਸੰਪਰਕ ਕਰੇ। ਤੰਬਾਕੂ ਛੱਡਣ ਲਈ ਨੈਸ਼ਨਲ ਟੋਲ ਫ੍ਰੀ ਨੰਬਰ 1800-11-2356 'ਤੇ ਕਾਲ ਕਰ ਸਕਦੇ ਹੋ ਤੇ ਇਸ ਮੌਕੇ ਜੋਬਨਪ੍ਰੀਤ ਸਿੰਘ ਹੈਲਥ ਇੰਸਪੈਕਟਰ ਤੇ ਦਵਿੰਦਰ ਸਿੰਘ ਨੇ ਦੱਸਿਆ ਕਿ ਤੰਬਾਕੂ ਛੱਡਣ ਤੋਂ ਬਾਅਦ ਸਰੀਰ ਵਿੱਚ ਬਦਲਾਅ ਆਉਂਦੇ ਹਨ। ਇਸ ਮੌਕੇ ਹੈਲਥ ਇੰਸਪੈਕਟਰ ਹਰਪ੍ਰੀਤ ਸਿੰਘ, ਗੁਰਪਾਲ ਸਿੰਘ ਐਚਆਈ, ਮਹਿੰਦਰ ਪਾਲ ਐਚਆਈ, ਨਿਕੁੰਜ ਮੋਹਨ, ਪਵਨ ਕੁਮਾਰ, ਅਮਨਪ੍ਰੀਤ ਸਿੰਘ, ਆਕਾਸ਼ਦੀਪ, ਰਮਨ ਕੁਮਾਰ, ਮਨਜਿੰਦਰ ਸਿੰਘ, ਦੀਪਕ ਕੁਮਾਰ ਵਰਿੰਦਰ ਕੁਮਾਰ ਆਦਿ ਹਾਜ਼ਰ ਸਨ।

# ਫਿਰ ਚੱਲਿਆ ਅੰਗਦ ਸੈਣੀ ਦਾ ਜਾਦੂ, ਅੱਠ ਸੀਟਾਂ ਜਿੱਤ ਕੇ ਨਗਰ ਕੌਂਸਲ 'ਤੇ ਜਿੱਤ ਦਾ ਠੋਕਿਆ ਦਾਅਵਾ

ਨਵਾਂਸ਼ਹਿਰ, 31 ਮਈ (ਸੁਖਦੇਵ ਸਿੰਘ ਉੜਾਪੜ): ਨਵਾਂਸ਼ਹਿਰ ਵਿੱਚ ਫਿਰ ਚੱਲਿਆ ਅੰਗਦ ਸੈਣੀ ਦਾ ਜਾਦੂ ਅੱਠ ਸੀਟਾਂ ਜਿੱਤ ਕੇ ਨਗਰ ਕੌਂਸਲ 'ਤੇ ਜਿੱਤ ਦਾ ਠੋਕਿਆ ਦਾਅਵਾ ਆਪ 6 , ਅਕਾਲੀ ਦਲ 2 ਤੇ ਜੇਤੂ ਰਹੇ। ਜੇਤੂ ਉਮੀਦਵਾਰਾਂ 'ਚ ਵਾਰਡ ਨੰਬਰ ਇੱਕ ਤੋਂ ਜੇਤੂ ਬਲਵਿੰਦਰ ਕੁਮਾਰ ਆਮ ਆਦਮੀ ਪਾਰਟੀ ਨੇ 455 ਵੋਟਾਂ, ਕਾਂਗਰਸ ਦੇ ਉਮੀਦਵਾਰ ਲਾਲ ਚੰਦ ਨੇ 315 ਵੋਟਾਂ, ਅਕਾਲੀ ਦਲ ਦੇ ਗੁਰਦੀਪ ਸਿੰਘ ਨੇ 315, ਭਾਜਪਾ ਦੇ ਰਜੇਸ਼ ਰਾਮ 42, ਵਾਰਡ ਨੰਬਰ ਦੋ ਤੋਂ ਜੇਤੂ ਆਮ ਆਦਮੀ ਪਾਰਟੀ ਦੇ ਜਸਕਰਨ ਸਿੰਘ ਜੇਜੀ ਨੇ 648, ਭਾਜਪਾ ਦੇ ਕਰਨ ਕੁਮਾਰ 11, ਕਾਂਗਰਸ ਦੇ ਗੁਰਪ੍ਰੀਤ ਸਿੰਘ 86, ਅਕਾਲੀ ਦਲ ਦੇ ਕਮਲਜੀਤ ਕੌਰ 177, ਵਾਰਡ ਨੰਬਰ ਤਿੰਨ ਤੋਂ ਜੇਤੂ ਸ਼੍ਰੋਮਣੀ ਅਕਾਲੀ ਦਲ ਦੇ ਪਰਮ ਸਿੰਘ ਖ਼ਾਲਸਾ 590, ਆਮ ਆਦਮੀ ਪਾਰਟੀ ਦੇ ਇੰਦਰਜੀਤ ਕੁਮਾਰ 328, ਭਾਜਪਾ



ਦੇ ਪਲਵੀ 35 ਤੇ ਕਾਂਗਰਸ ਦੇ ਰਾਜ ਕੁਮਾਰ 172, ਵਾਰਡ ਨੰਬਰ ਚਾਰ ਤੋਂ ਜੇਤੂ ਸ਼੍ਰੋਮਣੀ ਅਕਾਲੀ ਦਲ ਦੀ ਮਹਿੰਦਰ ਪਾਲ ਕੌਰ ਖ਼ਾਲਸਾ 769, ਆਮ ਆਦਮੀ ਪਾਰਟੀ ਦੇ ਰਜਨੀ ਬਾਲਾ 248, ਭਾਜਪਾ ਦੀ ਬਬੀਤਾ ਕਾਲੀਆ 55 ਤੇ ਕਾਂਗਰਸ ਦੀ ਗੁਰਦੇਵ ਕੌਰ 136, ਵਾਰਡ ਨੰਬਰ ਪੰਜ ਤੋਂ ਜੇਤੂ ਆਮ ਆਦਮੀ ਪਾਰਟੀ ਦੇ ਸ਼ਿਵ ਰਾਮ 437, ਕਾਂਗਰਸ ਦੇ ਬਲਵਿੰਦਰ ਕੁਮਾਰ 422, ਅਕਾਲੀ ਦਲ ਦੇ ਜਸਵਿੰਦਰ ਸਿੰਘ ਫਤਿਹ 174, ਭਾਜਪਾ ਦੇ ਮਨੀਸ਼ ਸ਼ਰਮਾ 38, ਵਾਰਡ ਨੰਬਰ ਛੇ ਤੋਂ ਜੇਤੂ ਕਾਂਗਰਸ ਦੇ ਸੁਮਿਤ ਪ੍ਰਹਾਰ 298, ਆਜ਼ਾਦ ਕੁਲਵਿੰਦਰ ਕੌਰ 245, ਵਾਰਡ ਨੰਬਰ ਸੱਤ ਤੋਂ ਜੇਤੂ ਕਾਂਗਰਸ ਦੇ ਕੁਲਵੰਤ ਕੌਰ 568, ਭਾਜਪਾ ਦੇ ਜਸਕਰਨ ਸੇਠੀ 66 ਤੇ ਆਜ਼ਾਦ ਮਨਦੀਪ ਸਿੰਘ 372, ਵਾਰਡ ਨੰਬਰ ਅੱਠ ਤੋਂ ਜੇਤੂ ਕਾਂਗਰਸ ਦੇ ਰੀਤੂ ਬਡਵਾਲ 503, ਅਕਾਲੀ ਦਲ ਦੇ ਨਰਿੰਦਰ ਕੌਰ 486, ਵਾਰਡ ਨੰਬਰ ਨੌਂ ਤੋਂ ਜੇਤੂ ਆਪ ਦੇ ਦਵਿੰਦਰ ਕੁਮਾਰ 526, ਅਕਾਲੀ ਦਲ ਦੇ ਗੋਪਾਲ ਮੋਹਨ 158 ਤੇ ਕਾਂਗਰਸ ਦੇ ਪ੍ਰਵੀਨ ਕੁਮਾਰ 188, ਨਿਰਮਲ ਕੁਮਾਰ ਭਾਜਪਾ 51, ਵਾਰਡ ਨੰਬਰ 10 ਤੋਂ ਜੇਤੂ ਕਾਂਗਰਸ ਦੀ ਨਿਸ਼ੂ 817, ਆਜ਼ਾਦ ਰੀਨਾ ਸਹਿਜਪਾਲ 514, ਅਕਾਲੀ ਦਲ ਦੀ ਗੁਰਮੀਤ ਕੌਰ 86, ਵਾਰਡ ਨੰਬਰ 11 ਤੋਂ ਜੇਤੂ ਕਾਂਗਰਸ ਦੇ ਵਰਿੰਦਰ ਚੋਪੜਾ 790, ਬਸਪਾ ਦੇ ਅਸ਼ੋਕ ਕੁਮਾਰ 348, ਭਾਜਪਾ ਦੇ ਜਤਿੰਦਰ ਅਬਰੋਲ 105 ਜੇਤੂ ਰਹੇ।

# ਹਰਦੋਸ਼ਨੀ ਰੋਡ 'ਤੇ ਭੇਤਭਰੇ ਹਾਲਾਤਾਂ 'ਚ ਮਿਲੀ ਵਿਅਕਤੀ ਦੀ ਲਾਸ਼

ਗੁਰਦਾਸਪੁਰ, 31 ਮਈ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਗੁਰਦਾਸਪੁਰ ਦੀ ਹਰਦੋਸ਼ਨੀ ਰੋਡ 'ਤੇ ਪਿੰਡ ਹਯਾਤ ਨਗਰ ਨੇੜੇ ਅਸਿਧ ਪੀਰ ਬਾਬੇ ਦੀ ਦਰਗਾਹ ਨੇੜੇ ਇੱਕ ਵਿਅਕਤੀ ਦੀ ਭੇਤਭਰੇ ਹਾਲਾਤਾਂ ਵਿੱਚ ਲਾਸ਼ ਮਿਲਣ



ਕਾਰਨ ਇਲਾਕੇ ਵਿੱਚ ਸੰਸਨੀ ਤੇ ਦਹਿਸ਼ਤ ਪੂਰਨ ਮਾਹੌਲ ਬਣ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਵਿਅਕਤੀ ਸਵੇਰੇ ਤੜਕ ਸਾਰ ਮੋਟਰਸਾਈਕਲ 'ਤੇ ਸਵਾਰ ਹੋ ਕੇ ਜਾ ਰਿਹਾ ਸੀ ਕਿ ਰਸਤੇ ਵਿੱਚ ਉਸ ਨਾਲ ਕੋਈ ਭਾਣਾ ਵਾਪਰ ਗਿਆ। ਮ੍ਰਿਤਕ ਦੇ ਸਿਰ ਤੋਂ ਖੂਨ ਵਗ ਰਿਹਾ ਸੀ, ਜਦੋਂ ਕਿ ਉਸ ਦਾ ਮੋਟਰਸਾਈਕਲ ਬਿਲਕੁਲ ਸਹੀ ਹਾਲਾਤ ਵਿੱਚ ਸੜਕ ਦੇ ਕਿਨਾਰੇ 'ਤੇ ਪਿਆ ਹੋਇਆ ਸੀ। ਮੌਕੇ 'ਤੇ ਡੀਐਸਪੀ ਸ਼ਾਹਬਾਜ ਸਿੰਘ ਤੇ ਐਸਐਚਓ ਸਦਰ ਅਮਨਦੀਪ ਸਿੰਘ ਪਹੁੰਚੇ ਤੇ ਫੋਰੈਂਸਿਕ ਟੀਮ ਨੂੰ ਵੀ ਬੁਲਾਇਆ ਗਿਆ। ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਹ ਕੋਈ ਵਾਰਦਾਤ ਹੈ ਜਾਂ ਫਿਰ ਦੁਰਘਟਨਾ। ਮ੍ਰਿਤਕ ਦੀ ਪਹਿਚਾਣ ਅਮਨਦੀਪ ਸਿੰਘ 43 ਸਾਲ ਡੇਰਾ ਬਾਬਾ ਨਾਨਕ ਦੇ ਤੌਰ 'ਤੇ ਹੋਈ ਹੈ, ਜੋ ਹੁਣ ਸ਼ਹਿਰ ਦੇ ਪ੍ਰੇਮ ਨਗਰ ਇਲਾਕੇ ਵਿੱਚ ਕਿਰਾਏ 'ਤੇ ਰਹਿ ਰਿਹਾ ਸੀ। ਪੁਲਿਸ ਵੱਲੋਂ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਤੇ ਮ੍ਰਿਤਕ ਦੇ ਪਰਿਵਾਰ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

# *ਅਜਨਾਲਾ ਦੇ ਸੱਕੀ ਨਾਲੇ 'ਚ ਡੁੱਬੇ ਨੌਜਵਾਨ ਦੀ ਲਾਸ਼ ਬ੍ਰਾਮਦ*

ਅਜਨਾਲਾ, 31 ਮਈ (ਸੁਖਦੇਵ ਸਿੰਘ ਖਾਲਸਾ): ਦੋ ਦਿਨ ਪਹਿਲਾਂ ਅਜਨਾਲਾ ਸ਼ਹਿਰ ਨਾਲ ਵਗਦੇ ਸੱਕੀ ਨਾਲੇ ਵਿੱਚ ਡੁੱਬੇ 16 ਸਾਲਾ ਨੌਜਵਾਨ ਦੀ ਲਾਸ਼ ਅੱਜ ਸਵੇਰੇ ਬ੍ਰਾਮਦ ਹੋ ਗਈ ਹੈ। ਅੱਤ ਦੀ ਗਰਮੀ ਪੈ ਰਹੀ ਹੈ, ਜਿਸ ਕਰਕੇ ਨੌਜਵਾਨ ਸੱਕੀ ਨਾਲੇ ਵਿੱਚ ਨਹਾਉਣ ਲਈ ਚਲੇ ਜਾਂਦੇ ਹਨ, ਇਸੇ ਹੀ ਤਰ੍ਹਾਂ 29 ਮਈ ਨੂੰ ਨੌਜਵਾਨ ਅਮਨਦੀਪ ਸਿੰਘ ਆਪਣੇ ਦੋਸਤਾਂ ਨਾਲ ਨਹਾਉਣ ਲਈ ਸੱਕੀ ਨਾਲੇ ਵਿੱਚ ਗਿਆ ਸੀ ਜਿੱਥੇ ਉਹ ਅਚਾਨਕ ਪਾਣੀ ਦੇ ਤੇਜ਼ ਵਹਾਅ ਵਿੱਚ ਫਸ ਕੇ ਡੁੱਬ ਗਿਆ ਸੀ। ਘਟਨਾ ਤੋਂ ਬਾਅਦ ਪਰਿਵਾਰਕ ਮੈਂਬਰ ਤੇ ਇਲਾਕਾ ਨਿਵਾਸੀਆਂ ਵੱਲੋਂ ਲਗਾਤਾਰ ਨੌਜਵਾਨ ਦੀ ਭਾਲ ਕੀਤੀ ਜਾ ਰਹੀ ਸੀ ਤੇ ਵਿਚਾਰ ਟੀਮਾਂ ਵੱਲੋਂ ਵੀ ਖੋਜ ਮੁਹਿੰਮ ਚਲਾਈ ਜਾ ਰਹੀ ਸੀ, ਜਿਸ ਦੌਰਾਨ ਅੱਜ ਸਵੇਰੇ ਨੌਜਵਾਨ ਦੀ ਲਾਸ਼ ਸੱਕੀ ਨਾਲ ਵਿੱਚੋਂ ਬ੍ਰਾਮਦ ਕਰ ਲਈ ਗਈ। ਅਮਨਦੀਪ ਲਾਸ਼ ਮਿਲਣ ਦੀ ਖਬਰ ਸੁਣਦੇ ਹੀ ਇਲਾਕੇ ਦੇ ਲੋਕਾਂ, ਪਰਿਵਾਰਕ ਮੈਂਬਰਾਂ ਵਿੱਚ ਸੋਕ ਦੀ ਲਹਿਰ ਦੌੜ ਗਈ ਮਾਪਿਆਂ ਤੇ ਹੋਰ ਪਰਿਵਾਰਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਸੀ। ਪੂਰੇ ਇਲਾਕੇ ਵਿੱਚ ਗਮ ਦਾ ਮਾਹੌਲ ਬਣਿਆ ਹੋਇਆ ਹੈ। ਪ੍ਰਸ਼ਾਸਨ ਨੂੰ ਵੀ ਚਾਹੀਦਾ ਹੈ ਕਿ ਗਰਮੀ ਦੇ ਦਿਨਾਂ ਵਿੱਚ ਸੱਕੀ ਨਾਲ ਇਹਦੇ ਆਸ-ਪਾਸ ਨਜ਼ਰ ਰੱਖੀ ਜਾਵੇ ਕਿਉਂਕਿ ਜੋ ਬੱਚੇ ਤੈਰਨਾ ਨਹੀਂ ਜਾਣਦੇ ਪਾਣੀ ਵਿੱਚ ਉਤਰਨ ਤੋਂ ਬਾਅਦ ਅਚਾਨਕ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹਨ।

# ਡਾ. ਮਨਮੋਹਨ ਸਿੰਘ ਸਮੇਂ ਵੀ ਦੇਸ਼ 'ਚ ਆਰਥਿਕ ਮੰਦਹਾਲੀ ਆਈ ਪਰ ਦੇਸ਼ 'ਤੇ ਅਸਰ ਨਹੀਂ ਸੀ ਹੋਇਆ: ਸ਼ਰਮਾ

ਗੜ੍ਹਸ਼ੰਕਰ, 31 ਮਈ (ਅਜਮੇਰ ਸਿੰਘ ਭਨੋਟ): ਅੱਜ ਗੜ੍ਹਸ਼ੰਕਰ ਵਿਖੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਵੱਡੇ ਨੇਤਾ ਕਿਸ਼ੋਰੀ ਲਾਲ ਸ਼ਰਮਾ ਆਪਣੇ ਪੁਸ਼ਤੈਨੀ ਪਿੰਡ ਭਵਾਨੀਪੁਰ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਵੱਲੋਂ ਪਿੰਡ ਦੇ ਵਿਕਾਸ ਕਾਰਜ ਲਈ 50 ਲੱਖ ਤੋਂ ਜ਼ਿਆਦਾ ਦੇ ਫੰਡ ਦਿੱਤੇ ਗਏ ਸਨ, ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਕਿਸ਼ੋਰੀ ਲਾਲ ਸ਼ਰਮਾ ਨੇ ਕਿਹਾ ਕਿ ਅੱਜ ਪੰਜਾਬ ਦੇ ਅੰਦਰ ਕੇਂਦਰ ਦੀ ਭਾਜਪਾ ਸਰਕਾਰ ਐਸਆਈਆਰ ਕਰਵਾਉਣ ਜਾ ਰਹੀ ਹੈ। ਇਹ ਇੱਕ ਚਿੰਤਾ ਦਾ ਵਿਸ਼ੇ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਜ਼ਿਆਦਾਤਰ ਨੌਜਵਾਨ ਰੋਜ਼ੀ ਰੋਟੀ ਦੇ ਲਈ ਵਿਦੇਸ਼ਾਂ ਦਾ ਰੁੱਖ ਕਰ ਚੁੱਕੇ ਹਨ, ਜੋ ਵਿਦੇਸ਼ਾਂ ਦੇ ਵਿੱਚ ਸਿਟੀਜ਼ਨ ਨਹੀਂ ਹਨ, ਜੇਕਰ ਐਸਆਈਆਰ ਹੁੰਦਾ ਹੈ ਤਾਂ ਉਨ੍ਹਾਂ ਦਾ ਨੁਕਸਾਨ ਹੋ ਸਕਦਾ ਹੈ। ਇਸ ਲਈ ਸਭ ਨੂੰ ਬੂਥ ਲੈਵਲ 'ਤੇ ਸਤਰਕ ਰਹਿਣਾ ਪਵੇਗਾ, ਜੋ ਵਿਦੇਸ਼ ਵਿੱਚ ਗਏ ਹਨ, ਉਨ੍ਹਾਂ ਦਾ ਵੋਟ ਕੱਟਣਾ ਨਹੀਂ ਚਾਹੀਦਾ ਦੇਸ਼ ਵਿੱਚ ਹੀ ਰਹਿਣਾ ਚਾਹੀਦਾ। ਉਨ੍ਹਾਂ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਅੱਜ ਦੇਸ਼ ਦੇ ਆਰਥਿਕ ਹਾਲਾਤ ਚੰਗੇ ਨਹੀਂ ਹਨ, ਕੇਂਦਰ ਸਰਕਾਰ ਮੁੱਦਿਆਂ ਦੀ ਗੱਲ ਨਹੀਂ ਕਰ ਰਹੀ ਸਗੋਂ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਸਮੇਂ ਵੀ ਦੇਸ਼ ਵਿੱਚ ਆਰਥਿਕ ਮੰਦਹਾਲੀ ਆਈ ਸੀ ਪਰ ਦੇਸ਼ 'ਤੇ ਉਸ ਦਾ ਅਹਿਸਾਸ ਵੀ ਨਹੀਂ ਸੀ ਹੋਇਆ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਕਈ ਸਾਲ ਤੋਂ ਕਹਿ ਰਹੇ ਹਨ ਕਿ ਦੇਸ਼ ਅੰਦਰ ਆਰਥਿਕ ਸੰਕਟ ਆਉਣ ਵਾਲੇ ਹਨ ਇਸ ਲਈ ਪਹਿਲਾਂ ਹੀ ਇੰਤਜ਼ਾਮ ਸਰਕਾਰ ਨੂੰ ਕਰਨੇ ਚਾਹੀਦੇ ਸਨ। ਉਨ੍ਹਾਂ ਪੰਜਾਬ ਦੀ ਕਾਂਗਰਸ ਸਰਕਾਰ ਦੇ ਹਾਲਾਤਾਂ 'ਤੇ ਬੋਲਦਿਆਂ ਕਿਹਾ ਕਿ ਪੰਜਾਬ ਕਾਂਗਰਸ ਇਕਜੁੱਟ ਹੈ, ਕੋਈ ਵੀ ਪੰਜਾਬ ਕਾਂਗਰਸ ਪਾਰਟੀ ਵਿੱਚ ਧੜੇਬੰਦੀ ਨਹੀਂ ਹੈ।

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ 7 ਜੂਨ ਨੂੰ

ਗੁਰਦਾਸਪੁਰ, 31 ਮਈ (ਜਗੀਰ ਸਿੰਘ ਮੰਡ/ਨਾਹਰ): ਮੀਰੀ-ਪੀਰੀ ਦੇ ਮਾਲਕ ਧੰਨ-ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਨਾਰਾਇਣ ਕੁਟੀਆ ਨਗਰ, ਨਾਰਾਇਣਗੜ੍ਹ (ਹੁਸ਼ਿਆਰਪੁਰ) ਵਿਖੇ 7 ਜੂਨ ਦਿਨ ਐਤਵਾਰ 8 ਵਜੇ ਤੋਂ 11 ਵਜੇ ਤੱਕ ਮਨਾਇਆ ਜਾ ਰਿਹਾ ਹੈ। ਸੰਤ ਬਾਬਾ ਹਰਜਿੰਦਰ ਸਿੰਘ ਮੰਝਪੁਰ ਵਾਲੇ, ਸਮੂਹ ਨਗਰ ਨਿਵਾਸੀ ਸੰਗਤਾਂ ਤੇ ਸੰਤ ਖ਼ਾਲਸਾ ਦਲ ਨੇ ਸਮੂਹ ਸੰਗਤਾਂ ਨੂੰ ਮਹਾਨ ਕੀਰਤਨ ਦਰਬਾਰ ਵਿੱਚ ਪਹੁੰਚ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਬੇਨਤੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਮਹਾਨ ਨਗਰ ਕੀਰਤਨ ਵਿੱਚ ਸੰਤ ਮਹਾਂਪੁਰਸ਼ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ। ਉਨ੍ਹਾਂ ਦੱਸਿਆ ਕਿ 1 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੋਵੇਗੀ ਤੇ 7 ਜੂਨ ਨੂੰ ਸਮਾਪਤੀ ਹੋਵੇਗੀ। ਉਪਰੰਤ ਖੁੱਲ੍ਹੇ ਕੀਰਤਨ ਦਰਬਾਰ ਸਜਣਗੇ। ਸਵੇਰੇ 8 ਵਜੇ ਤੋਂ 11 ਵਜੇ ਤੱਕ ਸਮੂਹ ਸੰਗਤਾਂ ਦੇਣਾ। ਜੇਕਰ ਕਿਸੇ ਪਿੰਡ ਵਿੱਚ ਸਮਾਗਮ 'ਤੇ ਪਹੁੰਚਣ ਲਈ ਗੱਡੀ ਦੀ ਲੋੜ ਹੋਵੇ ਤਾਂ 94655-77804, 94636-75926 ਤੇ 84271-43397 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਹ ਅਸਥਾਨ ਉਚੀ ਬੱਸੀ ਤੋਂ 4 ਕਿਲੋਮੀਟਰ ਲਹਿੰਦੇ ਪਾਸੇ ਵੱਲ ਹੈ।



# ਸਿੱਖ ਇੱਕ ਬਹਾਦਰ ਭਾਈਚਾਰਾ, ਧਰਮ ਦੀ ਰੱਖਿਆ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ: ਸੈਣੀ

ਹਰਿਆਣਾ, 31 ਮਈ (ਚ.ਨ.ਸ): ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਿੱਖ ਭਾਈਚਾਰੇ ਦੀ ਅਟੱਲ ਬਹਾਦਰੀ ਤੇ ਦੇਸ਼ ਲਈ ਉਨ੍ਹਾਂ ਦੀ ਸਰਵਉਚ ਕੁਰਬਾਨੀ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਸਿੱਖ ਇੱਕ ਬਹਾਦਰ ਭਾਈਚਾਰਾ ਹੈ, ਜਿਸਨੇ ਆਪਣੇ ਧਰਮ ਦੀ ਰੱਖਿਆ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ ਪਰ ਕਦੇ ਨਹੀਂ ਝੁਕਿਆ। ਅੱਜ ਹਰ ਭਾਰਤੀ ਨੂੰ ਆਪਣੀ ਮਹਾਨ ਵਿਰਾਸਤ, ਕੁਰਬਾਨੀਆਂ ਤੇ ਬਹਾਦਰੀ 'ਤੇ ਮਾਣ ਹੈ। ਮੁੱਖ ਮੰਤਰੀ ਸ਼ਨੀਵਾਰ ਨੂੰ ਹਰਿਆਣਾ ਨਿਵਾਸ, ਚੰਡੀਗੜ੍ਹ ਵਿਖੇ ਸਿੱਖ ਸੰਗਤ ਦੁਆਰਾ ਕਰਵਾਏ ਧੰਨਵਾਦ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਸਿੱਖ ਭਾਈਚਾਰੇ ਨੇ ਮੁੱਖ ਮੰਤਰੀ ਨੂੰ ਕਿਰਪਾਨ ਤੇ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪਹਿਲੇ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ, ਸਾਰੇ ਗੁਰੂਆਂ ਨੇ ਸਾਨੂੰ ਸੇਵਾ, ਸਮਾਨਤਾ ਤੇ ਹਿੰਮਤ ਦਾ ਮਾਰਗ ਦਿਖਾਇਆ ਹੈ। ਭਾਰਤ ਨੂੰ ਬਚਾਉਣ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਚਾਰ ਸਾਹਿਬਜ਼ਾਦਿਆਂ ਦੀ ਕੁਰਬਾਨੀ ਇਸ ਮਹਾਨ ਗੁਰੂ ਪਰੰਪਰਾ ਦਾ ਹਿੱਸਾ ਹੈ। ਮੋਦੀ ਸਰਕਾਰ ਦੀ ਅਗਵਾਈ ਹੇਠ ਧਾਰਮਿਕ ਤੇ ਸੱਭਿਆਚਾਰਕ ਵਿਰਾਸਤ ਦੀ ਰੱਖਿਆ ਕੀਤੀ ਗਈ ਹੈ।ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਯੋਗ ਅਗਵਾਈ ਹੇਠ ਦੇਸ਼ ਅੰਦਰ ਧਾਰਮਿਕ ਤੇ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਲਈ ਬੇਮਿਸਾਲ ਕੰਮ ਕੀਤਾ ਜਾ ਰਿਹਾ ਹੈ। ਭਾਰਤ ਸਰਕਾਰ ਦੇ ਸੈਰ-ਸਪਾਟਾ ਮੰਤਰਾਲੇ ਨੇ ਸਵਦੇਸ਼ ਦਰਸ਼ਨ ਯੋਜਨਾ ਤਹਿਤ ਸ੍ਰੀ ਅਨੰਦਪੁਰ ਸਾਹਿਬ-ਸ੍ਰੀ ਫਤਿਹਗੜ੍ਹ ਸਾਹਿਬ-ਸ੍ਰੀ ਚਮਕੌਰ ਸਾਹਿਬ-ਫਿਰੋਜ਼ਪੁਰ-



ਅੰਮ੍ਰਿਤਸਰ-ਖਟਕੜ ਕਲਾਂ-ਕਲਾਨੌਰ-ਪਟਿਆਲਾ ਵਿਰਾਸਤੀ ਸਰਕਟ ਦੇ ਵਿਕਾਸ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਤੋਂ ਇਲਾਵਾ ਡੇਰਾ ਬਾਬਾ ਨਾਨਕ ਤੋਂ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦਾ ਉਦਘਾਟਨ ਤੇ ਅੰਮ੍ਰਿਤਸਰ ਤੋਂ ਸ੍ਰੀ ਨਾਂਦੇੜ ਸਾਹਿਬ ਲਈ ਇੱਕ ਵਿਸ਼ੇਸ਼ ਹਵਾਈ ਸੇਵਾ ਦੀ ਸ਼ੁਰੂਆਤ ਵੀ ਕੇਂਦਰ ਸਰਕਾਰ ਦੀਆਂ ਇਤਿਹਾਸਕ ਪਹਿਲਕਦਮੀਆਂ ਹਨ। 'ਵੀਰ ਬਾਲ ਦਿਵਸ ਹਰ ਸਾਲ 26 ਦਸੰਬਰ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਯਾਦ ਵਿੱਚ ਦੇਸ਼ ਭਰ ਵਿੱਚ ਬਹੁਤ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

# 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2026' ਸਿੱਖ ਕੌਮ ਲਈ ਖ਼ਤਰਾ: ਜਥੇ.ਗੜਗੱਜ

ਲੁਧਿਆਣਾ, 31 ਮਈ (ਚ.ਨ.ਸ): ਗੁਰਦੁਆਰਾ ਸ਼ਹੀਦਾਂ ਫੇਰੂਮਾਨ, ਢੋਲੇਵਾਲ ਚੌਕ ਵਿਖੇ ਕਰਵਾਈ ਗਈ ਪੰਥਕ ਇਕੱਤਰਤਾ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2026' ਨੂੰ ਸਿੱਖ ਕੌਮ ਲਈ ਖ਼ਤਰਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਭਾਵੇਂ ਕਾਨੂੰਨ ਨੂੰ ਸਤਿਕਾਰ ਦੇ ਨਾਂ 'ਤੇ ਲਿਆਂਦਾ ਗਿਆ ਹੈ, ਪਰ ਇਸ ਦੀਆਂ ਕੁਝ ਧਾਰਾਵਾਂ ਸਿੱਖ ਧਾਰਮਿਕ ਪ੍ਰਣਾਲੀ ਤੇ ਪਰੰਪਰਾਵਾਂ 'ਤੇ ਅਸਰ ਪਾ ਸਕਦੀਆਂ ਹਨ। ਜਥੇਦਾਰ ਗੜਗੱਜ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਸਰਕਾਰਾਂ ਕਈ ਵਾਰ ਕੌਮਾਂ ਦੀ ਪਛਾਣ ਤੇ ਖ਼ੁਦਮੁਖ਼ਤਿਆਰੀ ਨੂੰ ਪ੍ਰਭਾਵਿਤ ਕਰਨ ਲਈ ਵੱਖ-ਵੱਖ ਤਰੀਕੇ ਅਪਣਾਉਂਦੀਆਂ ਹਨ, ਪਰ ਆਪਣੇ ਵਿਰਸੇ ਨਾਲ ਜੁੜੀਆਂ ਕੌਮਾਂ ਅਜਿਹੇ ਯਤਨਾਂ ਨੂੰ ਕਾਮਯਾਬ ਨਹੀਂ ਹੋਣ ਦਿੰਦੀਆਂ। ਉਨ੍ਹਾਂ ਇਸ ਕਾਨੂੰਨ ਦੀ ਤੁਲਨਾ ਜ਼ਹਿਰ 'ਤੇ ਖੰਡ ਦਾ ਲੇਪ ਕਰਨ ਨਾਲ ਕਰਦਿਆਂ ਕਿਹਾ ਕਿ ਪਹਿਲੀ ਨਜ਼ਰ ਵਿੱਚ ਇਹ ਲੋਕ-ਹਿਤੈਸ਼ੀ ਦਿਖਾਈ ਦੇ ਸਕਦਾ ਹੈ, ਪਰ ਲੰਬੇ ਸਮੇਂ ਵਿੱਚ ਇਸ ਦੇ ਗੰਭੀਰ ਨਤੀਜੇ ਨਿਕਲ ਸਕਦੇ ਹਨ। ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸਾਬਕਾ ਮੰਤਰੀ ਜਥੇਦਾਰ ਹੀਰਾ ਸਿੰਘ ਗਾਬੜੀਆ ਤੇ ਗੁਰਦੁਆਰਾ ਸ਼ਹੀਦਾਂ ਫੇਰੂਮਾਨ ਦੇ ਮੁੱਖ ਸੇਵਾਦਾਰ ਐਡ. ਬਲਵਿੰਦਰ ਸਿੰਘ ਲਾਇਲਪੁਰੀ ਨੇ ਕਿਹਾ ਕਿ ਬੇਅਦਬੀ ਦੇ ਦੋਸ਼ੀਆਂ ਲਈ ਸਖ਼ਤ ਸਜ਼ਾਵਾਂ ਦਾ ਕੋਈ ਵਿਰੋਧ ਨਹੀਂ, ਪਰ ਐਕਟ ਵਿੱਚ ਸ਼ਾਮਲ ਕੁਝ ਹੋਰ ਸੋਧਾਂ ਧਾਰਮਿਕ ਅਥਾਰਟੀ ਤੇ ਪੰਥਕ ਅਧਿਕਾਰ ਖੇਤਰ ਨਾਲ ਸਬੰਧਤ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਕੁਝ ਪ੍ਰਬੰਧਾਂ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਥਾਰਟੀ ਵਿੱਚ ਦਖ਼ਲ-ਅੰਦਾਜ਼ੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਘਰਾਂ ਤੇ ਦਿਲਾਂ ਵਿੱਚ



ਗੁਰੂ ਸਾਹਿਬ ਦੀ ਜੋ ਥਾਂ ਹੈ, ਉਸ ਨੂੰ ਕੋਈ ਸਰਕਾਰ ਜਾਂ ਕਾਨੂੰਨ ਪ੍ਰਭਾਵਿਤ ਨਹੀਂ ਕਰ ਸਕਦਾ। ਇਸ ਮੌਕੇ ਵੱਖ-ਵੱਖ ਧਾਰਮਿਕ, ਸਮਾਜਿਕ ਤੇ ਪੰਥਕ ਆਗੂਆਂ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਬਾਬਾ ਅਜੀਤ ਸਿੰਘ, ਤੇਜਿੰਦਰ ਸਿੰਘ ਡੰਗ, ਗੁਰਮੀਤ ਸਿੰਘ ਕੁਲਾਰ, ਐਡ. ਪਰਉਪਕਾਰ ਸਿੰਘ ਘੁੰਮਣ, ਪ੍ਰਿਤਪਾਲ ਸਿੰਘ, ਗੁਰਮੀਤ ਸਿੰਘ, ਪਰਮਜੀਤ ਸਿੰਘ ਨੱਤ, ਹਰਪਾਲ ਸਿੰਘ ਬਠਲਾ, ਤਰਲੋਚਨ ਸਿੰਘ ਬੱਬਰ, ਮਨਪ੍ਰੀਤ ਸਿੰਘ ਪ੍ਰਿੰਸ, ਇੰਦਰਜੀਤ ਸਿੰਘ ਮੱਕੜ, ਬਲਜੀਤ ਸਿੰਘ ਦੁਖੀਆ, ਸੁਰਿੰਦਰਜੀਤ ਸਿੰਘ ਮੱਕੜ, ਗੁਰਦੀਪ ਸਿੰਘ ਲੀਲ, ਸੁਰਿੰਦਰ ਸਿੰਘ ਬਿੰਦਰਾ ਆਦਿ ਹਾਜ਼ਰ ਸਨ।

# ਬਿਹਾਰ ਦੀ ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਵੱਲੋਂ ਸਰਕਾਰੀ ਬੰਗਲਾ ਖਾਲੀ ਕਰਨ ਤੋਂ ਨਾਂਹ

ਪਟਨਾ, 31 ਮਈ (ਚ.ਨ.ਸ): ਬਿਹਾਰ ਦੀ ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਨੇ ਅੱਜ ਮੁੱਖ ਮੰਤਰੀ ਸਮਰਾਟ ਚੌਧਰੀ ਨੂੰ ਉਹ ਸਰਕਾਰੀ ਬੰਗਲਾ 'ਜਬਰੀ' ਖ਼ਾਲੀ ਕਰਵਾਉਣ ਦੀ ਚੁਣੌਤੀ ਦਿੱਤੀ, ਜਿਸ 'ਚ ਉਹ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਰਹਿ ਰਹੀ ਹੈ। ਰਾਬੜੀ ਦੇਵੀ ਨੇ ਕਿਹਾ ਕਿ ਉਹ ਆਪਣਾ ਬੰਗਲਾ ਖ਼ਾਲੀ ਨਹੀਂ ਕਰੇਗੀ। ਸਾਲ 1997 ਤੋਂ 2005 ਤੱਕ ਅੱਠ ਸਾਲ ਮੁੱਖ ਮੰਤਰੀ ਰਹੀ ਰਾਸ਼ਟਰੀ ਜਨਤਾ ਦਲ (ਆਰਜੇਡੀ) ਆਗੂ ਰਾਬੜੀ ਦੇਵੀ ਉਸ ਸਮੇਂ ਗੁੱਸੇ 'ਚ ਆ ਗਈ ਜਦੋਂ ਕੁਝ ਪੱਤਰਕਾਰਾਂ ਨੇ ਉਨ੍ਹਾਂ ਨੂੰ ਭਵਨ ਨਿਰਮਾਣ ਵਿਭਾਗ ਦੇ ਉਸ ਹੁਕਮ ਬਾਰੇ ਪੁੱਛਿਆ ਜਿਸ 'ਚ ਪਟਨਾ ਦੇ ਸਰਕੂਲਰ ਰੋਡ ਸਥਿਤ ਬੰਗਲਾ ਨੰਬਰ 10 ਦੀ ਅਲਾਟਮੈਂਟ ਡੇਅਰੀ ਤੇ ਮੱਛੀ ਮਾਲਣ ਮੰਤਰੀ ਨੰਦ ਕਿਸ਼ੋਰ ਰਾਮ ਨੂੰ ਕੀਤੀ ਗਈ ਹੈ। ਆਰਜੇਡੀ ਮੁਖੀ ਲਾਲੂ ਪ੍ਰਸਾਦ ਯਾਦਵ ਦੀ ਪਤਨੀ ਰਾਬੜੀ ਦੇਵੀ ਨੇ ਨਾਰਾਜ਼ਗੀ ਜ਼ਾਹਿਰ ਕਰਦਿਆਂ ਕਿਹਾ ਕਿ ਹਾਂ ਮੈਂ ਦੇਖ ਸਕਦੀ ਹਾਂ ਕਿ ਹਾਲ ਹੀ 'ਚ ਮੁੱਖ ਮੰਤਰੀ ਬਣੇ ਸਮਰਾਟ ਚੌਧਰੀ ਕਾਫ਼ੀ ਉਤਸ਼ਾਹਿਤ ਹਨ। ਉਹ



ਮੈਨੂੰ ਜਬਰੀ ਹਟਾ ਲੈਣ। ਮੈਂ ਇਹ ਬੰਗਲਾ ਖ਼ਾਲੀ ਨਹੀਂ ਕਰਨ ਵਾਲੀ। ਦਿੱਲੀ ਤੋਂ ਪਰਤੀ ਰਾਬੜੀ ਦੇਵੀ ਨੂੰ ਇਸ ਘਟਨਾਕ੍ਰਮ ਬਾਰੇ ਪਟਨਾ ਦੇ ਹਵਾਈ ਅੱਡੇ 'ਤੇ ਸਵਾਲ ਕੀਤਾ ਗਿਆ। ਦਿੱਲੀ 'ਚ ਉਨ੍ਹਾਂ ਆਪਣੇ ਪੋਤੇ ਦਾ ਜਨਮਦਿਨ ਮਨਾਇਆ ਤੇ ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਦੇ ਪਤੀ ਉਥੋਂ ਇਲਾਜ ਲਈ ਸਿੰਗਾਪੁਰ ਰਵਾਨਾ ਹੋਏ ਹਨ। ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਵਾਰ-ਵਾਰ ਯਾਦ ਦਿਵਾਉਂਦੇ ਰਹੇ ਹਨ ਕਿ ਸਮਰਾਟ ਚੌਧਰੀ ਨੇ ਆਪਣੇ ਸਿਆਸੀ ਕਰੀਅਰ ਦੀ ਸ਼ੁਰੂਆਤ ਉਨ੍ਹਾਂ ਦੇ ਮੰਤਰੀ ਮੰਡਲ 'ਚ ਮੰਤਰੀ ਵਜੋਂ ਕੀਤੀ ਸੀ।

# ਬੰਦ ਪਏ ਮਕਾਨ 'ਚੋਂ ਬਜ਼ੁਰਗ ਜੋੜੇ ਦੀਆਂ ਲਾਸ਼ਾਂ ਬ੍ਰਾਮਦ

ਲੁਧਿਆਣਾ, 31 ਮਈ (ਚ.ਨ.ਸ): ਇੱਥੋਂ ਦੇ ਸ਼ਿਮਲਾਪੁਰੀ ਇਲਾਕੇ ਵਿੱਚ ਬੰਦ ਪਏ ਮਕਾਨ 'ਚੋਂ ਬਜ਼ੁਰਗ ਪਤੀ-ਪਤਨੀ ਦੀਆਂ ਖ਼ੂਨ ਨਾਲ ਲੱਥ-ਪੱਥ ਲਾਸ਼ਾਂ ਬ੍ਰਾਮਦ ਹੋਈਆਂ ਹਨ। ਦੋਵਾਂ ਦੇ ਸਿਰ 'ਤੇ ਭਾਰੀ ਹਥਿਆਰਾਂ ਨਾਲ ਵਾਰ ਕਰਕੇ ਹੱਤਿਆ ਕੀਤੀ ਗਈ ਹੈ। ਮ੍ਰਿਤਕਾਂ ਦੀ ਪਛਾਣ ਕੁਲਦੀਪ ਸਿੰਘ (75) ਤੇ ਉਸ ਦੀ ਪਤਨੀ ਹਰਮੀਤ ਕੌਰ (73) ਵਜੋਂ ਹੋਈ ਹੈ। ਘਟਨਾ ਦਾ ਪਤਾ ਉਦੋਂ ਲੱਗਿਆ ਜਦੋਂ ਪਿਛਲੇ ਦੋ ਦਿਨਾਂ ਤੋਂ ਇਹ ਜੋੜਾ ਇਲਾਕੇ ਵਿੱਚ ਨਜ਼ਰ ਨਹੀਂ ਆਇਆ ਤੇ ਅੱਜ ਸਵੇਰੇ ਘਰ 'ਚੋਂ ਬਦਬੂ ਆਉਣ ਲੱਗੀ। ਮ੍ਰਿਤਕਾਂ ਦੀਆਂ ਧੀਆਂ ਦੇ ਕਹਿਣ 'ਤੇ ਆਏ ਰਿਸ਼ਤੇਦਾਰਾਂ ਨੇ ਜਦੋਂ ਘਰ ਦੇ ਦਰਵਾਜ਼ੇ ਨੂੰ ਧੱਕਾ ਮਾਰ ਕੇ ਖੋਲ੍ਹਿਆ ਤਾਂ ਅੰਦਰ ਜ਼ਮੀਨ 'ਤੇ ਦੋਵਾਂ ਦੀਆਂ ਲਾਸ਼ਾਂ ਪਈਆਂ ਸਨ। ਸੂਚਨਾ ਮਿਲਦਿਆਂ ਹੀ ਪੁਲਿਸ ਦੇ ਉਚ ਅਧਿਕਾਰੀ ਤੇ ਥਾਣਾ ਡਵੀਜ਼ਨ ਨੰਬਰ 6 ਦੀ ਪੁਲਿਸ ਫੋਰਸ ਮੌਕੇ 'ਤੇ ਪਹੁੰਚ ਗਈ।ਵਾਰਦਾਤ ਦੀ ਗੰਭੀਰਤਾ ਨੂੰ ਦੇਖਦਿਆਂ ਪੁਲਿਸ ਦੇ ਉਚ ਅਧਿਕਾਰੀ, ਡੌਗ ਸਕੁਐਡ ਤੇ ਫੋਰੈਂਸਿਕ ਮਾਹਿਰਾਂ ਦੀਆਂ ਟੀਮਾਂ ਤੁਰੰਤ ਮੌਕੇ ਉਤੇ ਪਹੁੰਚੀਆਂ ਤੇ ਸਬੂਤ ਇਕੱਠੇ ਕੀਤੇ। ਮੁੱਢਲੀ ਜਾਂਚ ਅਨੁਸਾਰ ਦੋਵਾਂ ਦੀ ਹੱਤਿਆ ਕਰੀਬ ਦੋ ਦਿਨ ਪਹਿਲਾਂ ਕੀਤੀ ਗਈ ਸੀ। ਪੁਲਿਸ ਨੇ ਲਾਸ਼ਾਂ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤੀਆਂ ਹਨ।ਏਡੀਸੀਪੀ ਕਰਨਵੀਰ ਸਿੰਘ ਨੇ ਦੱਸਿਆ ਕਿ ਦੋਵਾਂ ਬਜ਼ੁਰਗਾਂ ਦੇ ਸਿਰ 'ਤੇ ਕਈ ਵਾਰ ਕੀਤੇ ਗਏ ਹਨ, ਜਿਸ ਕਰਕੇ ਜ਼ਿਆਦਾ ਖ਼ੂਨ ਵਹਿਣ ਕਾਰਨ ਮੌਕੇ ਉਤੇ ਹੀ ਮੌਤ ਹੋ ਗਈ। ਹਮਲਾਵਰ ਘਰ ਦੇ ਨਕਸ਼ੇ ਤੇ ਰਸਤਿਆਂ ਤੋਂ ਪੂਰੀ ਤਰ੍ਹਾਂ ਵਾਕਫ਼ ਸਨ। ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਇਹ ਹੱਤਿਆ ਕਿਸੇ ਨਜ਼ਦੀਕੀ ਵਿਅਕਤੀ ਵੱਲੋਂ ਹੀ ਕੀਤੀ ਗਈ ਹੈ।

# ਕੇਵਲ ਸਿੰਘ ਢਿੱਲੋਂ ਨੇ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ ਕੀਤੀ

ਅੰਮ੍ਰਿਤਸਰ, 31 ਮਈ (ਚ.ਨ.ਸ): ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਕੇਵਲ ਸਿੰਘ ਢਿੱਲੋਂ ਨੇ ਪੰਜਾਬ ਦੀ ਤਰੱਕੀ, ਖ਼ੁਸ਼ਹਾਲੀ ਤੇ ਭਲਾਈ ਲਈ ਅਰਦਾਸ ਕੀਤੀ ਤੇ ਬਾਬਾ ਜੀ ਪਾਸੋਂ ਮਾਰਗਦਰਸ਼ਨ ਤੇ ਆਸ਼ੀਰਵਾਦ ਲਿਆ। ਦੱਸ ਦਈਏ ਕਿ 28 ਮਈ ਨੂੰ ਪੰਜਾਬ ਭਾਜਪਾ ਦੇ ਸੰਗਠਨ 'ਚ ਇੱਕ ਵੱਡਾ ਫੇਰਬਦਲ ਹੋਇਆ ਸੀ, ਜਿਸ ਤਹਿਤ ਕੇਵਲ ਸਿੰਘ ਢਿੱਲੋਂ ਨੂੰ ਪੰਜਾਬ ਭਾਜਪਾ ਦੀ ਕਮਾਨ ਸੌਂਪੀ ਗਈ ਸੀ। ਇਸ ਤੋਂ ਪਹਿਲਾਂ ਅਸ਼ਵਨੀ ਸ਼ਰਮਾ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਵਜੋਂ ਸੇਵਾ ਨਿਭਾ ਰਹੇ ਸਨ। ਇਸ ਦੌਰਾਨ ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਵੀ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋ ਗਏ ਸਨ। ਜਾਖੜ ਦੀ ਅਗਵਾਈ 'ਚ ਭਾਜਪਾ ਨੇ ਪੰਜਾਬ 'ਚ ਆਪਣਾ ਆਧਾਰ ਵਧਾਉਣ ਦੀ ਕੋਸ਼ਿਸ਼ ਕੀਤੀ ਸੀ। ਹੁਣ, ਕੇਵਲ ਸਿੰਘ ਢਿੱਲੋਂ ਨੂੰ ਸੂਬਾ ਪ੍ਰਧਾਨ ਨਿਯੁਕਤ ਕਰਕੇ ਪਾਰਟੀ ਨੇ ਇੱਕ ਸਪੱਸ਼ਟ ਸੰਕੇਤ ਭੇਜਿਆ ਹੈ ਕਿ ਉਹ ਨਵੇਂ ਚਿਹਰਿਆਂ ਨੂੰ ਤਰਜੀਹ ਦੇ ਕੇ ਤੇ ਖੇਤਰੀ ਸੰਤੁਲਨ ਬਣਾਈ ਰੱਖ ਕੇ ਪੰਜਾਬ 'ਚ ਅੱਗੇ ਵਧਣ ਦਾ ਇਰਾਦਾ ਰੱਖਦੀ ਹੈ। ਭਾਜਪਾ ਲੀਡਰਸ਼ਿਪ ਨੂੰ ਉਮੀਦ ਹੈ ਕਿ ਪਾਰਟੀ ਆਉਣ ਵਾਲੀਆਂ ਚੋਣਾਂ 'ਚ ਕੇਵਲ ਸਿੰਘ ਢਿੱਲੋਂ ਦੇ ਤਜਰਬੇ, ਵਪਾਰਕ ਪਿਛੋਕੜ ਤੇ ਮਾਲਵਾ ਖੇਤਰ ਦੇ ਅੰਦਰ ਪ੍ਰਭਾਵ ਨੂੰ ਆਪਣੇ ਫਾਇਦੇ ਲਈ ਵਰਤ ਸਕੇਗੀ। ਕੇਵਲ ਸਿੰਘ ਢਿੱਲੋਂ ਦਾ ਪਿਛੋਕੜ: ਕੇਵਲ ਸਿੰਘ ਢਿੱਲੋਂ ਬਰਨਾਲਾ ਦੇ ਪਿੰਡ ਤਾਲੇਵਾਲ ਤੋਂ ਹਨ। ਉਨ੍ਹਾਂ ਦਾ ਜਨਮ 16 ਮਈ, 1950 ਨੂੰ ਹੋਇਆ



ਸੀ। ਉਨ੍ਹਾਂ ਨੂੰ ਪੰਜਾਬ ਦੇ ਪ੍ਰਮੁੱਖ ਉਦਯੋਗਪਤੀਆਂ ਤੇ ਪ੍ਰਭਾਵਸ਼ਾਲੀ ਰਾਜਨੀਤਿਕ ਨੇਤਾਵਾਂ 'ਚ ਗਿਣਿਆ ਜਾਂਦਾ ਹੈ। ਉਹ ਢਿੱਲੋਂ ਗਰੁੱਪ ਦੇ ਮੁਖੀ ਹਨ ਤੇ ਲੰਬੇ ਸਮੇਂ ਤੋਂ ਆਪਣੇ ਕਾਰੋਬਾਰੀ ਯਤਨਾਂ ਦੇ ਨਾਲ-ਨਾਲ ਰਾਜਨੀਤੀ 'ਚ ਸਰਗਰਮ ਭੂਮਿਕਾ ਨਿਭਾਉਂਦੇ ਰਹੇ ਹਨ। ਉਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਬਰਨਾਲਾ 'ਚ ਪੂਰੀ ਕੀਤੀ। ਉਹ 12ਵੀਂ ਜਮਾਤ ਪਾਸ ਹੈ ਤੇ 1969-70 ਦੇ ਅਕਾਦਮਿਕ ਸੈਸ਼ਨ ਦੌਰਾਨ ਬਰਨਾਲਾ ਦੇ ਐਸਡੀ ਕਾਲਜ ਤੋਂ ਬੀਏ ਭਾਗ-1 ਦੀ ਪੜ੍ਹਾਈ ਕੀਤੀ। ਉਸ ਦੇ ਪਿਤਾ ਦਾ ਨਾਮ ਸਾਜਨ ਸਿੰਘ ਢਿੱਲੋਂ ਹੈ, ਜਦੋਂ ਕਿ ਉਸਦੀ ਪਤਨੀ ਦਾ ਨਾਮ ਮਨਜੀਤ ਕੌਰ ਹੈ। ਉਸਦੇ ਦੋ ਪੁੱਤਰ- ਕੰਵਰਿੰਦਰ ਸਿੰਘ ਢਿੱਲੋਂ ਅਤੇ ਕਰਨਇੰਦਰ ਸਿੰਘ ਢਿੱਲੋਂ ਇਸ ਸਮੇਂ ਪਰਿਵਾਰਕ ਕਾਰੋਬਾਰ ਤੇ ਰੀਅਲ ਅਸਟੇਟ ਦੇ ਕੰਮਕਾਜ ਨੂੰ ਸੰਭਾਲਦੇ ਹਨ।

# ਨਿਆਂਇਕ ਜੰਗ ਜਿੱਤਣ ਤੋਂ ਬਾਅਦ ਸੈਮੀਫਾਈਨਲ 'ਚ ਹਾਰੀ ਫੋਗਾਟ

ਨਵੀਂ ਦਿੱਲੀ, 31 ਮਈ (ਚ.ਨ.ਸ): ਵਿਨੇਸ਼ ਫੋਗਾਟ ਏਸ਼ੀਅਨ ਗੇਮਜ਼ 2026 ਦੇ ਟਰਾਇਲਾਂ ਦੇ ਸੈਮੀਫਾਈਨਲ ਵਿੱਚ ਹਾਰ ਗਈ। ਇਸ ਦੇ ਨਾਲ, ਉਹ ਹੁਣ ਏਸ਼ੀਅਨ ਗੇਮਜ਼ ਵਿੱਚ ਖੇਡਦੀ ਨਹੀਂ ਦਿਖਾਈ ਦੇਵੇਗੀ। ਵਿਨੇਸ਼ ਨੂੰ ਸੈਮੀਫਾਈਨਲ ਵਿੱਚ ਮੀਨਾਕਸ਼ੀ ਗੋਇਤ ਨੇ ਹਰਾਇਆ ਸੀ ਤੇ ਹੁਣ ਉਸਦਾ ਏਸ਼ੀਅਨ ਗੇਮਜ਼ ਵਿੱਚ ਹਿੱਸਾ ਲੈਣ ਦਾ ਸੁਪਨਾ ਚਕਨਾਚੂਰ ਹੋ ਗਿਆ ਹੈ। ਟ੍ਰਾਇਲਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਮਿਲਣ ਤੋਂ ਪਹਿਲਾਂ ਉਸਨੂੰ ਪਹਿਲਾਂ ਕਈ ਵਿਵਾਦਾਂ ਦਾ ਸਾਹਮਣਾ ਕਰਨਾ ਪਿਆ ਸੀ। ਹੁਣ, ਮੀਨਾਕਸ਼ੀ ਤੋਂ ਹਾਰਨ ਤੋਂ ਬਾਅਦ, ਉਹ ਬਾਹਰ ਹੋ ਗਈ ਹੈ। ਉਹ ਜਾਪਾਨ ਵਿੱਚ ਹੋਣ ਵਾਲੀਆਂ ਏਸ਼ੀਅਨ ਖੇਡਾਂ ਵਿੱਚ ਹਿੱਸਾ ਨਹੀਂ ਲੈ ਸਕੇਗੀ। ਉਹ ਪੈਰਿਸ ਓਲੰਪਿਕ ਤੋਂ ਬਾਅਦ ਵਾਪਸੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਇਸ ਹਾਰ ਨੇ ਉਸਦਾ ਰਸਤਾ ਮੁਸ਼ਕਿਲ ਬਣਾ ਦਿੱਤਾ ਹੈ, ਕਿਉਂਕਿ ਸਿਰਫ ਉਹੀ ਲੋਕ ਜੋ ਏਸ਼ੀਅਨ ਖੇਡਾਂ ਦੇ ਟ੍ਰਾਇਲ ਜਿੱਤਦੇ ਹਨ, ਭਾਰਤੀ ਟੀਮ ਵਿੱਚ ਜਗ੍ਹਾ ਬਣਾਉਣ ਦੇ ਯੋਗ ਹੁੰਦੇ ਹਨ। ਸੈਮੀਫਾਈਨਲ ਵਿੱਚ ਮੀਨਾਕਸ਼ੀ ਗੋਇਤ ਤੋਂ ਹਾਰ ਗਈ:



ਮੀਨਾਕਸ਼ੀ ਗੋਇਤ ਨੇ ਵਿਨੇਸ਼ ਨੂੰ ਜ਼ਬਰਦਸਤ ਪ੍ਰਦਰਸ਼ਨ ਦਿੱਤਾ। ਮੈਚ ਕਾਫ਼ੀ ਰੋਮਾਂਚਕ ਸੀ, ਪਰ ਅੰਤ ਵਿੱਚ ਮੀਨਾਕਸ਼ੀ 6-4 ਨਾਲ ਜਿੱਤ ਗਈ ਤੇ ਫਾਈਨਲ ਵਿੱਚ ਪਹੁੰਚ ਗਈ। ਵਿਨੇਸ਼ ਦਾ ਸਾਲਾਂ ਦਾ ਤਜਰਬਾ ਇਸ ਵਾਰ ਕੰਮ ਨਹੀਂ ਆਇਆ। ਮੈਚ ਦੌਰਾਨ ਦੋਵਾਂ ਪਹਿਲਵਾਨਾਂ ਨੇ ਆਪਣੀ ਪੂਰੀ ਕੋਸ਼ਿਸ਼ ਕੀਤੀ, ਪਰ ਮੀਨਾਕਸ਼ੀ ਦੀ ਚੁਸਤੀ ਤੇ ਸਮੇਂ ਸਿਰ ਚਲਾਏ ਗਏ ਚਾਲਾਂ ਨੇ ਮੈਚ ਦਾ ਫੈਸਲਾ ਕੀਤਾ।ਵਿਨੇਸ਼ ਨੇ ਇਸ ਤੋਂ ਪਹਿਲਾਂ ਵੀ ਵਧੀਆ ਪ੍ਰਦਰਸ਼ਨ ਕੀਤਾ ਸੀ। ਉਸਨੇ ਜੋਤੀ ਨੂੰ ਆਸਾਨੀ ਨਾਲ 7-1 ਨਾਲ ਹਰਾਇਆ। ਫਿਰ ਉਸਨੇ ਨੀਸ਼ੂ ਵਿਰੁੱਧ ਬਹੁਤ ਹੀ ਔਖਾ ਮੁਕਾਬਲਾ ਕੀਤਾ। ਨੀਸ਼ੂ ਨੇ ਪਹਿਲੇ ਪੀਰੀਅਡ ਵਿੱਚ 5-0 ਦੀ ਬੜ੍ਹਤ ਬਣਾਈ ਤੇ ਵਿਨੇਸ਼ ਨੂੰ ਪਿੰਨ ਕਰਨ ਦੀ ਵੀ ਕੋਸ਼ਿਸ਼ ਕੀਤੀ, ਪਰ ਵਿਨੇਸ਼ ਕਿਸੇ ਤਰ੍ਹਾਂ ਬਚ ਗਈ। ਦੂਜੇ ਪੀਰੀਅਡ ਵਿੱਚ ਵਿਨੇਸ਼ ਨੇ ਵਾਪਸੀ ਕੀਤੀ ਤੇ ਚਾਰ-ਪੁਆਇੰਟ ਦੀ ਇੱਕ ਸ਼ਕਤੀਸ਼ਾਲੀ ਮੂਵ ਨਾਲ ਸਕੋਰ 6-5 ਕਰ ਦਿੱਤਾ। ਬਾਅਦ ਵਿੱਚ ਸਕੋਰ 6-6 ਹੋ ਗਿਆ, ਪਰ ਵਿਨੇਸ਼ ਮਾਪਦੰਡਾਂ ਦੇ ਆਧਾਰ 'ਤੇ ਅੱਗੇ ਰਹੀ। ਮੈਚ ਨੂੰ ਕਈ ਚੁਣੌਤੀਆਂ ਤੇ ਤਕਨੀਕੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਬ੍ਰੇਕ ਹੋਇਆ ਤੇ ਵਿਨੇਸ਼ ਨੂੰ ਕੁਝ ਰਾਹਤ ਮਿਲੀ। ਮੈਚ ਤੋਂ ਬਾਅਦ, ਨੀਸ਼ੂ ਬਹੁਤ ਨਿਰਾਸ਼ ਦਿਖਾਈ ਦੇ ਰਹੀ ਸੀ ਤੇ ਮੈਟ 'ਤੇ ਖੜ੍ਹੀ ਹੋ ਕੇ ਰੋ ਰਹੀ ਸੀ।

# ਵਿਧਾਇਕ ਰਾਏ ਜੇਤੂ ਉਮੀਦਵਾਰਾਂ ਦੇ ਨਾਲ ਨੈਣਾਂ ਦੇਵੀ ਮੰਦਰ ਵਿਖੇ ਨਤਮਸਤਕ ਹੋਏ

ਮੰਡੀ ਗੋਬਿੰਦਗੜ੍ਹ, 31 ਮਈ (ਰੂਪਲ ਸੂਦ): ਨਗਰ ਕੌਂਸਲ ਸਰਹਿੰਦ ਦੀਆਂ ਚੋਣਾਂ ਉਪਰੰਤ 23 ਵਿੱਚੋਂ 17 ਸੀਟਾਂ ਉਪਰ ਜਿੱਤ ਪ੍ਰਾਪਤ ਕਰਕੇ ਵਿਧਾਇਕ ਲਖਵੀਰ ਸਿੰਘ ਰਾਏ ਵੱਲੋਂ ਆਪਣੇ ਸਮੱਰਥਕਾਂ ਸਮੇਤ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ। ਉਹ ਸਰਹਿੰਦ ਸ਼ਹਿਰ ਦੇ ਸ੍ਰੀ ਨੈਣਾਂ ਦੇਵੀ ਮੰਦਰ



ਵਿਖੇ ਨਤਮਸਤਕ ਹੋਏ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਵੱਲੋਂ ਉਨ੍ਹਾਂ ਨੂੰ ਜੋ ਫਤਵਾ ਦਿੱਤਾ ਹੈ, ਉਹ ਉਸ ਲਈ ਹਮੇਸ਼ਾ ਰਿਣੀ ਰਹਿਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਨਵੀਂ ਕਮੇਟੀ ਬਣਾ ਕੇ ਸ਼ਹਿਰ ਦਾ ਸਰਬਪੱਖੀ ਵਿਕਾਸ ਕਰਵਾਇਆ ਜਾਵੇਗਾ ਤੇ ਆਉਣ ਵਾਲੇ ਚਾਰ ਮਹੀਨਿਆਂ ਵਿੱਚ ਨਵੇਂ ਵਿਕਾਸ ਕਾਰਜ ਸ਼ੁਰੂ ਕਰਕੇ ਵਿਕਾਸ ਪੱਖੋਂ ਸ਼ਹਿਰ ਦੀ ਨੁਹਾਰ ਬਦਲੀ ਜਾਵੇਗੀ। ਇਸ ਮੌਕੇ ਐਡ. ਗੌਰਵ ਅਰੋੜਾ, ਦੀਪਕ ਬਾਤਿਸ਼, ਨੰਬਰਦਾਰ ਬੰਟੀ ਸੈਣੀ, ਕੌਂਸਲਰ ਜਤਿੰਦਰ ਕੌਰ ਬਾਤਿਸ਼, ਐਡ. ਹਰਕਮਲ ਸਿੰਘ, ਬਲਵਿੰਦਰ ਕੌਰ, ਅਸ਼ੀਸ਼ ਅੱਤਰੀ, ਰਜੇਸ਼ ਕੁਮਾਰ ਉਪਲ, ਰਾਮਪਾਲ ਸਿੰਘ, ਬਲਜਿੰਦਰ ਸਿੰਘ, ਗੁਰਵਿੰਦਰ ਕੌਰ, ਪਾਰਟੀ ਆਗੂ ਮਨਦੀਪ ਪੋਲਾ, ਗੁਰਪ੍ਰੀਤ ਭਿੰਡਰ, ਜਗਜੀਤ ਰਿਉਣਾ ਤੇ ਦੀਪ ਰਿਉਣਾ ਆਦਿ ਹਾਜ਼ਰ ਸਨ।

# ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਡੈਲੀਗੇਟ ਇਜਲਾਸ ਦੌਰਾਨ ਗੁਰਮੀਤ ਸਿੰਘ ਰੁੜਕੀ ਜ਼ਿਲ੍ਹਾ ਪ੍ਰਧਾਨ ਬਣੇ

ਸ੍ਰੀ ਫਤਹਿਗੜ੍ਹ ਸਾਹਿਬ, 31 ਮਈ (ਹਰਪ੍ਰੀਤ ਕੌਰ ਟਿਵਾਣਾ): ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਜ਼ਿਲ੍ਹਾ ਸ੍ਰੀ ਫ਼ਤਹਿਗੜ੍ਹ ਸਾਹਿਬ ਦਾ ਡੈਲੀਗੇਟ ਇਜਲਾਸ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸੂਬਾ ਕਨਵੀਨਰ ਦਲਵੀਰ ਸਿੰਘ ਸਿੱਧੂਪੁਰ ਦੀ ਪ੍ਰਧਾਨਗੀ ਹੇਠ ਹੋਇਆ, ਜਿਸ ਵਿੱਚ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਬੋਗ ਸਿੰਘ ਮਾਨਸਾ ਤੇ ਸੂਬਾ ਪ੍ਰੈਸ ਸਕੱਤਰ ਮੇਹਰ ਸਿੰਘ ਥੇੜੀ ਚੋਣ ਆਬਜ਼ਰਵਰ ਦੇ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਜਥੇਬੰਦੀ ਦੀ ਜ਼ਿਲ੍ਹਾ ਇਕਾਈ ਦੀ ਚੋਣ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਡੈਲੀਗੇਟਾਂ ਨੇ ਸ਼ਮੂਲੀਅਤ ਕੀਤੀ ਤੇ ਸਰਬਸੰਮਤੀ ਨਾਲ ਗੁਰਮੀਤ ਸਿੰਘ ਰੁੜਕੀ ਨੂੰ ਪ੍ਰਧਾਨ, ਬਹਾਦਰ ਸਿੰਘ ਖੋਜੇਮਾਜਰਾ ਨੂੰ ਜਨਰਲ ਸਕੱਤਰ, ਕਲਵੰਤ ਸਿੰਘ ਕਲੌੜ ਨੂੰ ਮੀਤ ਪ੍ਰਧਾਨ, ਨਿਰਭੈ ਸਿੰਘ ਖੇੜਾ ਨੂੰ ਖਜ਼ਾਨਚੀ, ਕਸ਼ਮੀਰਾ ਸਿੰਘ ਨੂੰ ਪ੍ਰੈਸ ਸਕੱਤਰ ਨਿਯੁਕਤ ਕੀਤਾ ਗਿਆ। ਇਸ ਮੌਕੇ ਦਲਵੀਰ ਸਿੰਘ ਸਿੱਧੂਪੁਰ ਸੂਬਾ ਕਨਵੀਨਰ ਨੇ ਨਵੀਂ ਚੁਣੀ ਗਈ, ਜ਼ਿਲ੍ਹਾ



ਕਮੇਟੀ ਨੂੰ ਵਧਾਈ ਦਿੰਦਿਆਂ ਆਖਿਆ ਕਿ ਉਹ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣ ਤੇ ਹਾਜ਼ਰ ਡੈਲੀਗੇਟਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪੰਜਾਬ ਕਮੇਟੀ ਦੀ ਚੋਣ ਲਈ 1 ਜੂਨ 2026 ਨੂੰ ਗੁਰਦੁਆਰਾ ਨੌਵੀਂ ਪਾਤਸ਼ਾਹੀ ਬਹਾਦਰਗੜ੍ਹ ਪਟਿਆਲਾ ਵਿਖੇ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਮੂਲੀਅਤ ਕਰਨ। ਇਸ ਮੌਕੇ ਸਰਹਿੰਦ ਬਲਾਕ ਦੇ ਪ੍ਰਧਾਨ ਦਲਵੀਰ ਸਿੰਘ ਸਾਨੀਪੁਰ, ਬਸੀ ਪਠਾਣਾ ਬਲਾਕ ਦੇ ਪ੍ਰਧਾਨ ਕਲਵੀਰ ਸਿੰਘ ਸ਼ੇਰਗੜ੍ਹ ਬਾੜਾ, ਅਮਲੋਹ ਬਲਾਕ ਦੇ ਪ੍ਰਧਾਨ ਰਜਿੰਦਰ ਸਿੰਘ, ਖਮਾਣੋਂ ਬਲਾਕ ਦੇ ਪ੍ਰਧਾਨ ਬਲਵਿੰਦਰ ਸਿੰਘ ਗਿੱਲ ਆਪਣੇ ਆਪਣੇ ਸਾਥੀਆਂ ਸਮੇਤ ਹਾਜ਼ਰ ਹੋਏ। ਇਜਲਾਸ ਦੌਰਾਨ ਜਥੇਬੰਦੀ ਵੱਲੋਂ ਤੇਲ ਦੀਆਂ ਵਧੀਆਂ ਕੀਮਤਾਂ ਵਿਰੁੱਧ ਰੋਸ ਪ੍ਰਗਟ ਕੀਤਾ ਗਿਆ ਤੇ 2 ਜੂਨ ਨੂੰ ਸੀਕੇਐਮ ਵੱਲੋਂ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਦੀ ਹਮਾਇਤ ਕੀਤੀ ਗਈ।

# ਸ੍ਰੀ ਗੁਰੂ ਗੋਬਿੰਦ ਸਿੰਘ ਪਾਰਕ ਸੁਸਾਇਟੀ ਨੇ ਆਮ ਦਿਨ ਨੂੰ ਖਾਸ ਯਾਦਗਰ ਦਿਨ ਬਣਾਇਆ

ਫਾਜ਼ਿਲਕਾ, 31 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਸ੍ਰੀ ਗੁਰੂ ਗੋਬਿੰਦ ਸਿੰਘ ਪਾਰਕ ਸੁਸਾਇਟੀ ਵੱਲੋਂ ਹਰ ਸ਼ਨੀਵਾਰ ਸਵੇਰੇ ਕਰੀਬ 6 ਵਜੇ ਤੋਂ 8 ਵਜੇ ਤੱਕ ਆਪਣੇ ਮੈਂਬਰਾਂ ਦੇ ਜਨਮਦਿਨ ਜਾਂ ਪਰਿਵਾਰਕ ਖੁਸ਼ੀ ਦੇ ਮੌਕਿਆਂ ਨੂੰ ਮਿਲ-ਜੁਲ ਕੇ ਮਨਾਉਣ ਦੀ ਵਿਲੱਖਣ ਪਰੰਪਰਾ ਨਿਭਾਈ ਜਾਂਦੀ ਹੈ। ਜੇਕਰ ਕਿਸੇ ਮੈਂਬਰ ਦੇ ਘਰ ਪੁੱਤਰ, ਪੋਤਰੇ ਜਾਂ ਪੋਤਰੀ ਨੇ ਵਧੀਆ ਅੰਕਾਂ ਨਾਲ ਜਮਾਤ ਪਾਸ ਕੀਤੀ ਹੋਵੇ ਜਾਂ ਘਰ ਵਿੱਚ ਕੋਈ ਹੋਰ ਖੁਸ਼ੀ ਦਾ ਮੌਕਾ ਹੋਵੇ ਤਾਂ ਸੁਸਾਇਟੀ ਦੇ ਮੈਂਬਰ ਇਕੱਠੇ ਹੋ ਕੇ ਖੁਸ਼ੀਆਂ ਦਾ ਇਜ਼ਹਾਰ ਕਰਦੇ ਹਨ। ਇਸੇ ਤਹਿਤ 30 ਮਈ, ਸ਼ਨੀਵਾਰ ਨੂੰ ਸੁਸਾਇਟੀ ਦੇ ਮੈਂਬਰਾਂ ਵੱਲੋਂ ਵਿਰਸੇ ਦੇ ਲੇਖਕ ਜਸਵੀਰ ਸ਼ਰਮਾ ਦੱਦਾਹੂਰ ਦਾ 73ਵਾਂ ਜਨਮਦਿਨ ਮਨਾਇਆ ਗਿਆ, ਜਿਸ ਨਾਲ ਇੱਕ ਆਮ ਦਿਨ ਨੂੰ ਖਾਸ ਯਾਦਗਾਰ ਦਿਨ ਬਣਾ ਦਿੱਤਾ ਗਿਆ। ਇਸ ਮੌਕੇ ਸੁਸਾਇਟੀ ਤੇ ਪਰਿਵਾਰਕ ਮੈਂਬਰਾਂ ਵੱਲੋਂ ਗੀਤ-ਸੰਗੀਤ ਰਾਹੀਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਹਰਮੋਨੀਅਮ ਤੇ ਢੋਲਕੀ ਦੀ ਥਾਪ 'ਤੇ ਭੰਗੜੇ ਪਾ ਕੇ ਸਮਾਗਮ ਨੂੰ ਰੌਣਕਮਈ ਬਣਾਇਆ ਗਿਆ। ਵਿਸ਼ੇਸ਼ ਤੌਰ 'ਤੇ ਲੰਗਰਾਂ ਵਾਲੇ ਬਾਬਾ ਜੀ ਦੇ ਨਾਮ ਨਾਲ ਪ੍ਰਸਿੱਧ ਬਾਬਾ ਗੁਰਪ੍ਰੀਤ ਸਿੰਘ ਸੋਨੀ ਨੇ ਸ਼ਿਰਕਤ ਕਰਦਿਆਂ ਜਸਵੀਰ ਸ਼ਰਮਾ ਨੂੰ ਆਪਣਾ ਆਸ਼ੀਰਵਾਦ ਦਿੱਤਾ। ਉਨ੍ਹਾਂ ਵੱਲੋਂ ਸ਼ਰਮਾ ਜੀ ਨੂੰ ਇੱਕ ਘੜੀ ਭੇਟ ਕਰਕੇ ਲੰਬੀ ਉਮਰ ਦੀ ਕਾਮਨਾ ਵੀ ਕੀਤੀ ਗਈ। ਸੁਸਾਇਟੀ ਵੱਲੋਂ ਆਪਣੀ ਪਰੰਪਰਾ ਅਨੁਸਾਰ ਜਸਵੀਰ ਸ਼ਰਮਾ ਦੱਦਾਹੂਰ ਨੂੰ ਦੁਸ਼ਾਲਾ ਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਾਰੇ ਪਰਿਵਾਰ



ਵੱਲੋਂ ਵਧਾਈਆਂ ਦਿੱਤੀਆਂ ਗਈਆਂ। ਇਸ ਸਮੇਂ ਬਾਬਾ ਗੁਰਪ੍ਰੀਤ ਸਿੰਘ ਸੋਨੀ, ਸੁਰਿੰਦਰ ਸ਼ਰਮਾ, ਸੱਤਪਾਲ ਅਰੋੜਾ, ਜਤਿੰਦਰ ਖੁਰਾਣਾ, ਸੰਦੀਪ ਆਹੂਜਾ, ਅਸ਼ੋਕ ਖੁਰਾਣਾ, ਕੁਲਭੂਸ਼ਨ ਖੁਰਾਣਾ, ਕੁਲਵੰਤ ਚਾਵਲਾ, ਸੁਰਿੰਦਰ ਰਾਜਦੇਵ, ਭੰਵਰ ਲਾਲ ਸ਼ਰਮਾ, ਰੋਹਿਤ ਸ਼ਰਮਾ (ਪੋਤਰਾ), ਰਾਜੀਵ ਦਾਬੜਾ, ਅਸ਼ੋਕ ਕੁਮਾਰ, ਤਰਸੇਮ ਚੁੱਘ, ਜਸਪਾਲ ਸੋਨੀ, ਅੰਮ੍ਰਿਤਪਾਲ ਸਿੰਘ, ਸ਼ਾਮ ਲਾਲ ਬਾਂਸਲ, ਕੁਲਦੀਪ ਵਰਮਾ, ਅੰਕੁਰ ਗੁਪਤਾ, ਤਾਰਾ ਚੰਦ, ਮੇਲੂ ਭਠੇਜਾ, ਰਵੀ ਕੁਮਾਰ ਸ਼ਰਮਾ, ਰਮੇਸ਼ ਸੋਨੀ, ਸਤੀਸ਼ ਟੀਨਾ ਸਮੇਤ ਹੋਰ ਕਈ ਦੋਸਤਾਂ ਤੇ ਸਨੇਹੀਆਂ ਨੇ ਹਾਜ਼ਰੀ ਲਗਵਾਈ ਤੇ ਵਧੀਆ ਗੀਤਾਂ ਰਾਹੀਂ ਮਹਿਫਲ ਨੂੰ ਰੌਣਕਮਈ ਬਣਾਇਆ।

# ਕੌਂਸਲ ਚੋਣਾਂ ਤੋਂ ਬਾਅਦ ਰਾਜੂ ਖੰਨਾ ਨੇ ਵਰਕਰਾਂ ਦਾ ਧੰਨਵਾਦ ਕੀਤਾ

ਮੰਡੀ ਗੋਬਿੰਦਗੜ੍ਹ, 31 ਮਈ (ਰੂਪਲ ਸੂਦ): ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਦੇ ਮੈਂਬਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਮੰਡੀ ਗੋਬਿੰਦਗੜ੍ਹ ਨਗਰ ਕੌਂਸਲ ਚੋਣਾਂ ਵਿੱਚ ਪਾਰਟੀ ਲਈ ਮਿਹਨਤ ਕਰਨ ਵਾਲੇ ਵਰਕਰਾਂ, ਸਮਰਥਕਾਂ, ਵੋਟਰਾਂ, ਉਮੀਦਵਾਰਾਂ ਤੇ ਸੀਨੀਅਰ ਆਗੂਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਚੋਣਾਂ ਦੌਰਾਨ ਹਰ ਵਰਕਰ ਨੇ ਪੂਰੀ ਤਨਦੇਹੀ ਨਾਲ ਕੰਮ ਕੀਤਾ ਹੈ, ਜਿਸ ਲਈ ਉਹ ਸਮੁੱਚੀ ਟੀਮ ਦੇ ਧੰਨਵਾਦੀ ਹਨ। ਉਨ੍ਹਾਂ ਕਿਹਾ ਕਿ ਪਾਰਟੀ ਦੀ ਮਜ਼ਬੂਤੀ ਲਈ ਕੀਤੇ ਗਏ ਹਰ ਯਤਨ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਪਾਰਟੀ ਦੇ ਸਮੂਹ ਵਰਕਰਾਂ ਤੇ ਸਮਰਥਕਾਂ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ ਲਈ ਹੁਣ ਤੋਂ ਹੀ ਦੁੱਗਣੀ ਮਿਹਨਤ ਕਰਨ। ਉਨ੍ਹਾਂ ਕਿਹਾ ਕਿ ਹਰ ਵਰਕਰ ਨੂੰ ਘਰ-ਘਰ ਤੇ ਪਿੰਡ-ਪਿੰਡ ਪਹੁੰਚ ਕੇ ਲੋਕਾਂ ਨਾਲ ਸੰਪਰਕ ਵਧਾਉਣਾ ਚਾਹੀਦਾ ਹੈ ਤਾਂ ਜੋ ਪਾਰਟੀ ਦਾ ਆਧਾਰ ਹੋਰ ਮਜ਼ਬੂਤ ਹੋ



ਸਕੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਮਜ਼ਬੂਤ ਬਣਾਉਣ ਤੇ 2027 ਦੀ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਯਕੀਨੀ ਬਣਾਉਣ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਸਖ਼ਤ ਮਿਹਨਤ ਕਰਨੀ ਪਵੇਗੀ। ਉਨ੍ਹਾਂ ਜਿੱਤੇ ਉਮੀਦਵਾਰ ਨੂੰ ਵਧਾਈ ਦਿੱਤੀ ਤੇ ਚੋਣਾਂ ਵਿੱਚ ਚੰਗਾ ਪ੍ਰਦਰਸ਼ਨ ਕਰਨ 'ਤੇ ਉਮੀਦਵਾਰਾਂ ਦੀ ਪਿੱਠ ਥਾਪੜਦੇ ਹੋਏ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਪੀਐਚਡੀਸੀਸੀਆਈ ਰੀਜਨਲ ਫੈਸ਼ਨ ਟੈਕਸ ਟੈਕ ਫੋਰਮ ਨੇ 42 ਮਹਿਲਾ ਅਚੀਵਰਸ ਨੂੰ 'ਮਾਤ੍ਰੂ ਸ਼ਕਤੀ ਸਨਮਾਨ' ਨਾਲ ਸਨਮਾਨਿਤ ਕੀਤਾ

ਫਾਜ਼ਿਲਕਾ, 31 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਹਰਿਆਣਾ ਲੋਕ ਭਵਨ ਵਿਖੇ ਪੀਐਚਡੀਸੀਸੀਆਈ ਦੇ ਫੈਸ਼ਨ ਟੈਕਸ ਟੈਕ ਫੋਰਮ ਵੱਲੋਂ ਫੈਮਪਰੀਨਿਊਰਜ਼ ਰਾਈਜ਼ਿੰਗ ਸਟਾਰ ਦੇ ਸਹਿਯੋਗ ਨਾਲ ਆਯੋਜਿਤ 'ਮੌਮਪਰੀਨਿਊਰਜ਼-ਮਾਤ੍ਰੂ ਸ਼ਕਤੀ ਸਨਮਾਨ-2026' ਸਮਾਰੋਹ ਵਿੱਚ ਭਾਰਤ ਭਰ ਦੀਆਂ ਮਹਿਲਾ ਅਚੀਵਰਸ ਦੇ ਇੱਕ ਵਿਸ਼ੇਸ਼ ਸਮੂਹ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਉਨ੍ਹਾਂ ਔਰਤਾਂ ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਨੇ ਉਦਮਤਾ, ਕਲਾ, ਮੀਡੀਆ, ਖੇਡਾਂ, ਸਿੱਖਿਆ, ਸਿਹਤ ਸੰਭਾਲ, ਸਮਾਜ ਸੇਵਾ ਤੇ ਲੀਡਰਸ਼ਿਪ ਦੇ ਖੇਤਰਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ ਤੇ ਨਾਲ ਹੀ ਸਮਾਜ ਵਿੱਚ ਮਾਵਾਂ ਤੇ ਬਦਲਾਅ ਲਿਆਉਣ ਵਾਲੀਆਂ ਭੂਮਿਕਾਵਾਂ ਨੂੰ ਸਫਲਤਾਪੂਰਵਕ ਨਿਭਾਇਆ ਹੈ। ਇਹ ਪੁਰਸਕਾਰ ਹਿਮਾਨੀ ਅਰੋੜਾ, ਚੇਅਰਪਰਸਨ, ਰੀਜਨਲ ਫੈਸ਼ਨ ਟੈਕਸ ਟੈਕ ਫੋਰਮ, ਪੀਐਚਡੀਸੀਸੀਆਈ ਤੇ ਮੀਤੂ





ਪੁਰੀ, ਸੰਸਥਾਪਕ, ਫੈਮਪ੍ਰੇਨਿਊਰਜ਼ ਰਾਈਜ਼ਿੰਗ ਸਟਾਰ ਦੀ ਅਗਵਾਈ ਹੇਠ ਪ੍ਰਦਾਨ ਕੀਤੇ ਗਏ। ਉਘੀਆਂ ਸਨਮਾਨਿਤ ਸਖਸ਼ੀਅਤਾਂ ਵਿੱਚ ਪ੍ਰਸਿੱਧ ਪੰਜਾਬੀ ਫਿਲਮ ਅਦਾਕਾਰਾ ਪਦਮਸ਼੍ਰੀ ਨਿਰਮਲ ਰਿਸ਼ੀ, ਪਦਮਸ਼੍ਰੀ ਮਾਲਿਨੀ ਅਵਸਥੀ (ਪ੍ਰਸਿੱਧ ਲੋਕ ਗਾਇਕਾ), ਅਰਜੁਨ ਪੁਰਸਕਾਰ ਜੇਤੂ ਗੀਤਾ ਫੋਗਾਟ (ਮਹਿਲਾ ਕੁਸ਼ਤੀ ਵਿੱਚ ਭਾਰਤ ਦੀ ਪਹਿਲੀ ਰਾਸ਼ਟਰਮੰਡਲ ਖੇਡਾਂ ਦੀ ਸੋਨ ਤਮਗਾ ਜੇਤੂ), ਪਦਮਸ਼੍ਰੀ ਸ਼ੋਵਨਾ ਨਾਰਾਇਣ (ਪ੍ਰਸਿੱਧ ਕੱਥਕ ਡਾਂਸਰ), ਸੀਨੀਅਰ ਪੱਤਰਕਾਰ ਰੁਬਿਕਾ ਲਿਆਕਤ ਤੇ ਰਾਜ ਸਭਾ ਮੈਂਬਰ ਤੇ ਰਾਸ਼ਟਰੀ ਮਹਿਲਾ ਕਮਿਸ਼ਨ ਦੀ ਸਾਬਕਾ ਚੇਅਰਪਰਸਨ ਰੇਖਾ ਸ਼ਰਮਾ ਸਮੇਤ ਕਈ ਹੋਰ ਦਿੱਗਜ਼ ਔਰਤਾਂ ਸ਼ਾਮਲ ਸਨ। ਇਸ ਪ੍ਰੋਗਰਾਮ ਦੀ ਕਿਊਰੇਟਰ ਹੋਣ ਦੇ ਨਾਤੇ ਹਿਮਾਨੀ ਅਰੋੜਾ ਨੇ ਉਨ੍ਹਾਂ ਅਸਾਧਾਰਨ ਔਰਤਾਂ ਨੂੰ ਸਨਮਾਨਿਤ ਕਰਨ ਲਈ ਇੱਕ ਵਿਲੱਖਣ ਪਲੇਟਫਾਰਮ ਦੀ ਕਲਪਨਾ ਕੀਤੀ ਤੇ ਉਨ੍ਹਾਂ ਦੀ ਅਗਵਾਈ ਕੀਤੀ ਜਿਨ੍ਹਾਂ ਦੇ ਜੀਵਨ ਸਫ਼ਰ ਲਗਨ, ਉਤਮਤਾ ਤੇ ਮਾਂ ਬਣਨ ਦੀ ਪਰਿਵਰਤਨਸ਼ੀਲ ਸ਼ਕਤੀ ਦੀਆਂ ਜਿਉਂਦੀਆਂ ਉਦਾਹਰਣਾਂ ਹਨ। ਇਸ ਮੌਕੇ 'ਤੇ ਪੀਐਚਡੀਸੀਸੀਆਈ ਦੇ ਡਿਪਟੀ ਸੈਕਟਰੀ ਜਨਰਲ ਨਵੀਨ ਸੇਠ ਨੇ ਸਾਰੇ ਪੁਰਸਕਾਰ ਜੇਤੂਆਂ ਨੂੰ ਵਧਾਈ ਦਿੱਤੀ।

# ਡਾ. ਸੀਮਾਂਤ ਗਰਗ ਨੇ ਸਿਤਾਰਾ ਪਰਿਵਾਰ ਦੇ ਦੋ ਜੇਤੂ ਭਰਾਵਾਂ ਦੇ ਨਾਲ-ਨਾਲ ਧਰਮਵੀਰ ਭਾਰਤੀ ਦੀ ਪਤਨੀ ਹੇਮਲਤਾ ਦੇ ਪਰਿਵਾਰ ਨੂੰ ਵਧਾਈ ਦਿੱਤੀ

ਮੋਗਾ, 31 ਮਈ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਹਾਲ ਹੀ ਵਿੱਚ ਹੋਈਆਂ ਮੋਗਾ ਨਗਰ ਨਿਗਮ ਚੋਣਾਂ ਵਿੱਚ ਤਿੰਨ ਭਾਜਪਾ ਕੌਂਸਲਰ ਜੇਤੂ ਰਹੇ। ਇਨ੍ਹਾਂ ਵਿੱਚ ਸੀਨੀਅਰ ਭਾਜਪਾ ਨੇਤਾ ਭਜਨ ਲਾਲ ਸਿਤਾਰਾ ਦੇ ਪੁੱਤਰ ਅਜੈ ਕੁਮਾਰ ਵਿੱਕੀ ਸਿਤਾਰਾ (ਵਾਰਡ ਨੰਬਰ 21 ਤੋਂ ਭਾਜਪਾ ਉਮੀਦਵਾਰ) ਵਾਰਡ ਨੰਬਰ 23 ਤੋਂ ਯੋਗੇਸ਼ ਕੁਮਾਰ ਤੇ ਵਾਰਡ ਨੰਬਰ 24 ਤੋਂ ਹੇਮਲਤਾ ਸ਼ਾਮਲ ਸਨ। ਇਸ ਤੋਂ ਇਲਾਵਾ ਭਾਜਪਾ ਦੇ ਸਾਬਕਾ ਮੰਡਲ ਪ੍ਰਧਾਨ ਧਰਮਵੀਰ ਭਾਰਤੀ ਦੀ ਪਤਨੀ ਹੇਮਲਤਾ ਨੇ ਵੀ ਵਾਰਡ ਨੰਬਰ 24 ਤੋਂ ਜਿੱਤ ਪ੍ਰਾਪਤ ਕੀਤੀ। ਹੋਰ ਭਾਜਪਾ ਉਮੀਦਵਾਰਾਂ ਨੇ ਵੀ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਅੱਜ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਸਿਤਾਰਾ ਪਰਿਵਾਰ ਦੇ ਦੋ ਜੇਤੂ ਭਰਾਵਾਂ, ਉਨ੍ਹਾਂ ਦੇ ਪਿਤਾ (ਸੀਨੀਅਰ ਭਾਜਪਾ ਨੇਤਾ ਭਜਨ ਲਾਲ ਸਿਤਾਰਾ) ਤੇ ਉਨ੍ਹਾਂ ਦੇ ਪਰਿਵਾਰ ਦੇ ਨਾਲ-ਨਾਲ ਹੇਮਲਤਾ (ਧਰਮਵੀਰ ਭਾਰਤੀ ਦੀ ਪਤਨੀ) ਦੇ ਪਰਿਵਾਰ ਨੂੰ ਵਧਾਈ ਦਿੱਤੀ। ਉਨ੍ਹਾਂ



ਨੇ ਉਨ੍ਹਾਂ ਨੂੰ 2027 ਦੀਆਂ ਚੋਣਾਂ ਦੀ ਤਿਆਰੀ ਲਈ ਉਨ੍ਹਾਂ ਦੇ ਸਬੰਧਤ ਵਾਰਡਾਂ ਦੇ ਵਸਨੀਕਾਂ ਲਈ ਹੋਰ ਵੀ ਮਿਹਨਤ ਤੇ ਉਤਸ਼ਾਹ ਨਾਲ ਕੰਮ ਕਰਨ ਲਈ ਵੀ ਉਤਸ਼ਾਹਿਤ ਕੀਤਾ। ਡਾ. ਸੀਮਾਂਤ ਗਰਗ ਨੇ ਕਿਹਾ ਕਿ ਸੱਤਾਧਾਰੀ ਪਾਰਟੀ ਨੇ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਦਬਾਉਣ ਤੇ ਡਰਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਫਿਰ ਵੀ ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ ਤਿੰਨ ਭਾਜਪਾ ਕੌਂਸਲਰ ਜੇਤੂ ਨਿਕਲੇ। ਇਹ 2021 ਦੇ ਉਲਟ ਹੈ, ਜਦੋਂ ਵਿੱਕੀ ਸਿਤਾਰਾ ਜਿੱਤਣ ਵਾਲੇ ਇਕਲੌਤੇ ਭਾਜਪਾ ਕੌਂਸਲਰ ਸਨ, ਇੱਕ ਅਜਿਹਾ ਕਾਰਨਾਮਾ ਜਿਸਨੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੁਆਰਾ ਪੈਦਾ ਹੋਈਆਂ ਚੁਣੌਤੀਆਂ ਦੇ ਵਿਚਕਾਰ ਵੀ ਕਮਲ (ਭਾਜਪਾ ਦਾ ਚੋਣ ਚਿੰਨ੍ਹ) ਖਿੜ ਕੇ ਪ੍ਰਾਪਤ ਕੀਤਾ, ਜਿਸ ਨਾਲ ਪਾਰਟੀ ਲਈ ਜਿੱਤ ਯਕੀਨੀ ਹੋ ਗਈ। ਉਨ੍ਹਾਂ ਅੱਗੇ ਟਿੱਪਣੀ ਕੀਤੀ ਕਿ ਭਾਜਪਾ ਦਾ ਵੋਟ ਬੈਂਕ ਦਿਨੋ-ਦਿਨ ਵੱਧ ਰਿਹਾ ਹੈ। ਨਤੀਜੇ ਵਜੋਂ ਵਿਅਕਤੀਗਤ ਜਿੱਤਾਂ ਜਾਂ ਹਾਰਾਂ ਦਾ ਕੋਈ ਮਹੱਤਵ ਨਹੀਂ ਹੈ। ਇਸ ਮੌਕੇ ਮੌਜੂਦ ਪ੍ਰਮੁੱਖ ਭਾਜਪਾ ਆਗੂਆਂ ਤੇ ਕਾਰਕੁੰਨਾਂ ਵਿੱਚ ਸੀਨੀਅਰ ਆਗੂ ਭਜਨ ਲਾਲ ਸਿਤਾਰਾ, ਨਵੇਂ ਚੁਣੇ ਗਏ ਕੌਂਸਲਰ ਵਿੱਕੀ ਸਿਤਾਰਾ, ਕੌਂਸਲਰ ਟੋਨੀ ਸਿਤਾਰਾ, ਆਈਟੀ ਸੈਲ ਇੰਚਾਰਜ ਮੁਕੇਸ਼ ਸ਼ਰਮਾ, ਜਤਿੰਦਰ ਚੱਢਾ, ਹੇਮੰਤ ਸੂਦ, ਵਿਜੇ ਮਿਸ਼ਰਾ, ਡਿੰਪੀ ਸੂਦ ਤੇ ਸੰਜੀਵ ਅਗਰਵਾਲ ਸ਼ਾਮਲ ਸਨ।

# ਸੇਵਾ, ਸੁਸ਼ਾਸਨ ਤੇ ਗਰੀਬ ਕਲਿਆਣ ਦੇ 12 ਸਾਲ ਇਤਿਹਾਸਕ ਤੇ ਬੇਮਿਸਾਲ: ਐਡ. ਸੁਖਵਿੰਦਰ ਸਿੰਘ ਸੁੱਖੀ

ਅਮਲੋਹ, 31 ਮਈ (ਜਸਵੰਤ ਸਿੰਘ): ਭਾਜਪਾ ਯੂਥ ਵਿੰਗ ਦੇ ਕੌਮੀ ਕਾਰਜਕਾਰਨੀ ਦੇ ਮੈਂਬਰ ਐਡਵੋਕੇਟ ਸੁਖਵਿੰਦਰ ਸਿੰਘ ਸੁੱਖੀ ਨੇ ਇੱਕ ਬਿਆਨ ਵਿੱਚ ਕਿਹਾ ਕਿ 26 ਮਈ 2014 ਨੂੰ ਸਾਡੇ ਪਿਆਰੇ, ਕਰੋੜਾਂ ਭਾਰਤੀਆਂ ਦੇ ਦਿਲਾਂ ਦੀ ਧੜਕਨ ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਵਜੋਂ ਕਾਰਜਭਾਰ ਸੰਭਾਲਿਆ ਸੀ। ਇਸ ਸ਼ਾਨਦਾਰ ਯਾਤਰਾ ਦੇ



12 ਗੌਰਵਮਈ ਸਾਲ ਪੂਰੇ ਹੋ ਗਏ ਹਨ, ਜਿਸ ਦੌਰਾਨ ਪੂਰਾ ਦੇਸ਼ ਉਤਸ਼ਾਹ ਤੇ ਰਾਸ਼ਟਰੀ ਮਾਣ ਦੀ ਭਾਵਨਾ ਨਾਲ ਭਰਿਆ ਹੋਇਆ ਹੈ। ਇਨ੍ਹਾਂ 12 ਸਾਲਾਂ ਵਿੱਚ ਭਾਰਤ ਨੀਤੀਗਤ ਅਪਾਹਜਤਾ ਦੇ ਦੌਰ ਵਿੱਚੋਂ ਬਾਹਰ ਨਿਕਲ ਕੇ ਸੁਧਾਰ, ਪ੍ਰਦਰਸ਼ਨ, ਬਦਲਾਅ ਦੇ ਮਹਾਨ ਮੰਤਰ ਨੂੰ ਆਪਣਾ ਚੁੱਕਾ ਹੈ। ਉਨ੍ਹਾਂ ਇਸ ਮੌਕੇ ਇਸ ਇਤਿਹਾਸਕ ਤੇ ਵਿਲੱਖਣ ਯਾਤਰਾ ਦੇ 12 ਸਾਲ ਪੂਰੇ ਹੋਣ 'ਤੇ ਵਧਾਈ ਦਿੰਦਿਆਂ ਧੰਨਵਾਦ ਕੀਤਾ। ਐਡਵੋਕੇਟ ਸੁੱਖੀ ਨੇ ਕਿਹਾ ਕਿ 12 ਸਾਲਾਂ ਦਾ ਇਹ ਕਾਰਜਕਾਲ ਭਾਰਤ ਦੇ ਨਵੇਂ ਨਿਰਮਾਣ, ਲੋਕਾਂ ਦੀਆਂ ਇੱਛਾਵਾਂ ਦੀ ਪੂਰਤੀ ਤੇ 'ਵਿਕਸਿਤ ਭਾਰਤ' ਦੇ ਉਦੈ ਦਾ ਸੁਨਹਿਰੀ ਦੌਰ ਹੈ। ਇਹ 12 ਸਾਲ ਸਮਾਜ ਦੇ ਆਖ਼ਰੀ ਕਤਾਰ ਵਿੱਚ ਬੈਠੇ ਵਿਅਕਤੀ ਦੇ ਸਸ਼ਕਤੀਕਰਨ ਤੇ 'ਅੰਤੋਦਿਆ ਦੇ ਸੰਕਲਪ' (ਸਭ ਤੋਂ ਗਰੀਬ ਦੇ ਭਲੇ) ਦੀ ਸਿੱਧੀ ਦੇ ਗਵਾਹ ਰਹੇ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ 'ਸਭ ਕਾ ਸਾਥ, ਸਭ ਕਾ ਵਿਕਾਸ' ਦੇ ਮੰਤਰ 'ਤੇ ਚੱਲਦਿਆਂ ਪਿੰਡ, ਗਰੀਬ, ਕਿਸਾਨ, ਔਰਤਾਂ ਤੇ ਨੌਜਵਾਨਾਂ ਦੇ ਜੀਵਨ ਨੂੰ ਬਦਲਿਆ ਹੈ। ਉਨ੍ਹਾਂ ਜਨ ਧਨ ਖਾਤਿਆਂ ਤੋਂ ਲੈ ਕੇ ਆਯੁਸ਼ਮਾਨ ਭਾਰਤ ਤੱਕ, ਪੀਐਮ ਆਵਾਸ ਯੋਜਨਾ ਤੋਂ ਡਿਜੀਟਲ ਇੰਡੀਆ ਦੀ ਕ੍ਰਾਂਤੀ ਤੱਕ ਵਿਕਾਸ ਤੇ ਲੋਕ ਭਲਾਈ ਦੀ ਨਵੀਂ ਕਹਾਣੀ ਲਿਖੀ ਹੈ। ਉਨ੍ਹਾਂ ਕਿਹਾ ਕਿ ਅੱਜ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਦੇਸ਼ ਵਿਕਸਿਤ ਭਾਰਤ ਦੇ ਟੀਚੇ ਵੱਲ ਤੇਜ਼ੀ ਨਾਲ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਆਓ ਸਾਰੇ ਮਿਲ ਕੇ ਇਸ ਗੌਰਵਮਈ ਵਿਕਾਸ ਯਾਤਰਾ ਦੇ ਭਾਗੀਦਾਰ ਬਣੀਏ ਤੇ ਮਜ਼ਬੂਤ, ਖੁਸ਼ਹਾਲ, ਵਿਕਸਿਤ ਤੇ ਸ਼ਾਨਦਾਰ ਭਾਰਤ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਈਏ।

# ਬੱਚਿਆਂ ਨੇ ਆਈਲੈਟਸ ਤੇ ਪੀਟੀਈ ਦੇ ਫ੍ਰੀ ਰਿਐਲਿਟੀ ਟੈਸਟ ਦਾ ਫਾਇਦਾ ਲਿਆ: ਕਨਵਰ ਅਰੋੜਾ

ਨਵਾਂਸ਼ਹਿਰ, 31 ਮਈ (ਅਜਮੇਰ ਸਿੰਘ ਭਨੋਟ): ਕਨਵਰ ਅਰੋੜਾ ਕੰਸਲਟੈਂਟ ਦੇ ਐਮਡੀ ਕਨਵਰ ਅਰੋੜਾ ਨੇ ਦੱਸਿਆ ਕਿ ਸ਼ਨੀਵਾਰ 30 ਮਈ ਨੂੰ ਨਵਾਂਸ਼ਹਿਰ ਦਫ਼ਤਰ ਵਿਖੇ ਹੋਏ ਆਈਲੈਟਸ ਤੇ ਪੀਟੀਈ ਦੇ ਫ੍ਰੀ ਰਿਐਲਿਟੀ ਟੈਸਟ ਦਾ ਬਹੁਤ ਸਾਰੇ ਬੱਚਿਆਂ ਨੇ ਫਾਇਦਾ ਲਿਆ। ਸਵੇਰੇ ਖਰਾਬ ਮੌਸਮ ਦੇ ਬਾਵਜੂਦ ਬੱਚਿਆਂ 'ਚ ਰਿਐਲਿਟੀ ਟੈਸਟ ਦਾ ਬਹੁਤ ਉਤਸ਼ਾਹ ਦੇਖਣ ਨੂੰ ਮਿਲਿਆ। ਪੰਜਾਬ ਦੇ ਅਲੱਗ-ਅਲੱਗ ਖੇਤਰਾਂ ਜਿਵੇਂ ਕਿ ਸਮਰਾਲਾ, ਮਾਛੀਵਾੜਾ, ਫਗਵਾੜਾ, ਜਲੰਧਰ, ਰੋਪੜ, ਮਾਹਿਲਪੁਰ, ਹੁਸ਼ਿਆਰਪੁਰ ਤੋਂ ਇਲਾਵਾ ਇਲਾਕੇ ਦੇ ਲੋਕਲ ਵਿਦਿਆਰਥੀਆਂ ਨੇ ਨਵਾਂਸ਼ਹਿਰ ਦਫਤਰ ਪਹੁੰਚ ਕੇ ਰਿਐਲਿਟੀ ਟੈਸਟ ਦਿੱਤਾ। ਬੱਚਿਆਂ ਨੇ ਪੇਪਰ ਦੇਣ ਤੋਂ ਬਾਅਦ ਖੁਸ਼ੀ ਤੇ ਤਸੱਲੀ ਪ੍ਰਗਟਾਈ। ਉਨ੍ਹਾਂ ਨੇ ਦੱਸਿਆ ਕਿ ਅੱਜ ਉਨ੍ਹਾਂ ਦੇ ਬਹੁਤ ਸਵਾਲ ਕਲੀਅਰ ਹੋਏ ਹਨ। ਬੱਚਿਆਂ ਨੂੰ ਕੰਪਨੀ ਵੱਲੋਂ ਡਿਸਕਾਊਂਟ ਵੀ ਦਿੱਤਾ ਗਿਆ ਹੈ, ਬੱਚੇ ਪੇਪਰ ਭਰਨ ਵੇਲੇ ਕੈਸ਼ ਡਿਸਕਾਊਂਟ ਲੈ ਸਕਦੇ ਹਨ। ਇਹ ਰਿਐਲਿਟੀ ਟੈਸਟ ਦਾ ਆਯੋਜਨ ਪਿਛਲੇ ਦੋ ਸਾਲਾਂ ਤੋਂ ਲਗਾਤਾਰ ਕਰਦੀ ਆ ਰਹੀ ਹੈ। ਹਰ ਵਾਰ ਬੱਚਿਆਂ ਤੇ ਮਾਪਿਆਂ ਦਾ ਭਰਪੂਰ ਸਹਿਯੋਗ ਮਿਲਦਾ ਆ ਰਿਹਾ ਹੈ। ਇਸ ਵਾਰ ਵੀ ਫਿਰ ਤੋਂ ਆਈਲੈਟਸ ਤੇ



ਪੀਟੀਈ ਦਾ ਰਿਐਲਿਟੀ ਟੈਸਟ ਕਰਵਾਇਆ ਗਿਆ। ਇਸ ਟੈਸਟ ਦਾ ਵਿਦਿਆਰਥੀਆਂ ਨੇ ਬਹੁਤ ਫਾਇਦਾ ਲਿਆ, ਜਿਨ੍ਹਾਂ ਨੇ ਆਪਣਾ ਆਈਲੈਟਸ ਜਾਂ ਪੀਟੀਈ ਦਾ ਪੇਪਰ ਦੇਣਾ ਹੈ। ਉਨ੍ਹਾਂ ਨੂੰ ਅਸਲ ਪੇਪਰ ਵਾਂਗ ਆਪਣੇ ਸਕੋਰ ਦਾ ਅੰਦਾਜ਼ਾ ਹੋ ਜਾਂਦਾ ਹੈ ਤੇ ਜੇਕਰ ਕਿਸੇ ਮਾਡਿਊਲ 'ਚੋਂ ਕਮਜ਼ੋਰ ਹਨ। ਉਸ 'ਤੇ ਹੋਰ ਮਿਹਨਤ ਕਰਕੇ ਮਨਚਾਹੇ ਸਕੋਰ ਪ੍ਰਾਪਤ ਕਰ ਸਕਦੇ ਹਨ। ਇਸ ਟੈਸਟ ਦਾ ਨਤੀਜਾ ਬੁੱਧਵਾਰ ਬੱਚੇ ਦਫਤਰ ਆ ਕੇ ਲੈ ਸਕਦੇ ਹਨ। ਵਿਦੇਸ਼ ਜਾਣ ਦੇ ਚਾਹਵਾਨ ਕਿਸੇ ਵੀ ਦਿਨ ਦਫ਼ਤਰ ਆ ਕੇ ਮਿਲ ਸਕਦੇ ਹਨ।

# ਪ੍ਰਿੰਟ ਰੇਟ ਤੋਂ ਵੱਧ ਕੀਮਤਾਂ 'ਤੇ ਵਿਕ ਰਹੇ ਨੇ ਨਸ਼ੀਲੇ ਪਦਾਰਥ

ਮੋਗਾ, 31 ਮਈ (ਨਿਸ਼ੀ ਮਨਚੰਦਾ): ਅੱਜ ਦੇ ਮਹਿੰਗਾਈ ਭਰੇ ਦੌਰ ਵਿੱਚ ਜਿੱਥੇ ਆਮ ਲੋਕਾਂ ਲਈ ਘਰ ਦਾ ਖਰਚ ਚਲਾਉਣਾ ਮੁਸ਼ਕਿਲ ਹੋ ਰਿਹਾ ਹੈ, ਉਥੇ ਹੀ ਬਾਜ਼ਾਰ ਵਿੱਚ ਕੁਝ ਦੁਕਾਨਦਾਰਾਂ ਵੱਲੋਂ ਕੂਲ ਲਿਪ, ਚੈਨੀ-ਖੈਨੀ, ਸਿਗਰਟ, ਤੰਬਾਕੂ ਤੇ ਬੀੜੀ ਵਰਗੇ ਉਤਪਾਦ ਪ੍ਰਿੰਟ ਰੇਟ ਤੋਂ ਵੱਧ ਕੀਮਤਾਂ 'ਤੇ ਵੇਚ ਕੇ ਗ੍ਰਾਹਕਾਂ ਦੀ ਜੇਬ 'ਤੇ ਵਾਧੂ ਬੋਝ ਪਾਇਆ ਜਾ ਰਿਹਾ ਹੈ। ਗ੍ਰਾਹਕਾਂ ਦਾ ਦੋਸ਼ ਹੈ ਕਿ ਕਈ ਦੁਕਾਨਦਾਰ ਖੁੱਲ੍ਹੇਆਮ ਨਿਰਧਾਰਿਤ ਕੀਮਤ ਤੋਂ ਵੱਧ ਪੈਸੇ ਵਸੂਲ ਰਹੇ ਹਨ ਤੇ ਵਿਰੋਧ ਕਰਨ 'ਤੇ ਉਨ੍ਹਾਂ ਨੂੰ ਸਮਾਨ ਨਾ ਲੈਣ ਦੀ ਗੱਲ ਕਹਿ ਦਿੱਤੀ ਜਾਂਦੀ ਹੈ। ਗ੍ਰਾਹਕਾਂ ਮੁਤਾਬਿਕ ਕੂਲ ਲਿਪ ਦੇ ਛੋਟੇ ਪੈਕਟ ਉਤੇ 23 ਰੁਪਏ ਕੀਮਤ ਦਰਜ ਹੈ ਪਰ ਕਈ ਥਾਵਾਂ 'ਤੇ ਇਹ 30 ਰੁਪਏ ਵਿੱਚ ਵੇਚਿਆ ਜਾ ਰਿਹਾ ਹੈ। ਇਸੇ ਤਰ੍ਹਾਂ ਕੁਝ ਸਿਗਰਟਾਂ ਤੇ ਹੋਰ ਤੰਬਾਕੂ ਉਤਪਾਦਾਂ ਦੀ ਵਿਕਰੀ ਵੀ ਪ੍ਰਿੰਟ ਰੇਟ ਤੋਂ ਵੱਧ ਕੀਮਤ 'ਤੇ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਸਿੱਧੇ ਤੌਰ 'ਤੇ ਖਪਤਕਾਰਾਂ ਦੇ ਹੱਕਾਂ ਦੀ ਉਲੰਘਣਾ ਹੈ।ਇੱਕ ਗ੍ਰਾਹਕ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਜੇਕਰ ਕੋਈ ਵਿਅਕਤੀ ਰੋਜ਼ਾਨਾ ਅਜਿਹਾ ਕੋਈ ਉਤਪਾਦ ਖਰੀਦਦਾ ਹੈ ਤਾਂ ਹਰ ਵਾਰ ਉਸ ਤੋਂ 5 ਤੋਂ 25 ਰੁਪਏ ਤੱਕ ਵਾਧੂ ਵਸੂਲੇ ਜਾਂਦੇ ਹਨ। ਛੋਟੀ ਰਕਮ ਦਿਖਾਈ ਦੇਣ ਵਾਲਾ ਇਹ ਵਾਧੂ ਖਰਚ ਮਹੀਨੇ ਤੇ ਸਾਲ ਦੇ ਹਿਸਾਬ ਨਾਲ ਕਾਫੀ ਵੱਡੀ ਰਕਮ ਬਣ ਜਾਂਦਾ ਹੈ। ਗ੍ਰਾਹਕਾਂ ਦਾ ਕਹਿਣਾ ਹੈ ਕਿ ਸ਼ਹਿਰ ਵਿੱਚ ਹਰ ਰੋਜ਼ ਹਜ਼ਾਰਾਂ ਲੋਕ ਅਜਿਹੇ ਉਤਪਾਦ ਖਰੀਦਦੇ ਹਨ ਤੇ ਇਸ ਤਰ੍ਹਾਂ ਲੋਕਾਂ ਤੋਂ ਵੱਡੀ ਮਾਤਰਾ ਵਿੱਚ ਵਾਧੂ ਰਕਮ ਇਕੱਠੀ ਕੀਤੀ ਜਾ ਰਹੀ ਹੈ।

# ਭਾਜਪਾ ਸਿੱਖ ਚਿਹਰਿਆਂ ਨੂੰ ਮੋਹਰੇ ਬਣਾ ਕੇ ਸਿੱਖਾਂ ਦੀ ਜਮਾਤੀ ਰਾਜਨੀਤਿਕ ਪਹਿਚਾਣ ਖ਼ਤਮ ਕਰਨਾ ਚਾਹੁੰਦੀ ਹੈ : ਖ਼ਾਲਸਾ

## ਪੰਜਾਬ ਵਿਰੋਧੀ ਸਿੱਖ ਭਾਜਪਾਈ ਚਿਹਰਿਆਂ ਦਾ ਬਾਈਕਾਟ ਕਰਨ ਦੀ ਅਪੀਲ



ਲੁਧਿਆਣਾ, 31 ਮਈ (ਰਵਿੰਦਰ ਸਿੰਘ ਨਿੱਝਰ): ਭਾਰਤੀ ਜਨਤਾ ਪਾਰਟੀ ਵੱਲੋਂ ਵੱਡੇ ਪੱਧਰ ਉੱਤੇ ਸਿੱਖੀ ਸਰੂਪ ਵਾਲੇ ਚਿਹਰੇ ਪਾਰਟੀ ਵਿੱਚ ਸ਼ਾਮਲ ਕਰਨੇ ਅਤੇ ਉਨ੍ਹਾਂ ਨੂੰ ਆਪਣਾ ਫਿਰਕੂ ਹਿੰਦੂਤਵੀ ਏਜੰਡਾ ਦੇ ਕੇ ਪੰਜਾਬ ਦੀਆਂ ਸਿਆਸੀ ਸਫ਼ਾਂ ਵੱਲ ਤੋਰਨਾ ਗੰਭੀਰ ਵਿਸ਼ਾ ਚਿੰਤਨ ਮੰਗਦਾ ਹੈ।ਨਾਗਪੁਰੀਆਂ ਦਾ ਮੁੱਖ ਮੰਤਵ ਸਿੱਖ ਦੇ ਵਜੂਦ, ਸਿੱਖਾਂ ਦੀ ਵੱਖਰੀ ਪਹਿਚਾਣ ਨੂੰ ਖ਼ਤਮ ਕਰਨਾ ਸਿੱਖ ਫ਼ਲਸਫ਼ੇ, ਸਿੱਖ ਇਤਿਹਾਸ ਅਤੇ ਸਿੱਖ ਸਿਧਾਤਾਂ ਨਾਲੋਂ ਤੋੜਕੇ ਸਿੱਖਾਂ ਨੂੰ ਹਿੰਦੂਤਵ ਦੇ ਖ਼ਾਰੇ ਸਮੁੰਦਰ ਵਿੱਚ ਸਮੋਅ ਲੈਣਾ ਹੈ। ਹਿੰਦੂਤਵ ਦੀ ਭੀੜ ਵਿੱਚ ਰਲਾ ਲੈਣਾ ਹੈ।ਇਹ ਵਿਚਾਰ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਦੇ ਪ੍ਰਧਾਨ ਭਾਈ ਮੇਜਰ ਸਿੰਘ ਖ਼ਾਲਸਾ ਨੇ ਪ੍ਰੈਸ ਨੂੰ ਜਾਰੀ ਕੀਤੇ ਬਿਆਨ ਵਿੱਚ ਕਹੇ।ਭਾਈ ਖ਼ਾਲਸਾ ਨੇ ਕਿਹਾ ਕਿ ਭਾਜਪਾ ਦੇ ਆਗੂਆਂ ਨੇ ਕਦੇ ਪੰਜਾਬ ਦੀਆਂ ਹੱਕੀ ਮੰਗਾਂ ਲਈ ਆਵਾਜ ਨਹੀਂ ਉਠਾਈ ਤੇ ਨਾ ਕਦੇ ਸੂਬੇ ਦੀ ਮਾਂ ਬੋਲੀ ਪੰਜਾਬੀ ਲਈ ਗੱਲ ਕੀਤੀ।ਜੂਨ 1984 ਭਾਰਤੀ ਫ਼ੌਜਾਂ ਵੱਲੋਂ ਸਿੱਖ ਗੁਰੂਧਾਮਾਂ ਉੱਪਰ ਕੀਤੇ ਗਏ ਹਮਲੇ ਨਵੰਬਰ 1984 ਬਹੁਗਿਣਤੀ ਫਿਰਕੇ ਵੱਲੋਂ ਕੀਤੀ ਗਈ ਸਿੱਖ ਨਸਲਕੁਸ਼ੀ ਬਾਰੇ ਕਦੇ ਨਹੀਂ ਬੋਲੇ ਚੁੱਪ ਰਹਿੰਦੇ ਹਨ। ਅੱਜ ਤੱਕ ਪਛਤਾਵੇ ਦਾ ਇਕ ਸ਼ਬਦ ਨਹੀ ਕਿਹਾ ਗਿਆ।ਭਾਜਪਾਈ ਸਿੱਖਾਂ ਦੀ ਇੱਕੋ ਉਪਲੱਬਧੀ ਹੈ ਕਿ ਇਹ ਸਿੱਖ ਫ਼ਲਸਫ਼ੇ, ਸਿੱਖ ਸਿਧਾਂਤਾਂ ਤੋਂ ਦੂਰ ਹੋ ਗਏ ਹਨ। ਇੱਥੋਂ ਤੱਕ ਕਿ ਆਪਣੀ ਮਾਂ-ਮਾਂ ਬੋਲੀ ਪੰਜਾਬੀ ਨਾਲੋਂ ਟੁੱਟ ਰਹੇ ਹਨ।ਭਾਜਪਾ ਇਨ੍ਹਾਂ ਸਿੱਖ ਚਿਹਰਿਆ ਨੂੰ ਮੋਹਰੇ ਬਣਾਕੇ ਸਿੱਖ ਸੰਸਥਾਵਾਂ ’ਤੇ ਕਬਜ਼ਾ ਕਰਨਾ ਚਾਹੁੰਦੀ ਹੈ।ਸਿੱਖਾਂ ਦੀ ਜਮਾਤੀ ਰਾਜਨੀਤਕ ਪਛਾਣ ਨੂੰ ਖ਼ਤਮ ਕਰਨਾ ਇੱਕ ਨੁਕਾਤੀ ਪ੍ਰੋਗਰਾਮ ਹੈ।ਸੂਬਾਈ ਭਾਸ਼ਾਵਾਂ ਨੂੰ ਖ਼ਤਮ ਕਰਕੇ ਖਾਸ ਕਰਕੇ ਪੰਜਾਬੀ ਦੀ ਥਾਂਵੇ ਸਕੂਲਾ ਵਿੱਚ ਸੰਸਕ੍ਰਿਤ ਪੜ੍ਹਾਈ ਜਾ ਰਹੀ ਹੈ।ਇਹ ਭੇਖੀ ਸਿੱਖ ਨਾਗਪੁਰੀ ਏਜੰਡੇ ਤਹਿਤ ਸਿੱਖੀ ਦੀਆਂ ਜੜ੍ਹਾਂ ਹੀ ਵੱਢੀ ਜਾ ਰਹੇ ਹਨ। ਪੰਜਾਬ ਨੂੰ ਪਿਆਰ ਕਰਨ ਵਾਲੇ ਪੰਜਾਬ ਹਿਤੈਸ਼ੀਆ,ਪੰਜਾਬੀਆਂ ਅਤੇ ਸਿੱਖਾ ਨੂੰ ਅਪੀਲ ਕਰਦਿਆਂ ਭਾਈ ਖਾਲਸਾ ਨੇ ਕਿਹਾ ਕਿ ਇਨ੍ਹਾਂ ਪੰਜਾਬ ਵਿਰੋਧੀ ਸਿੱਖ ਚਿਹਰਿਆ ਦਾ ਬਾਈਕਾਟ ਕਰੀਏ ਅਤੇ ਪੰਥ ਦੀ ਅਜ਼ਾਦ ਹਸਤੀ ਨੂੰ ਬਚਾਉਣ ਲਈ ਇਕਜੁੱਟ ਹੋਈਏ।

# ਕੰਵਲਜੀਤ ਸਿੰਘ ਡੀ.ਆਈ. ਜੀ ਬੀ.ਐਸ.ਐਫ਼. ਵੱਲੋਂ ਅਕਾਲ ਜਿੰਮ ਦਾ ਉਦਘਾਟਨ



ਲੁਧਿਆਣਾ, 31 ਮਈ (ਵਿਸ਼ਾਲ ਸ਼ਰਮਾ) : ਅੱਜ ਲੁਧਿਆਣਾ ਦੇ ਪਿੰਡ ਜੰਡਿਆਲੀ, (ਕੋਹਾੜਾ) ਵਿਖੇ ਅਕਾਲ ਜਿੰਮ ਦੇ ਉਦਘਾਟਨ ਮੌਕੇ ਸ਼੍ਰੀ ਸੁਖਮਨੀ ਸਾਹਿਬ ਦੇ ਪਵਿੱਤਰ ਪਾਠ ਕਰਵਾਇਆ ਗਿਆ। ਪਾਠ ਦੇ ਭੋਗ ਤੋਂ ਬਾਅਦ ਆਈ ਹੋਈ ਸੰਗਤ ਨੂੰ ਲੰਗਰ ਵਰਤਾਇਆ ਗਿਆ। ‘ਅਕਾਲ ਜਿੰਮ’ ਦਾ ਉਦਘਾਟਨ ਕੰਵਲਜੀਤ ਸਿੰਘ ਡੀ.ਆਈ. ਜੀ, ਬੀ.ਐਸ.ਐਫ ਵੱਲੋਂ ਕੀਤਾ ਗਿਆ। ਜਿੰਮ ਦੇ ਮਾਲਕ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਹੋਇਆਂ ਦੱਸਿਆ ਕਿ ਉਹਨਾਂ ਨੇ ਇਸ ਜਿੰਮ ਵਿੱਚ ਨਵੀਂ ਤਕਨੌਲਜੀ ਦੀਆਂ ਮਸ਼ੀਨਾਂ ਲਗਾਈਆਂ ਹਨ। ਜਿਸ ਨਾਲ ਕਿ ਆਉਣ ਵਾਲੇ ਟਾਈਮ ਦੇ ਵਿੱਚ ਇਲਾਕੇ ਦੇ ਨੇੜਲੇ ਨੌਜਵਾਨਾਂ ਨੂੰ ਸਰੀਰ ਤੰਦਰੁਸਤ ਰੱਖਣ ਵਿਚ ਮੱਦਦ ਮਿਲੇਗੀ। ਇਸ ਮੌਕੇ ਰਵੀ ਪਰਾਸ਼ਰ, ਦੀਪਕ ਪਰਾਸ਼ਰ, (ਦੋਵੇਂ ਅੰਤਰਰਾਸ਼ਟਰੀ ਬਾਡੀ ਬਿਲਡਿੰਗ ਜੱਜ) ਬਾਬਾ ਗੁਰਜੀਤ ਸਿੰਘ, (ਅੰਤਰਰਾਸ਼ਟਰੀ ਸੂਟਿੰਗ ਕੋਚ), ਸਿਕੰਦਰ ਸਿੰਘ (ਰੀਜਨਲ ਡਾਇਰੈਕਟਰ, ਬਿਊਰੋ ਆਫ ਸਿਵਿਲ ਏਵੀਏਸ਼ਨ), ਅਕਾਸ਼ ਦੀਪ ਡਾਇਰੈਕਟਰ (ਰਾਇਲਦੀਪ ਸਿਕਉਰਟੀ), ਅਮਰਦੀਪ ਸਿੰਘ, (ਆਰ.ਟੀ.ਓ ਦਫ਼ਤਰ), ਸੰਦੀਪ ਸ਼ਰਮਾ ਅਤੇ ਇਲਾਕੇ ਦੇ ਪਤਵੰਤੇ ਸੱਜਣ ਮੌਜੂਦ ਸਨ। ਜਿੰਮ ਦੇ ਮਾਲਿਕ ਸੁਖਵੰਤ ਸਿੰਘ ਵੱਲੋਂ ਆਏ ਸੱਜਣਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਲੋਕ ਸੇਵਾ ਸੁਸਾਇਟੀ ਨੇ ਲਗਾਇਆ ਡਾਕਟਰੀ ਜਾਂਚ ਕੈਂਪ, 750 ਮਰੀਜ਼ਾਂ ਨੇ ਲਿਆ ਲਾਭ



ਟਾਂਡਾ ਉੜਮੁੜ, 31 ਮਈ (ਅਰਜੁਨ ਜੈਨ): ਹਰ ਬਿਮਾਰੀ ਤੋਂ ਪੀੜਤ ਇਲਾਕੇ ਦੇ ਮਰੀਜ਼ਾਂ ਨੂੰ ਡਾਕਟਰੀ ਸਹਾਇਤਾ ਮੁਹੱਈਆ ਕਰਵਾਉਣ ਲਈ ਲੋਕ ਸੇਵਾ ਵੈਲਫੇਅਰ ਸੋਸਾਇਟੀ ਦੇ ਸਰਪ੍ਰਸਤ ਰਸ਼ਪਾਲ ਸਿੰਘ ਚਰੜ ਦੀ ਅਗਵਾਈ ਵਿੱਚ ਮਾਂ ਮਾਤੇਸ਼ਵਰੀ ਚਿੰਤਪੁਰਨੀ ਮੰਦਿਰ ਢੋਲਵਾਹਾ ਜਨੌੜੀ ਦੇ ਸੰਸਥਾਪਕ ਠਾਕੁਰ ਰਵੀ ਗਾਂਧੀ ਤੋਂ ਇਲਾਵਾ ਹੋਰ ਨਾਮਵਰ ਸ਼ਖ਼ਸੀਅਤਾਂ ਦੇ ਸਹਿਯੋਗ ਨਾਲ ਬਾਬਾ ਬੂਟਾ ਭਗਤ ਹਾਲ ਉੜਮੁੜ ਵਿਖੇ ਲਗਾਇਆ ਗਿਆ, ਮੁਫਤ ਮੈਡੀਕਲ ਚੈੱਕਅਪ ਕੈਂਪ ਬੜੀ ਧੂਮਧਾਮ ਅਤੇ ਸ਼ਾਨੋ ਸ਼ੌਕਤ ਨਾਲ ਸੰਪੰਨ ਹੋ ਨਿੱਬੜਿਆ।

ਇਸ ਵਿਸ਼ਾਲ ਮੈਡੀਕਲ ਕੈਂਪ ਵਿੱਚ ਰਿਟਾ: ਡਿਪਟੀ ਡਾਇਰੈਕਟਰ ਹੈਲਥ ਪੰਜਾਬ ਡਾਕਟਰ ਕੇਵਲ ਸਿੰਘ ਕਾਜਲ, ਸ਼੍ਰੋਮਣੀ ਅਕਾਲੀ ਦਲ ਬਾਦਲ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ, ਸ਼ਿਵ ਸੈਨਾ ਪੰਜਾਬ ਉੱਤਰ ਭਾਰਤ ਪ੍ਰਧਾਨ ਮਿੱਕੀ ਪੰਡਿਤ, ਅਖਿਲ ਵਾਲਮੀਕਿ ਧਰਮ ਸਮਾਜ ਪੰਜਾਬ ਦੇ ਸੀਨੀਅਰ ਚੇਅਰਮੈਨ ਗਗਨ ਭੱਟੀ, ਸ਼ਿਵ ਸੈਨ ਹਿੰਦੁਸਤਾਨ ਦੇ ਪੰਜਾਬ ਯੂਥ ਪ੍ਰਧਾਨ ਰਾਹੁਲ ਖੰਨਾ, ਜਵਾਹਰ ਖੁਰਾਣਾ, ਭਾਜਪਾ ਕਾਰਜ ਕਮੇਟੀ ਮੈਂਬਰ ਪਰਮਜੀਤ ਠਾਕੁਰ, ਮਨਦੀਪ ਕੌਰ ਟਾਂਗਰਾ, ਬਾਬਾ ਸੁਖਦੇਵ ਸਿੰਘ ਬੇਦੀ, ਐਸ.ਪੀ ਹਰਵਿੰਦਰ ਸਿੰਘ ਡੱਲੀ, ਸ਼੍ਰੀ 108 ਸੰਜੀਵਾ ਨੰਦ ਸਰਸਵਤੀ ਜੀ ਮਹਾਰਾਜ, ਸ਼੍ਰੀ 108 ਸੰਤ ਨਰੇਸ਼ ਗਿਰ ਜੀ ਮਹਾਰਾਜ, ਭਾਜਪਾ ਦੇ ਯੁਵਾ ਨੇਤਾ ਉਪਕਾਰ ਸਿੰਘ ਬਾਵਾ, ਹਰਜੀਤ ਸਿੰਘ ਖਾਲਸਾ, ਸੁਰਜੀਤ ਸਿੰਘ ਚਰੜ, ਰਵੀ ਚਰੜ, ਬੱਬੂ ਕੰਗ, ਮਨਜਿੰਦਰ ਸਿੰਘ ਮਣੀ, ਯਾਦਵਿੰਦਰ ਸਿੰਘ ਢੀਂਡਸਾ, ਜਸਕਰਨ ਸਿੰਘ ਤੋਂ ਇਲਾਵਾ ਹੋਰ ਉੱਘੀਆਂ ਸ਼ਖ਼ਸੀਅਤਾਂ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਈਆਂ।

ਕੈਂਪ ਦੇ ਆਖਰ ਵਿੱਚ ਰਸ਼ਪਾਲ ਸਿੰਘ ਚਰੜ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ ਸਨਮਾਨਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਇਸ ਵਿਸ਼ਾਲ ਕੈਂਪ ਵਿੱਚ ਵੱਖ-ਵੱਖ ਬਿਮਾਰੀਆਂ ਦੀਆਂ ਡਾਕਟਰੀ ਟੀਮਾਂ ਨੇ ਕਰੀਬ 500 ਮਰੀਜ਼ਾਂ ਦਾ ਜਨਰਲ ਅਤੇ ਕੈਂਸਰ ਦੇ 200 ਮਰੀਜ਼ਾਂ ਤੋਂ ਇਲਾਵਾ 50 ਪਹਿਲਵਾਨਾਂ ਦੀ ਬਾਡੀ ਦਾ ਚੈੱਕਅਪ ਕਰਕੇ ਜ਼ਰੂਰਤਮੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਕੈਂਪ ਦੌਰਾਨ ਮਰੀਜ਼ਾਂ ਦੇ ਮੁਫਤ ਟੈਸਟ ਕਰਕੇ ਉਨ੍ਹਾਂ ਨੂੰ ਹਰ ਪ੍ਰਕਾਰ ਦੀ ਜਾਣਕਾਰੀ ਮੁਹੱਈਆ ਕਰਵਾਈ ਗਈ। ਕੈਂਪ ਦੌਰਾਨ ਸਾਰਾ ਦਿਨ ਚਾਹ ਪਾਣੀ ਰੋਟੀ ਆਦਿ ਦਾ ਅਤੁੱਟ ਲੰਗਰ ਵਰਤਾਇਆ ਗਿਆ।

# ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂਆਂ ਨੇ ਲੋਕਾਂ ਨਾਲ ਤਰਕਸ਼ੀਲ ਵਿਚਾਰਾਂ ਦਾ ਸੰਵਾਦ ਰਚਾਇਆ



ਲੁਧਿਆਣਾ, 31 ਮਈ (ਰਵਿੰਦਰ ਸਿੰਘ ਨਿੱਝਰ) : ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂਆਂ ਵੱਲੋਂ ਪੱਖੋਵਾਲ ਰੋਡ ਨੇੜੇ ਸ਼ਹੀਦ ਭਗਤ ਸਿੰਘ ਨਗਰ ਦੀ ਵੱਡੀ ਪਾਰਕ ਵਿੱਚ ਸੈਰ ਕਰਦੇ ਲੋਕਾਂ ਨਾਲ ਤਰਕਸ਼ੀਲ ਵਿਚਾਰਾਂ ਨਾਲ ਸੰਵਾਦ ਰਚਾਇਆ। ਤਰਕਸ਼ੀਲ ਆਗੂ ਸਤੀਸ਼ ਸੱਚਦੇਵਾ ਦੇ ਅਗਾਊਂ ਯਤਨਾਂ ਨਾਲ ਇਸ ਪ੍ਰੋਗਰਾਮ ਦੌਰਾਨ ਤਰਕਸ਼ੀਲ ਸੁਸਾਇਟੀ ਦੇ ਜ਼ੋਨ ਲੁਧਿਆਣਾ ਮੁਖੀ ਜਸਵੰਤ ਜ਼ੀਰਖ, ਸੱਭਿਆਚਾਰਕ ਮੁਖੀ ਸ਼ਮਸ਼ੇਰ ਨੂਰਪੁਰੀ ਵੱਲੋਂ ਸੁਸਾਇਟੀ ਬਾਰੇ ਮੁੱਢਲੀ ਜਾਣਕਾਰੀ ਦਿੰਦਿਆਂ ਸੁਸਾਇਟੀ ਦੀ ਸਮਝ ਬਾਰੇ ਸਪੱਸ਼ਟ ਕੀਤਾ। ਉਹਨਾਂ ਇਸ ਮੌਕੇ ਲੋਕਾਂ ਦੇ ਵਿਗੜੇ ਕੰਮਾਂ ਨੂੰ ਦੈਵੀ ਸ਼ਕਤੀਆਂ ਅਤੇ ਪੂਜਾ ਪਾਠਾਂ ਰਾਹੀਂ ਠੀਕ ਕਰਨ ਦੇ ਦਾਅਵੇ ਕਰਕੇ ਵੱਡੀਆਂ ਰਕਮਾਂ ਬਟੋਰਨ ਵਾਲੇ ਬਾਬਿਆਂ, ਜੋਤਿਸ਼ੀਆਂ, ਤਾਂਤਰਿਕਾਂ ਦੇ ਪਾਜ ਉਧੇੜੇ । ਉਹਨਾਂ ਕਰਾਮਾਤੀ ਸਮਝੇ ਜਾਂਦੇ ਕ੍ਰਿਸ਼ਮਿਆਂ ਪਿੱਛੇ ਕੰਮ ਕਰਦੇ, ਵਿਗਿਆਨਿਕ ਕਾਰਨਾਂ ਬਾਰੇ ਸਮਝਾਉਣ ਲਈ ਮੌਕੇ ’ਤੇ ਮੰਤਰਾਂ ਦੇ ਜਾਪ ਰਾਹੀਂ ਅੱਗ ਪੈਦਾ ਕਰਨ ਦੇ ਦਾਅਵੇ ਕਰਨ ਵਾਲਿਆਂ ਦੀ ਪੋਲ ਖੋਲ੍ਹਦਿਆਂ ਲੋਕਾਂ ਸਾਹਮਣੇ ਅੱਗ ਪੈਦਾ ਕਰਕੇ ਉਸ ਦੇ ਕਾਰਨਾਂ ਬਾਰੇ ਸਪੱਸ਼ਟ ਕੀਤਾ। ਇਸੇ ਤਰ੍ਹਾਂ ਜੀਭ ਉੱਪਰ ਅੱਗ ਬਾਲ ਕੇ ਉਸ ਦੇ ਵਿਗਿਆਨ ਬਾਰੇ ਜਾਣਕਾਰੀ ਸਾਂਝੀ ਕੀਤੀ।ਜਸਵੰਤ ਜ਼ੀਰਖ ਨੇ ਤਰਕਸ਼ੀਲ ਸੁਸਾਇਟੀ ਵੱਲੋਂ ਹਰ ਤਰ੍ਹਾਂ ਦੀ ਦੈਵੀ ਸ਼ਕਤੀ ਵਿਖਾਉਣ ਦੇ ਦਾਅਵੇਦਾਰਾਂ ਨੂੰ, ਦਿੱਤੀ ਚੁਣੌਤੀ ਅਧੀਨ ਜਿੱਤਣ ਵਾਲਿਆਂ ਲਈ 5 ਲੱਖ ਦੇ ਰੱਖੇ ਇਨਾਮ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ।ਉਹਨਾਂ ਤਰਕਸ਼ੀਲ ਪ੍ਰਕਾਸ਼ਨ ਵੱਲੋਂ ਮਹੱਈਆ ਕੀਤੇ ਜਾ ਰਹੇ ਉਸਾਰੂ ਸਾਹਿਤ ਅਤੇ ਮੈਗਜ਼ੀਨ ਪੜ੍ਹਨ ਦੀ ਅਪੀਲ ਕਰਦਿਆਂ ਦਰਸ਼ਕਾਂ ਨੂੰ ਉਹਨਾਂ ਦੇ ਡਰ ਕਾਰਨ ਪੈਦਾ ਹੋਏ ਅੰਧਵਿਸ਼ਵਾਸਾਂ ਤੋਂ ਮੁਕਤ ਹੋਣ ਲਈ ਗਿਆਨ ਪ੍ਰਾਪਤ ਕਰਨ ਦਾ ਸੱਦਾ ਦਿੱਤਾ । ਉਹਨਾਂ ਲੋਕਾਂ ਨੂੰ ਕਿਸਮਤ ਵਿੱਚ ਲਿਖਿਆ ਭੋਗਣ ਦੀ ਧਾਰਨਾਂ ਦਾ ਖੰਡਨ ਕਰਦਿਆਂ ਦੱਸਿਆ ਕਿ ਕਿਸੇ ਵੀ ਮਨੁੱਖ ਦੀ ਕਿਸਮਤ ਕਿਸੇ ਵਿਹੁ ਮਾਤਾ ਜਾਂ ਧਰਮਰਾਜ ਵੱਲੋਂ ਲਿਖਕੇ ਨਹੀਂ ਆਉਂਦੀ, ਸਗੋਂ ਸਾਡੇ ਦੇਸ਼ ਦਾ ਗਲਤ ਰਾਜ ਪ੍ਰਬੰਧ ਅਤੇ ਇਸਨੂੰ ਚਲਾਉਣ ਵਾਲੇ ਸਾਡੀ ਮਾੜੀ ਕਿਸਮਤ ਲਈ ਜ਼ੁੰਮੇਵਾਰ ਹਨ, ਜਿਸ ਨੂੰ ਸਮਝਕੇ, ਬਦਲਣ ਦੀ ਲੋੜ ਹੈ। ਮੌਕੇ ’ਤੇ ਤਰਕਸ਼ੀਲ ਮੈਗਜ਼ੀਨ ਦੇ ਕੁੱਝ ਅੰਕ ਵੀ ਲੋਕਾਂ ਵਿੱਚ ਵੰਡੇ ਗਏ। ਦਰਸ਼ਕਾਂ ਨੇ ਤਰਕਸ਼ੀਲ ਸੁਸਾਇਟੀ ਵੱਲੋਂ ਸਮਾਜ ਨੂੰ ਚੇਤਨ ਕਰਨ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਮਨਮੋਹਨ ਸਿੰਘ ਗਰੇਵਾਲ, ਹਰਜੀਤ ਸਿੰਘ, ਪਰਮਿੰਦਰ ਸਿੰਘ ਫੂੱਲਾਂਵਾਲ, ਸ਼੍ਰੀ ਰੋਹਿਤ, ਪ੍ਰਧਾਨ ਇੰਦਰਜੀਤ ਰਾਏਪੁਰ, ਮਨਿੰਦਰ ਸਿੰਘ ਥਿੰਦ, ਸੰਨੀ ਦਾਦ, ਦੀਪਕ ਰੁਦਰਾ, ਕੁਲਦੀਪ ਮਰਾੜ੍ਹ, ਕ੍ਰਿਸ਼ਨ ਸੂਦ, ਮੇਜਰ ਸਿੰਘ ਬਰਾੜ, ਹਰਜੀਤ ਸਿੰਘ ਸੰਗੋਵਾਲ, ਅਸ਼ੋਕ ਢੰਡ, ਅਮਰਜੀਤ ਸਿੰਘ, ਮੁੰਡੀ ਸਾਹਿਬ, ਜਸਵਿੰਦਰ ਕੌਰ, ਸ਼੍ਰੀਮਤੀ ਸੂਦ, ਗੀਟਾ ਮੈਡਮ, ਅਨੀਤਾ ਸ਼ਰਮਾ ਅਤੇ ਚੇਤਨਾ ਸਿੰਗਲਾ ਆਦਿ ਹਾਜ਼ਰ ਸਨ।

# ਲੋਕ ਗਾਇਕ ਜਗਦੇਵ ਖ਼ਾਨ ਦਾ ਨਵਾਂ ਸਿੰਗਲ ਟ੍ਰੈਕ ‘ਕਿਆ ਹੀ ਬਾਤਾਂ ਨੇ’ ਰਿਲੀਜ਼



ਲੁਧਿਆਣਾ, 31 ਮਈ ( ਰਵਿੰਦਰ ਸਿੰਘ ਨਿੱਝਰ): ਪੰਜਾਬੀ ਲੋਕ ਗਾਇਕ ਜਗਦੇਵ ਖਾਨ ਦਾ ਨਵਾਂ ਸਿੰਗਲ ਟ੍ਰੈਕ ‘ਕਿਆ ਹੀ ਬਾਤਾਂ ਨੇ’ ਅੱਜ ਪ੍ਰਸਿੱਧ ਸੰਗੀਤਕ ਕੰਪਨੀ ਜ਼ੀਆ ਪ੍ਰੋਡਕਸ਼ਨ ਵੱਲੋਂ ਲੋਕ ਗਾਇਕ ਪ੍ਰਗਟ ਖਾਨ ਦੀ ਪੇਸ਼ਕਸ਼ ਵਿੱਚ ਵਰਲਡ ਵਾਈਡ ਰਿਲੀਜ਼ ਕਰ ਦਿੱਤਾ ਗਿਆ ਹੈ। ਇਸ ਸਬੰਧੀ ਗਾਇਕ ਜਗਦੇਵ ਖਾਨ ਨੇ ਕਿਹਾ ਕਿ ਇਸ਼ਕ ਹਕੀਕੀ ਵਿੱਚ ਇੱਕ ਪ੍ਰੇਮੀ ਆਪਣੀ ਜਾਨ ਤੋਂ ਪਿਆਰੀ ਮਹਿਬੂਬਾ ਦੇ ਸਾਰੇ ਨਖਰੇ ਤੇ ਅਦਾਵਾਂ ਦੀ ਸਿਫ਼ਤ ਸਮੁੱਚੀ ਕਾਇਨਾਤ ਵਿੱਚ ਮੌਜੂਦ ਉਹ ਸਾਰੀਆਂ ਸੁੰਦਰ ਤੋਂ ਸੁੰਦਰ ਤਸ਼ਬੀਹਾਂ ਦੇ ਕੇ ਕਰਦਾ ਹੈ ਅਤੇ ਇੱਕ ਪ੍ਰੇਮੀ ਵੱਲੋਂ ਆਪਣੇ ਯਾਰ ਦੀ ਪ੍ਰਸ਼ੰਸ਼ਾ ਦੀਆਂ ਇਹਨਾਂ ਹੀ ਵੱਖ ਵੱਖ ਤਸ਼ਬੀਹਾਂ ਨੂੰ ਰੂਪਮਾਨ ਕਰਦੀ ਸੁੰਦਰ ਸ਼ਬਦਾਵਲੀ ਵਾਲੇ ਗੀਤ ਨੂੰ ਗੀਤਕਾਰ ਜ਼ੀ ਗ਼ੌਵੀ ਨੇ ਲਿਖਿਆ ਹੈ ਜਦਕਿ ਇਸਦਾ ਖ਼ੂਬਸੂਰਤ ਸੰਗੀਤ ਕੀਰਤੀ ਮਿਊਜ਼ਿਕ ਸਟੂਡੀਓ ਵੱਲੋਂ ਤਿਆਰ ਕੀਤਾ ਗਿਆ ਹੈ। ਇਸ ਗੀਤ ਦਾ ਵੀਡੀਓ ਉੱਘੇ ਵੀਡੀਓ ਡਾਇਰੈਕਟਰ ਸੋਨੀ ਸੋਹਲ ਨੇ ਕੁੱਲੂ ਮਨਾਲੀ ਦੀਆਂ ਬੇਹੱਦ ਆਕਰਸ਼ਿਕ ਤੇ ਦਿਲ ਲੁਭਾਉਣੀਆਂ ਲੋਕੇਸ਼ਨਾਂ ’ਤੇ ਫ਼ਿਲਮਾਇਆ ਹੈ ਤੇ ਇਸ ਵੀਡੀਓ ਵਿੱਚ ਮਾਡਲ ਜੋੜੀ ਰਿੰਕੂ ਕੁਠਾਲਾ ਤੇ ਰਾਧੇ ਚਾਵਲਾ ਨੇ ਪ੍ਰਮੁੱਖ ਭੂਮਿਕਾ ਨਿਭਾਈ ਹੈ। ਇਸ ਮੌਕੇ ਗਾਇਕ ਹਰਜੀਤ ਸਿੱਧੂ ਫੂਲਕਾ, ਸੋਨੀ ਸੋਹਲ, ਗੁਰਪ੍ਰੀਤ ਸਿੰਘ ਗਰੇਵਾਲ ਆਦਿ ਸ਼ਖ਼ਸੀਅਤਾਂ ਵੀ ਮੌਜੂਦ ਸਨ।

# ਸਿਲਵਰ ਓਕ ਸਕੂਲ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਸੰਗਤਾਂ ਲਈ ਲਗਾਈ ਛਬੀਲ



ਟਾਂਡਾ ਉੜਮੁੜ, 31 ਮਈ (ਅਰਜੁਨ ਜੈਨ) : ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜ਼ਪੁਰ ਦੇ ਸਮੁੱਚੇ ਸਟਾਫ ਵੱਲੋਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਛਬੀਲ ਦਾ ਲੰਗਰ ਲਗਾਇਆ ਗਿਆ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਹੇਠ ਸਮੁੱਚੇ ਟੀਚਿੰਗ, ਨਾਨ ਟੀਚਿੰਗ ਅਤੇ ਟਰਾਂਸਪੋਰਟ ਸਟਾਫ ਵੱਲੋਂ ਮਿਲ ਕੇ ਇਹ ਛਬੀਲ ਦਾ ਲੰਗਰ ਸੰਗਤਾਂ ਦੇ ਲਈ ਲਗਾਇਆ ਗਿਆ।

ਪ੍ਰਿੰਸੀਪਲ ਸੰਗਰ ਨੇ ਦੱਸਿਆ ਕਿ ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਹਰ ਸਾਲ ਇਹ ਛਬੀਲ ਦਾ ਲੰਗਰ ਲਗਾਇਆ ਜਾਂਦਾ ਹੈ ਤੇ ਇਸ ਸਾਲ ਵੀ ਪੂਰੇ ਸਟਾਫ ਨੇ ਸ਼ਰਧਾ ਭਾਵਨਾ ਦੇ ਨਾਲ ਇਹ ਉਪਰਾਲਾ ਕੀਤਾ।

ਇਸ ਮੌਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਕੇ ਇਹ ਛਬੀਲ ਦਾ ਲੰਗਰ ਸ਼ੁਰੂ ਕੀਤਾ ਗਿਆ ਤੇ ਆਉਣ ਜਾਣ ਵਾਲੀਆਂ ਸੰਗਤਾਂ ਨੇ ਪੂਰੀ ਸ਼ਰਧਾ ਭਾਵਨਾ ਦੇ ਨਾਲ ਲੰਗਰ ਛਕਿਆ ਅਤੇ ਗੁਰੂ ਅਰਜਨ ਦੇਵ ਮਹਾਰਾਜ ਦਾ ਕੋਟਨ ਕੋਟ ਧੰਨਵਾਦ ਕੀਤਾ।

ਇਸ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ ਅਤੇ ਤਰਨ ਸੈਣੀ, ਬਿਕਰਮਜੀਤ ਸਿੰਘ, ਵਿਸ਼ਾਲੀ, ਅਮਰਜੀਤ ਕੌਰ, ਜਗਬੰਧਨ ਸਿੰਘ, ਰਾਜਵੀਰ, ਰਾਜਵਿੰਦਰ ਕੌਰ, ਗੁਰਪ੍ਰੀਤ, ਗੁਰਦੇਵ ਸਿੰਘ ਜਗਜੀਤ, ਕੁਲਵਿੰਦਰ, ਸਤਨਾਮ, ਸਰਬਜੀਤ, ਯੋਗਰਾਜ, ਹਰਵਿੰਦਰ, ਕੁਲਬੀਰ, ਗੁਰਦੇਵ, ਹਰਜੀਤ, ਅਜੇ, ਕਮਲ, ਅਮਰੀਕ, ਮਨਦੀਪ, ਸ਼ੈਲੀ ਅਤੇ ਬਾਕੀ ਸਟਾਫ ਮੌਜੂਦ ਸੀ

# ਭਾਜਪਾ ਦਾ ਦੋ ਦਿਨਾਂ ਮਹਾਂਅਭਿਆਨ-2026 ਸੰਪੰਨ



ਲੁਧਿਆਣਾ, 31 ਮਈ (ਰਵਿੰਦਰ ਸਿੰਘ ਨਿੱਝਰ) : ਭਾਰਤੀ ਜਨਤਾ ਪਾਰਟੀ ਲੁਧਿਆਣਾ ਵੱਲੋਂ ਆਯੋਜਿਤ ਦੋ ਦਿਨਾਂ ‘ਪੰਡਿਤ ਦੀਨਦਿਆਲ ਉਪਾਧਿਆਯ ਮਹਾਂਅਭਿਆਨ-2026’ ਸਫਲਤਾ ਪੂਰਵਕ ਸਮਾਪਨ ਹੋ ਗਿਆ। ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਦੀ ਅਗਵਾਈ ਹੇਠ ਸ਼ੁਰੂ ਹੋਏ ਇਸ ਕੈਂਪ ਦੇ ਦੂਜੇ ਦਿਨ ਦੀ ਸ਼ੁਰੂਆਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਲੋਕਪ੍ਰਿਯ ਪ੍ਰੋਗਰਾਮ ‘ਮਨ ਕੀ ਬਾਤ’ ਨੂੰ ਸੁਣ ਕੇ ਕੀਤੀ ਗਈ। ਇਸ ਤੋਂ ਬਾਅਦ ਹੋਏ ਵੱਖ-ਵੱਖ ਪ੍ਰਸ਼ਿਕਸ਼ਣ ਸੈਸ਼ਨਾਂ ਦੌਰਾਨ ਵਰਕਰਾਂ ਨੂੰ ਪਾਰਟੀ ਦੀ ਵਿਚਾਰਧਾਰਾ, ਸੰਗਠਨ ਦੇ ਮੂਲ ਸਿਧਾਂਤਾਂ, ਕੇਂਦਰ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਆਧੁਨਿਕ ਡਿਜ਼ਿਟਲ ਟੂਲਾਂ ਬਾਰੇ ਜਾਣਕਾਰੀ ਦਿੱਤੀ ਗਈ।

ਕੈਂਪ ਵਿੱਚ ਵੱਖ-ਵੱਖ ਬੁਲਾਰਿਆਂ ਨੇ ਸਾਲ 2027 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ, ਬੂਥ ਪ੍ਰਬੰਧਨ, ਸੰਗਠਨ ਦੇ ਵਿਸਤਾਰ ਅਤੇ ਜਨ ਸੰਪਰਕ ਨੂੰ ਮਜ਼ਬੂਤ ਕਰਨ ਸਬੰਧੀ ਵਿਸਤਾਰ ਨਾਲ ਦੱਸਿਆ ਗਿਆ । ਭਾਜਪਾ ਵਰਕਰਾਂ ਨੂੰ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਦੀ ਜਾਣਕਾਰੀ ਘਰ-ਘਰ ਤੱਕ ਪਹੁੰਚਾਉਣ ਅਤੇ ਸਮਾਜ ਦੇ ਹਰ ਵਰਗ ਨਾਲ ਸੰਪਰਕ ਬਣਾਉਣ ਲਈ ਪ੍ਰੇਰਿਤ ਕੀਤਾ ਗਿਆ।

ਕੈਂਪ ਵਿੱਚ ਭਾਜਪਾ ਦੇ ਮਨਜੀਤ ਸਿੰਘ ਰਾਏ, ਸਾਬਕਾ ਮੰਤਰੀ ਮਨੋਰੰਜਨ ਕਾਲੀਆ, ਪ੍ਰਦੀਪ ਭਾਟੀਆ, ਪ੍ਰੀਤਪਾਲ ਸਿੰਘ ਬੱਲੀਏਵਾਲ ਅਤੇ ਪਰਮਪਾਲ ਕੌਰ ਵਿਸ਼ੇਸ਼ ਤੌਰ ’ਤੇ ਹਾਜ਼ਰ ਰਹੇ। ਬੁਲਾਰਿਆਂ ਨੇ ਦਰਸ਼ਕਾਂ ਨੂੰ ਪਾਰਟੀ ਦੀਆਂ ਨੀਤੀਆਂ, ਸਿਧਾਂਤਾਂ ਅਤੇ ਸੰਗਠਨਾਤਮਕ ਕਾਰਜਪ੍ਰਣਾਲੀ ਨਾਲ ਜਾਣੂੰ ਕਰਵਾਉਂਦੇ ਹੋਏ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ।

ਇਸ ਮੌਕੇ ਭਾਜਪਾ ਦੇ ਪਰਵੀਨ ਬਾਂਸਲ, ਸੁਭਾਸ਼ ਡਾਬਰ, ਰਾਕੇਸ਼ ਮਿੱਤਲ, ਰਾਕੇਸ਼ ਕਪੂਰ, ਸੌਰਵ ਕਪੂਰ, ਜ਼ਿਲ੍ਹਾ ਭਾਜਪਾ ਮਹਾਂਮੰਤਰੀ ਸਰਦਾਰ ਨਰਿੰਦਰ ਸਿੰਘ ਮੱਲੀ, ਯਸ਼ਪਾਲ ਜਨੋਤਰਾ, ਡਾ. ਕਨਿਕਾ ਜਿੰਦਲ, ਉਪ ਪ੍ਰਧਾਨ ਮਹੇਸ਼ ਸ਼ਰਮਾ, ਡਾ. ਨਿਰਮਲ ਨੈਅਰ, ਮਨੀਸ਼ ਚੋਪੜਾ ਲੱਕੀ, ਹਰਸ਼ ਸ਼ਰਮਾ, ਨਵਲ ਜੈਨ, ਅਸ਼ਵਨੀ ਟੰਡਨ, ਸਕੱਤਰ ਸਤਨਾਮ ਸੇਠੀ, ਸੁਮਿਤ ਟੰਡਨ, ਅੰਕਿਤ ਬੱਤਰਾ, ਸੁਖਜੀਵ ਬੇਦੀ, ਪਰਵੀਨ ਸ਼ਰਮਾ, ਖਜ਼ਾਨਚੀ ਬੌਬੀ ਜਿੰਦਲ, ਅਤੁਲ ਜੈਨ, ਪ੍ਰੈਸ ਸਕੱਤਰ ਡਾ. ਸਤੀਸ਼ ਕੁਮਾਰ, ਸੰਜੀਵ ਚੌਧਰ, ਸੁਰਿੰਦਰ ਕੌਸ਼ਲ, ਸਾਬਿਰ ਹੁਸੈਨ, ਵਰਿੰਦਰ ਸਹਿਗਲ, ਕੌਂਸਲਰ ਰੋਹਿਤ ਸਿੱਕਾ ਆਦਿ ਵੀ ਹਾਜ਼ਰ ਰਹੇ।

# ਸਿੰਘ ਸਾਹਿਬਾਨ ਦੇ ਵਿਚਾਰ ਸੁਣਨ ਲਈ ਪਹੁੰਚੀਆਂ ਸਮੂਹ ਸੰਗਤਾਂ ਦਾ ਜਥੇਦਾਰ ਗਾਬੜੀਆਂ ਵੱਲੋਂ ਧੰਨਵਾਦ



ਲੁਧਿਆਣਾ, 31 ਮਈ (ਰਵਿੰਦਰ ਸਿੰਘ ਨਿੱਝਰ) : ਸਿੱਖ ਕੌਮ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਪੰਜਾਬ ਸਰਕਾਰ ਵਲੋਂ ਬੇਅਦਬੀ ਦੇ ਸਬੰਧ ਦੇ ਵਿੱਚ ਨਵੇਂ ਬਣਾਏ ਗਏ ਕਾਨੂੰਨ ਦੇ ਵਿਰੋਧ ’ਚ ਲੁਧਿਆਣਾ ਵਿਖੇ ਜਥੇਦਾਰ ਹੀਰਾ ਸਿੰਘ ਗਾਬੜੀਆ ਵੱਲੋਂ ਗੁਰਦੁਆਰਾ ਸ਼ਹੀਦਾਂ ਫੇਰੂਮਾਨ ਵਿਖੇ ਕਰਾਈ ਗਈ ਭਰਵੀਂ ਤੇ ਇਤਿਹਾਸਕ ਮੀਟਿੰਗ ’ਚ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਕੁਲਦੀਪ ਸਿੰਘ ਗੜਗੱਜ ਦੇ ਪਹੁੰਚਣ ’ਤੇ ਸਿੰਘ ਸਾਹਿਬ ਦੇ ਵਿਚਾਰ ਸੁਣਨ ਲਈ ਸਮੂਹ ਪਹੁੰਚੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸੰਤ ਸਮਾਜ, ਸਿੱਖ ਸੰਸਥਾਵਾਂ, ਧਾਰਮਿਕ , ਸਮਾਜਿਕ ਜਥੇਬੰਦੀਆਂ ਤੋਂ ਇਲਾਵਾ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਏ ਸੰਦੇਸ਼ ’ਤੇ ਪਹਿਰਾ ਦਿੰਦੇ ਹੋਏ ਪੰਜਾਬ ਸਰਕਾਰ ਵੱਲੋਂ ਬੇਅਦਬੀ ਸਬੰਧੀ ਬਣਾਏ ਗਏ ਨਵੇਂ ਕਾਨੂੰਨ ਦਾ ਡਟਵਾਂ ਵਿਰੋਧ ਕੀਤਾ ਅਤੇ ਜਥੇਦਾਰ ਗੜਗੱਜ ਨੂੰ ਵਿਸ਼ਵਾਸ ਦਿਵਾਇਆ, ਕਿ ਜੋ ਵੀ ਹੁਕਮ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਆਏਗਾ, ਉਸ ’ਤੇ ਸਿੱਖ ਕੌਮ ਡਟ ਕੇ ਪਹਿਰਾ ਦੇਵੇਗੀ। ਜਦ ਪੰਜਾਬ ਸਰਕਾਰ ਨਵੇਂ ਬਣੇ ਕਾਨੂੰਨ ’ਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮ ਅਨੁਸਾਰ ਸੋਧ ਨਹੀਂ ਕਰਦੀ ਕਾਨੂੰਨ ਨੂੰ ਨਹੀਂ ਬਦਲਦੀ ਉਦੋਂ ਸਿੱਖ ਕੌਮ ਕਾਨੂੰਨ ਨੂੰ ਨਹੀ ਮੰਨੇਗੀ।ਇਸ ਸਮੇਂ ਬਾਬਾ ਅਜੀਤ ਸਿੰਘ, ਐਡਵੋਕੇਟ ਪਰਉਪਕਾਰ ਸਿੰਘ ਘੁੰਮਣ, ਗੁਰਦੀਪ ਸਿੰਘ ਲੀਲ, ਬਲਵਿੰਦਰ ਸਿੰਘ ਲਾਇਲਪੁਰੀ, ਜਥੇਦਾਰ ਨਛੱਤਰ ਸਿੰਘ ਸਿੱਧੂ, ਤੇਜਿੰਦਰ ਸਿੰਘ ਡੰਗ ਨੇ ਸਮੂਹ ਸੰਗਤਾ ਦਾ ਗੁਰਦੁਆਰਾ ਸ਼ਹੀਦਾਂ ਫੇਰੂਮਾਨ ਵਿਖੇ ਪਹੁੰਚਣ ’ਤੇ ਧੰਨਵਾਦ ਕੀਤਾ।

# ਪੰਜ ਦਿਨਾਂ ਤੋਂ ਲਾਪਤਾ ਵਿਅਕਤੀ ਦੀ ਭਾਲ ਲਈ ਸੀ.ਪੀ. ਨੂੰ ਪਰਿਵਾਰ ਦੀ ਗੁਹਾਰ




ਲੁਧਿਆਣਾ, 31 ਮਈ (ਵਿਸ਼ਾਲ ਸ਼ਰਮਾ) : ਲੁਧਿਆਣਾ ਵਿੱਚ ਪਿਛਲੇ 5 ਦਿਨਾਂ ਤੋਂ ਇੱਕ ਪਰਿਵਾਰ ਆਪਣੇ ਲਾਪਤਾ ਮੈਂਬਰ ਦੀ ਭਾਲ ਲਈ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹੈ। ਜਾਣਕਾਰੀ ਅਨੁਸਾਰ ਉੱਤਰ ਪ੍ਰਦੇਸ਼ ਤੋਂ ਆਏ ਲਾਪਤਾ ਦੇ ਸਹੁਰੇ ਨੇ ਲਾਈਵ ਹੋ ਕੇ ਲੁਧਿਆਣਾ ਪੁਲਿਸ ਕਮਿਸ਼ਨਰ ਨੂੰ ਅਪੀਲ ਕੀਤੀ ਹੈ ਕਿ ਉਹਨਾਂ ਦੇ ਲਾਪਤਾ ਰਿਸ਼ਤੇਦਾਰ ਨੂੰ ਜਲਦ ਤੋਂ ਜਲਦ ਲੱਭਿਆ ਜਾਵੇ ਤਾਂ ਜੋ ਪਿੱਛੇ ਰਹਿ ਗਿਆ ਪਰਿਵਾਰ ਚਿੰਤਾ ਅਤੇ ਪਰੇਸ਼ਾਨੀ ਤੋਂ ਰਾਹਤ ਪਾ ਸਕੇ। ਪਰਿਵਾਰ ਦਾ ਕਹਿਣਾ ਹੈ ਕਿ ਲਾਪਤਾ ਵਿਅਕਤੀ ਦੀ ਗੈਰ ਹਾਜ਼ਰੀ ਕਾਰਨ ਘਰ ਦੇ ਮੈਂਬਰ ਮਾਨਸਿਕ ਤਣਾਅ ਵਿੱਚ ਹਨ ਅਤੇ ਹਰ ਪਲ ਉਸਦੀ ਸੁਰੱਖਿਅਤ ਵਾਪਸੀ ਦੀ ਉਡੀਕ ਕਰ ਰਹੇ ਹਨ। ਉਹਨਾਂ ਨੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਤੁਰੰਤ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਪਰਿਵਾਰ ਨੇ ਇਹ ਵੀ ਮੰਗ ਕੀਤੀ ਹੈ ਕਿ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਤੁਰੰਤ ਕਾਰਵਾਈ ਕੀਤੀ ਜਾਵੇ। ਪਰਿਵਾਰ ਵਾਲਿਆਂ ਦਾ ਕਹਿਣਾ ਹੈ ਕਿ ਜੇਕਰ ਕਿਸੇ ਵਿਅਕਤੀ ਜਾਂ ਗੁਨਾਹਗਾਰ ਦੇ ਕਾਰਨ ਉਹ ਘਰ ਛੱਡਣ ਲਈ ਮਜਬੂਰ ਹੋਇਆ ਹੈ, ਤਾਂ ਉਸ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਪਰਿਵਾਰਿਕ ਮੈਂਬਰਾਂ ਨੇ ਉਮੀਦ ਜਤਾਈ ਹੈ ਕਿ ਲੁਧਿਆਣਾ ਪੁਲਿਸ ਇਸ ਮਾਮਲੇ ਵਿੱਚ ਜਲਦ ਤੋਂ ਜਲਦ ਕਾਰਵਾਈ ਕਰਕੇ ਉਹਨਾਂ ਨੂੰ ਇਨਸਾਫ ਦਵਾਏਗੀ।

# ਬੀ.ਐਲ.ਓ. ਸਾਰੇ ਪੋਲਿੰਗ ਬੂਥਾਂ ’ਤੇ 7 ਜੂਨ ਨੂੰ ਲਗਾਉਣਗੇ ਵਿਸ਼ੇਸ਼ ਕੈਂਪ

ਲੁਧਿਆਣਾ, 31 ਮਈ (ਵਿਸ਼ਾਲ ਸ਼ਰਮਾ): ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਵੱਲੋਂ ਇਹ ਐਲਾਨ ਕੀਤਾ ਗਿਆ ਕਿ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.) ਵੋਟਰ ਮੈਪਿੰਗ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ 7 ਜੂਨ ਨੂੰ ਜ਼ਿਲ੍ਹੇ ਭਰ ਦੇ ਸਾਰੇ ਪੋਲਿੰਗ ਬੂਥਾਂ ’ਤੇ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਬੂਥ ਲੈਵਲ ਅਫ਼ਸਰ (ਬੀ.ਐਲ.ਓ.) ਨਾਗਰਿਕਾਂ ਨੂੰ ਉਨ੍ਹਾਂ ਦੇ ਵੋਟਰ ਆਈ.ਡੀ. ਵੇਰਵਿਆਂ ਦੀ ਪੁਸ਼ਟੀ ਕਰਨ ਅਤੇ ਸਬੰਧਤ ਮੁੱਦਿਆਂ ਨੂੰ ਹੱਲ ਕਰਨ ਵਿੱਚ ਸਹਾਇਤਾ ਕਰਨ ਲਈ ਆਪਣੇ-ਆਪਣੇ ਬੂਥਾਂ ’ਤੇ ਮੌਜੂਦ ਰਹਿਣਗੇ।

ਇੱਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਮੁੱਖ ਚੋਣ ਅਫ਼ਸਰ, ਪੰਜਾਬ ਦੁਆਰਾ ਸ਼ੁਰੂ ਕੀਤੀ ਗਈ ਪ੍ਰੀ-ਐਸ.ਆਈ.ਆਰ. ਅਭਿਆਸ ਤਹਿਤ 74.46 ਪ੍ਰਤੀਸ਼ਤ ਵੋਟਰ ਮੈਪਿੰਗ ਪ੍ਰਾਪਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਚੱਲ ਰਹੀ ਪ੍ਰਕਿਰਿਆ ਵਿੱਚ ਮੌਜੂਦਾ ਵੋਟਰ ਸੂਚੀ ਵਿੱਚ ਸੂਚੀਬੱਧ ਵੋਟਰਾਂ ਨੂੰ 2003 ਦੀ ਵੋਟਰ ਸੂਚੀ ਵਿੱਚ ਦਰਜ ਵੋਟਰਾਂ ਨਾਲ ਮਿਲਾਣ ਕਰਨਾ ਸ਼ਾਮਲ ਹੈ।

ਡਿਪਟੀ ਕਮਿਸ਼ਨਰ ਜੈਨ ਨੇ ਕਿਹਾ ਕਿ ਲੁਧਿਆਣਾ ਜ਼ਿਲ੍ਹੇ ਵਿੱਚ ਮੌਜੂਦਾ ਸਮੇਂ 26,90,839 ਰਜਿਸਟਰਡ ਵੋਟਰ ਹਨ, ਜਿਨ੍ਹਾਂ ਵਿੱਚੋਂ 20,03,539 ਪਹਿਲਾਂ ਹੀ ਬੀ.ਐਲ.ਓ. ਦੁਆਰਾ ਸਫਲਤਾਪੂਰਵਕ ਮੈਪ ਕੀਤੇ ਜਾ ਚੁੱਕੇ ਹਨ। ਸਾਰੇ ਚੋਣ ਰਜਿਸਟ੍ਰੇਸ਼ਨ ਅਧਿਕਾਰੀਆਂ (ਈ ਆਰ ਓਜ) ਨੂੰ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਬਾਕੀ ਰਹਿੰਦੇ ਪ੍ਰੀ-ਐਸ.ਆਈ.ਆਰ. ਵੋਟਰ ਮੈਪਿੰਗ ਦੇ ਕੰਮ ਨੂੰ ਪੂਰਾ ਕਰਨ ਦੇ ਨਿਰਦੇਸ਼ ਦਿੰਦਿਆਂ ਡਿਪਟੀ ਕਮਿਸ਼ਨਰ ਜੈਨ ਨੇ ਭਾਰਤ ਚੋਣ ਕਮਿਸ਼ਨ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਨ ’ਤੇ ਜ਼ੋਰ ਦਿੱਤਾ। ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਬੀ.ਐਲ.ਓਜ ਨੂੰ ਪੂਰਾ ਸਹਿਯੋਗ ਦੇਣ, ਜੋ ਇਸ ਅਭਿਆਸ ਦੇ ਹਿੱਸੇ ਵਜੋਂ ਘਰ-ਘਰ ਜਾ ਕੇ ਜਾ ਰਹੇ ਹਨ ਅਤੇ ਚੋਣ ਰਿਕਾਰਡਾਂ ਦੀ ਸਹੀ ਤਸਦੀਕ ਅਤੇ ਮੈਪਿੰਗ ਦੀ ਸਹੂਲਤ ਲਈ ਜ਼ਰੂਰੀ ਦਸਤਾਵੇਜ਼ ਪ੍ਰਦਾਨ ਕਰਨ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਵੋਟਰ 2003 ਦੀ ਵੋਟਰ ਸੂਚੀ ਵਿੱਚ ਆਪਣੇ ਵੇਰਵੇ ਭਾਰਤੀ ਚੋਣ ਕਮਿਸ਼ਨ ਦੇ ECINET ਪੋਰਟਲ ਜਾਂ ਮੁੱਖ ਚੋਣ ਅਧਿਕਾਰੀ, ਪੰਜਾਬ ਦੀ ਔਨਲਾਈਨ ਖੋਜ ਸਹੂਲਤ ਰਾਹੀਂ ਖੋਜ ਸਕਦੇ ਹਨ। ਵੋਟਰ ਤਸਦੀਕ ਪ੍ਰਕਿਰਿਆ ਨਾਲ ਸਬੰਧਤ ਕਿਸੇ ਵੀ ਜਾਣਕਾਰੀ, ਸੁਝਾਅ ਜਾਂ ਸ਼ਿਕਾਇਤ ਲਈ, ਨਾਗਰਿਕ ਟੋਲ-ਫ੍ਰੀ ਨੰਬਰ 1950 ’ਤੇ ਡਾਇਲ ਕਰਕੇ ਵੋਟਰ ਹੈਲਪਲਾਈਨ ਨਾਲ ਵੀ ਸੰਪਰਕ ਕਰ ਸਕਦੇ ਹਨ। ਮੀਟਿੰਗ ਵਿੱਚ ਗਲਾਡਾ ਦੇ ਮੁੱਖ ਪ੍ਰਸ਼ਾਸਕ ਓਜਸਵੀ ਅਲੰਕਾਰ, ਵਧੀਕ ਡਿਪਟੀ ਕਮਿਸ਼ਨਰ ਪੂਨਮ ਸਿੰਘ, ਅਮਿਤ ਬੈਂਬੀ ਅਤੇ ਡਾ. ਨਰਿੰਦਰ ਸਿੰਘ ਧਾਲੀਵਾਲ, ਐਸ ਡੀ ਐਮ ਜਸਲੀਨ ਕੌਰ ਭੁੱਲਰ, ਉਪਿੰਦਰਜੀਤ ਕੌਰ ਬਰਾੜ, ਪ੍ਰੀਤ ਇੰਦਰ ਬੈਂਸ ਅਤੇ ਖੁਸ਼ਪ੍ਰੀਤ ਸਿੰਘ, ਅਸਟੇਟ ਅਫਸਰ ਅਮਨ ਗੁਪਤਾ, ਸੰਯੁਕਤ ਕਮਿਸ਼ਨਰ ਵਿਨੀਤ ਕੁਮਾਰ ਅਤੇ ਤਪਨ ਭਨੋਟ ਸਮੇਤ ਵੱਖ-ਵੱਖ ਵਿਭਾਗਾਂ ਦੇ ਮੁਖੀ ਸ਼ਾਮਲ ਸਨ।

# ਕਹਾਣੀਕਾਰ ਲਾਲ ਸਿੰਘ ਦੀ ਵਿਚਾਰਧਾਰਾ ਅਤੇ ਬਿਰਤਾਂਤ ਵਿਸ਼ੇ ’ਤੇ ਪ੍ਰਵਾਸੀ ਸਾਹਿਤਕਾਰ ਬਿੰਦਰ ਕੋਲੀਆਂ ਵਾਲਾ (ਇਟਲੀ) ਨਾਲ ਰੂਬਰੂ

ਦਸੂਹਾ, 31 ਮਈ (ਰਾਜਿੰਦਰ ਸਿੰਘ ਦਸੂਹਾ): ਅੱਜ ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਦਸੂਹਾ ਵੱਲੋਂ ਪੰਜਾਬੀ ਕਹਾਣੀ ਸਾਹਿਤ ਦੇ ਪ੍ਰਸਿੱਧ ਕਹਾਣੀਕਾਰ ਲਾਲ ਸਿੰਘ ਦੀ ਸਾਹਿਤਕ ਦੇਣ, ਵਿਚਾਰਧਾਰਾ ਅਤੇ ਵਿਰਤਾਂਤਕ ਕਲਾ ਬਾਰੇ ਪ੍ਰਵਾਸੀ ਸਾਹਿਤਕਾਰ ਬਿੰਦਰ ਕੋਲੀਆਂ ਵਾਲਾ ਨਾਲ ਇੱਕ ਵਿਸ਼ੇਸ਼ ਰੂਬਰੂ ਸਮਾਗਮ ਕੀਤਾ ਗਿਆ। ਆਪਣੇ ਵਿਚਾਰਾਂ ਵਿੱਚ ਪ੍ਰਵਾਸੀ ਸਾਹਿਤਕਾਰ ਬਿੰਦਰ ਕੋਲੀਆਂ ਵਾਲਾ ਕਿਹਾ ਕਿ ਲਾਲ ਸਿੰਘ ਦੀਆਂ ਕਹਾਣੀਆਂ ਪੰਜਾਬ ਦੇ ਆਮ ਲੋਕਾਂ ਦੇ ਜੀਵਨ, ਸਮਾਜਿਕ ਸੰਘਰਸ਼ਾਂ ਅਤੇ ਮਨੁੱਖੀ ਸਰੋਕਾਰਾਂ ਨੂੰ ਬੜੀ ਸੰਵੇਦਨਸ਼ੀਲਤਾ ਅਤੇ ਯਥਾਰਥਵਾਦ ਨਾਲ ਪੇਸ਼ ਕਰਦੀਆਂ ਹਨ। ਬਿੰਦਰ ਕੋਲੀਆਂ ਵਾਲਾ ਨੇ ਕਿਹਾ ਕਿ ਲਾਲ ਸਿੰਘ ਦੀ ਵਿਚਾਰਧਾਰਾ ਮਨੁੱਖੀ ਕਦਰਾਂ-ਕੀਮਤਾਂ, ਸਮਾਜਿਕ ਬਰਾਬਰੀ ਅਤੇ ਇਨਸਾਫ਼ ਦੇ ਸਿਧਾਂਤਾਂ ਨਾਲ ਜੁੜੀ ਹੋਈ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਜੀਵਨ ਦੀਆਂ ਜਟਿਲਤਾਵਾਂ, ਪਿੰਡਾਂ ਦੇ ਬਦਲਦੇ ਸਰੂਪ ਅਤੇ ਆਮ ਮਨੁੱਖ ਦੇ ਦੁੱਖ-ਸੁੱਖ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਉਕੇਰਿਆ ਗਿਆ ਹੈ। ਇਸ ਮੌਕੇ ਪ੍ਰਸਿੱਧ ਲੇਖਕ ਮੋਹਨ ਸਿੰਘ ਮੋਤੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਲਾਲ ਸਿੰਘ ਦਾ ਵਿਰਤਾਂਤ ਸਧਾਰਨ ਹੋਣ ਦੇ ਬਾਵਜੂਦ ਪਾਠਕ ਨੂੰ ਆਪਣੇ ਨਾਲ ਜੋੜ ਕੇ ਰੱਖਣ ਦੀ ਸਮਰੱਥਾ ਰੱਖਦਾ ਹੈ। ਪਾਤਰਾਂ ਦੀ ਸਿਰਜਣਾ, ਸੰਵਾਦਾਂ ਦੀ ਸਹਿਜਤਾ ਅਤੇ ਕਥਾ ਦੇ ਪ੍ਰਵਾਹ ਵਿੱਚ ਉਨ੍ਹਾਂ ਦੀ ਵਿਲੱਖਣ ਪਹਿਚਾਣ ਬਣਦੀ ਹੈ। ਉਨ੍ਹਾਂ ਦੀਆਂ ਕਹਾਣੀਆਂ ਕੇਵਲ ਸਾਹਿਤਕ ਰਚਨਾਵਾਂ ਨਹੀਂ ਸਗੋਂ ਸਮੇਂ ਅਤੇ ਸਮਾਜ ਦੇ ਦਸਤਾਵੇਜ਼ ਵੀ ਹਨ। ਇਸ ਮੌਕੇ ਗਲਪਕਾਰ ਸੁਰਿੰਦਰ ਸਿੰਘ ਨੇਕੀ ਨੇ ਕਿਹਾ ਕਿ ਲਾਲ ਸਿੰਘ ਦਾ ਕਹਾਣੀ-ਸਾਹਿਤ ਪੰਜਾਬੀ ਅਦਬ ਦੀ ਅਹਿਮ ਧਰੋਹਰ ਹੈ ਅਤੇ ਨਵੀਂ ਪੀੜ੍ਹੀ ਲਈ ਪ੍ਰੇਰਨਾ ਦਾ ਸਰੋਤ ਬਣਿਆ ਰਹੇਗਾ। ਉਨ੍ਹਾਂ ਦੀਆਂ ਰਚਨਾਵਾਂ ਉੱਤੇ ਹੋਰ ਖੋਜ ਅਤੇ ਚਰਚਾ ਹੋਣੀ ਚਾਹੀਦੀ ਹੈ ਤਾਂ ਜੋ ਪੰਜਾਬੀ ਸਾਹਿਤ ਦੀ ਇਸ ਅਮੋਲ ਵਿਰਾਸਤ ਨੂੰ ਵਿਆਪਕ ਪੱਧਰ ’ਤੇ ਪਹੁੰਚਾਇਆ ਜਾ ਸਕੇ। ਇਸ ਮੌਕੇ ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ ( ਰਜਿ.) ਦਸੂਹਾ ਦੇ ਪ੍ਰਧਾਨ ਅਮਰਜੀਤ ਸਿੰਘ ਨੇ ਇਟਲੀ ਸਾਹਿਤ ਸਭਾ ਅਤੇ ਪ੍ਰਵਾਸੀ ਸਾਹਿਤਕਾਰਾਂ ਦਾ ਆਪਣੇ ਪਿਤਾ ਕਹਾਣੀਕਾਰ ਲਾਲ ਸਿੰਘ ਦਸੂਹਾ ਨੂੰ ਸਰਧਾਂਜਲੀ ਅਰਪਿਤ ਕਰਨ ਅਤੇ ਯਾਦ ਰੱਖਣ ਲਈ ਦਿਲੋਂ ਧੰਨਵਾਦ ਕੀਤਾ ਸਮੂਹ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਸਾਹਿਤਕ ਸਮਾਗਮ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਬਹੁਤ ਮਹੱਤਵਪੂਰਨ ਹਨ। ਇਸ ਮੌਕੇ ਮੰਚ ਪ੍ਰਧਾਨ ਅਮਰਜੀਤ ਸਿੰਘ , ਗਲਪਕਾਰ ਸੁਰਿੰਦਰ ਸਿੰਘ ਨੇਕੀ , ਦਲਬੀਰ ਸਿੰਘ ਭੁੱਲਰ, ਭੁਪਿੰਦਰ ਸਿੰਘ ਰਾਜਾ, ਗੁਰਪ੍ਰੀਤ ਸਿੰਘ ਸਹੋਤਾ, ਅਮਰਜੀਤ ਸਿੰਘ ਖਾਕ ਸਮੇਤ ਕਈ ਲੇਖਕ , ਬੁੱਧੀਜੀਵੀ ਅਤੇ ਸਾਹਿਤਕਾਰ ਹਾਜ਼ਰ ਸਨ । ਇਸ ਮੌਕੇ ਉਹਨਾਂ ਕਹਾਣੀਕਾਰ ਲਾਲ ਸਿੰਘ ਦਸੂਹਾ ਦੀਆਂ ਅਣਛਪੀਆਂ ਕਹਾਣੀਆਂ ਦਾ ਸੰਗ੍ਰਹਿ *ਯੁੱਧਵੀਰ* ਰਿਲੀਜ਼ ਕੀਤਾ।

# ਪਰਚਾ ਦਰਜ ਹੋਣ ਤੋਂ ਬਾਅਦ ਵੀ ਹਮਲਾਵਰਾਂ ਦਾ ਹੰਗਾਮਾ, ਡਾਂਗਾਂ-ਰਾੜਾਂ ਨਾਲ ਪਹੁੰਚੇ ਹਮਲਾ ਕਰਨ, ਸਾਹਨੇਵਾਲ ਪੁਲਿਸ ਦੇ ਹੱਥ ਖਾਲੀ



ਸਾਹਨੇਵਾਲ ਕੁਹਾੜਾ, 31 ਮਈ (ਕੁਲਦੀਪ ਸਿੰਘ ਕੁਹਾੜਾ) : ਥਾਣਾ ਸਾਹਨੇਵਾਲ ’ਚ ਔਰਤ ’ਤੇ ਜਾਨਲੇਵਾ ਹਮਲੇ ਦਾ ਪਰਚਾ ਦਰਜ ਹੋਣ ਦੇ ਬਾਵਜੂਦ ਦੋਸ਼ੀਆਂ ਦੇ ਹੌਸਲੇ ਬੁਲੰਦ ਹਨ। ਪੀੜਤ ਔਰਤ ਸੁਖਵਿੰਦਰ ਕੌਰ ਦੇ ਪਰਿਵਾਰ ਦਾ ਦੋਸ਼ ਹੈ ਕਿ ਕੇਸ ਦਰਜ ਹੋਣ ਤੋਂ ਅਗਲੇ ਦਿਨ ਵੀ ਹਮਲਾਵਰਾਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਘਰ ਦੇ ਬਾਹਰ ਹੰਗਾਮਾ ਕੀਤਾ ਤੇ ਡਾਂਗਾਂ-ਰਾੜਾਂ ਨਾਲ ਦਰਵਾਜ਼ੇ ਭੰਨਣ ਦੀ ਕੋਸ਼ਿਸ਼ ਕੀਤੀ।

ਵਾਰਡ ਨੰ. 03, ਪੁਰਾਣਾ ਬਜ਼ਾਰ ਇਲਾਕੇ ਦੀ ਰਹਿਣ ਵਾਲੀ 52 ਸਾਲਾ ਸੁਖਵਿੰਦਰ ਕੌਰ ਨੇ ਦੱਸਿਆ ਕਿ 28 ਮਈ ਨੂੰ ਰੇਨੂੰ, ਸੰਦੀਪ ਕੌਰ, ਕਰਨਵੀਰ ਸਿੰਘ ਸਮੇਤ 8 ਲੋਕਾਂ ਨੇ ਪੁਰਾਣੀ ਰੰਜਿਸ਼ ਤੇ ਗਲੀ ’ਚ ਖੜ੍ਹੀ ਬੱਸ ਦੇ ਵਿਵਾਦ ਨੂੰ ਲੈ ਕੇ ਉਸ ’ਤੇ ਹਮਲਾ ਕੀਤਾ ਸੀ। ਇਸ ਸਬੰਧੀ ਥਾਣਾ ਸਾਹਨੇਵਾਲ ’ਚ FIR ਨੰ. 169 ਮਿਤੀ 30-05-2026 ਨੂੰ BNS ਦੀ ਧਾਰਾ 115(2), 332(3), 191(3), 190, 351(1)(3) ਤਹਿਤ ਕੇਸ ਦਰਜ ਹੋਇਆ ਸੀ।

ਪੀੜਤਾ ਦਾ ਦੋਸ਼ ਹੈ ਕਿ ਪਰਚਾ ਦਰਜ ਹੋਣ ਦੇ ਬਾਵਜੂਦ ਅਗਲੇ ਦਿਨ ਵੀ ਮੁਲਜ਼ਮਾਂ ਨੇ ਕੁਝ ਅਣਪਛਾਤੇ ਵਿਅਕਤੀਆਂ ਨੂੰ ਨਾਲ ਲਿਆ ਕੇ ਹੱਥਾਂ ’ਚ ਡਾਂਗਾਂ ਤੇ ਰਾੜਾਂ ਫੜ ਕੇ ਉਸ ਦੇ ਘਰ ਦੇ ਬਾਹਰ ਹੰਗਾਮਾ ਕੀਤਾ। ਦੋਸ਼ੀਆਂ ਨੇ ਜ਼ੋਰ-ਜ਼ੋਰ ਨਾਲ ਦਰਵਾਜ਼ੇ ਖੜਕਾਏ ਤੇ ਧਮਕੀਆਂ ਦਿੱਤੀਆਂ, ਜਿਸ ਕਾਰਨ ਪੂਰਾ ਪਰਿਵਾਰ ਦਹਿਸ਼ਤ ’ਚ ਹੈ।

ਪੁਲਿਸ ’ਤੇ ਸਵਾਲ : ਪੀੜਤ ਪਰਿਵਾਰ ਦਾ ਕਹਿਣਾ ਹੈ ਕਿ ਵਾਰ-ਵਾਰ ਸ਼ਿਕਾਇਤ ਦੇਣ ਦੇ ਬਾਵਜੂਦ ਸਾਹਨੇਵਾਲ ਪੁਲਿਸ ਹਮਲਾਵਰਾਂ ਨੂੰ ਫੜਨ ’ਚ ਨਾਕਾਮ ਰਹੀ ਹੈ। ਮੁਲਜ਼ਮ ਖੁੱਲ੍ਹੇ ਘੁੰਮ ਰਹੇ ਹਨ ਤੇ ਪੀੜਤਾਂ ਨੂੰ ਲਗਾਤਾਰ ਡਰਾ-ਧਮਕਾ ਰਹੇ ਹਨ।

ਇਸ ਸਬੰਧੀ ਜਦੋਂ ਜਾਂਚ ਅਧਿਕਾਰੀ ਸ.ਥ. ਗੁਰਮੀਤ ਸਿੰਘ ਨਾਲ ਗੱਲ ਕਰਨੀ ਚਾਹੀ ਤਾਂ ਸੰਪਰਕ ਨਹੀਂ ਹੋ ਸਕਿਆ। ਪੀੜਤ ਪਰਿਵਾਰ ਨੇ ਉੱਚ ਅਧਿਕਾਰੀਆਂ ਤੋਂ ਨਿਜੀ ਸੁਰੱਖਿਆ ਤੇ ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ।

# ਵਪਾਰੀਆਂ ਦੀਆਂ ਸ਼ਿਕਾਇਤਾਂ ਦਾ ਤੁਰੰਤ ਹੱਲ ਕੀਤਾ ਜਾਵੇ : ਡੀ.ਸੀ.



ਲੁਧਿਆਣਾ, 31 ਮਈ (ਵਿਸ਼ਾਲ ਸ਼ਰਮਾ): ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਸ਼ਨੀਵਾਰ ਨੂੰ ਸਾਰੇ ਸਬੰਧਤ ਵਿਭਾਗਾਂ ਨੂੰ ਪੰਜਾਬ ਸਰਕਾਰ ਦੇ ਸ਼ਿਕਾਇਤ ਪੋਰਟਲ ਰਾਹੀਂ ਵਪਾਰੀਆਂ ਦੁਆਰਾ ਦਰਜ ਕਰਵਾਈਆਂ ਗਈਆਂ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਇੱਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ, ਜੈਨ ਨੇ ਵਪਾਰੀ ਭਾਈਚਾਰੇ ਨੂੰ ਦਰਪੇਸ਼ ਮੁੱਦਿਆਂ ਦੇ ਤੁਰੰਤ ਹੱਲ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ ਅਤੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਵਪਾਰ-ਅਨੁਕੂਲ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਅਸਲ ਸ਼ਿਕਾਇਤਾਂ ਦੇ ਹੱਲ ਵਿੱਚ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਦੇਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਨੇ ਵਿਭਾਗਾਂ ਵਿਚਕਾਰ ਪ੍ਰਭਾਵਸ਼ਾਲੀ ਤਾਲਮੇਲ ਦੀ ਮਹੱਤਤਾ ’ਤੇ ਜ਼ੋਰ ਦਿੱਤਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਜ਼ਮੀਨੀ ਪੱਧਰ ’ਤੇ ਮੁੱਦਿਆਂ ਨੂੰ ਪਹਿਲ ਦੇ ਆਧਾਰ ’ਤੇ ਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬਿਹਤਰ ਸੰਚਾਰ ਅਤੇ ਅੰਤਰ-ਵਿਭਾਗੀ ਸਹਿਯੋਗ ਤੇਜ਼ ਅਤੇ ਵਧੇਰੇ ਕੁਸ਼ਲ ਹੱਲ ਦੀ ਸਹੂਲਤ ਦੇਵੇਗਾ। ਮੀਟਿੰਗ ਦੌਰਾਨ, ਜੈਨ ਨੇ ਪੀਐਸਪੀਸੀਐਲ, ਪੁਲਿਸ, ਐਨਐਚਏਆਈ, ਨਗਰ ਨਿਗਮ, ਲੁਧਿਆਣਾ ਸੁਧਾਰ ਟਰੱਸਟ, ਗਲਾਡਾ, ਜਲ ਸਪਲਾਈ ਅਤੇ ਸੀਵਰੇਜ ਬੋਰਡ ਅਤੇ ਹੋਰਾਂ ਸਮੇਤ ਵਿਭਾਗਾਂ ਨੂੰ ਲੰਬਿਤ ਸ਼ਿਕਾਇਤਾਂ ’ਤੇ ਤੁਰੰਤ ਕਾਰਵਾਈ ਕਰਨ ਅਤੇ ਉਨ੍ਹਾਂ ਦੇ ਜਲਦੀ ਨਿਪਟਾਰੇ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਪਾਰਦਰਸ਼ੀ ਅਤੇ ਸਮਾਂਬੱਧ ਸ਼ਿਕਾਇਤ ਨਿਵਾਰਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਜੈਨ ਨੇ ਕਿਹਾ ਕਿ ਵਪਾਰੀਆਂ ਅਤੇ ਸਰਕਾਰੀ ਵਿਭਾਗਾਂ ਵਿਚਕਾਰ ਤਾਲਮੇਲ ਨੂੰ ਮਜ਼ਬੂਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ, ਨਾਲ ਹੀ ਜ਼ਮੀਨੀ ਪੱਧਰ ’ਤੇ ਜਨਤਕ ਸੇਵਾਵਾਂ ਦੀ ਪ੍ਰਭਾਵਸ਼ਾਲੀ ਡਿਲੀਵਰੀ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਜਵਾਬਦੇਹੀ ਨੂੰ ਯਕੀਨੀ ਬਣਾਉਣ ਅਤੇ ਸੇਵਾ ਦੇ ਮਿਆਰਾਂ ਨੂੰ ਬਿਹਤਰ ਬਣਾਉਣ ਲਈ ਸ਼ਿਕਾਇਤਾਂ ਦੀ ਨਿਯਮਤ ਨਿਗਰਾਨੀ ਕੀਤੀ ਜਾਵੇਗੀ। ਇਸ ਮੌਕੇ ਮੌਜੂਦ ਪ੍ਰਮੁੱਖ ਵਿਅਕਤੀਆਂ ਵਿੱਚ ਗਲਾਡਾ ਦੇ ਮੁੱਖ ਪ੍ਰਸ਼ਾਸਕ ਓਜਸਵੀ ਅਲੰਕਾਰ, ਏਡੀਸੀ ਪੂਨਮ ਸਿੰਘ, ਅਮਿਤ ਬੰਬੀ, ਡਾ. ਨਰਿੰਦਰ ਸਿੰਘ ਧਾਲੀਵਾਲ, ਐਸਡੀਐਮ ਜਸਲੀਨ ਕੌਰ ਭੁੱਲਰ, ਉਪਿੰਦਰਜੀਤ ਕੌਰ ਬਰਾੜ, ਪ੍ਰੀਤ ਇੰਦਰ ਬੈਂਸ, ਖੁਸ਼ਪ੍ਰੀਤ ਸਿੰਘ, ਅਸਟੇਟ ਅਫਸਰ ਅਮਨ ਗੁਪਤਾ, ਸੰਯੁਕਤ ਕਮਿਸ਼ਨਰ ਵਿਨੀਤ ਕੁਮਾਰ, ਤਪਨ ਭਨੋਟ ਅਤੇ ਵੱਖ-ਵੱਖ ਵਿਭਾਗਾਂ ਦੇ ਮੁਖੀ ਸ਼ਾਮਲ ਸਨ।

# ਸਿਰਲੇਖਵਾਰ ਇਸ਼ਤਿਹਾਰ /Classified Advertisement

**(U/o 5 Rule 20 CPC)**
**In The Court of Hon'ble Tarjani Civil Judge (Junior Division), Amritsar**
CNR NO. PBAS02-004710-2024
Next Date: 10.07.2026
Bank of Baroda
Versus
Raju
Notice to: Raju :-Bahadur Singh House No 553, Dashmesh Avenue, Majitha Road, Amritsar
In above titled case the defendant(s)/respondent(s) that defendant(s)/respondent(s) should appear in person or through counsel on 10.07.2026 at 10:00 A.M.
for details logon to https://highcourtchd.gov.in/?trs=district_ notice &district=Amritsar
Dated this day of 14-05-2026
**Sd/- Civil Judge (Junior Division), Amritsar**

---

**(U/o 5 Rule 20 CPC)**
**In The Court of Sh. Pritpal Singh Principal Judge Family Court, Gurdaspur**
CNR No.PBGD01-012982-2025
Next Date: 10.07.2026
GW/81/2025
Balwinder Kaur
Versus
General Public
Notice to: General Public:- General Public
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 10.07.2026 at 10:00 am. For details logon to https://highcourtchd.gov.in/?mod=district_notice&district=Gurdaspur
Dated this day of 13-05-2026
**Sd/- Principal Judge Family Court, Gurdaspur**

---

**(U/o 5 Rule 20 CPC)**
**In The Court of Ms. Ranjeet Kaur Additional Principal Judge Family Court, Garhshankar**
CNR No.PBHOF3-000317-2025
Next Date: 10.07.2026
Court Order Date, 07-11-2025
GW/19/2025
Kuljit Kaur Aged 30 year wife of Parminder Kumar s/o Harbans Lal r/o Village Kala Bakra Tehsil and District Jalandhar at present residing her parental house at village pakhowal tehsil Garhshankar District Hoshiarpur
Petitioner.
Versus
1. Parminder Kumar S/o Harbans Lal R/o Village Kala Bakra Tehsil and District Jalandhar. 2. General Public
Respondent
Notice to: General Public
In above titled Petition the respondent could not be served. It is ordered that the respondent should appear in person or through counsel on **10.**07.2026 at 10:00 A.M.
For details logon to https://highcourtchd.gov.in/?mod=district_notice&district=Hoshiarpur
Dated this day of 01-05-2026
**Sd/- Additional Principal Judge Family Court, Garhshankar**

---

**(U/o 5 Rule 20 CPC)**
**In The Court of Sh. Baljinder Singh Maan**
**Principal Judge Family Court, Shaheed Bhagat Singh Nagar**
CNR No.PBSB01-001462-2026
Next Date: 08.07.2026
GW/20/2026
Ashish Soni
Versus
Dimple Verma
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **08.**07.2026 at 10:00 A.M.
For details logon to https://highcourtchd.gov.in/?mod=district_notice&district=sbsnagar
Dated, this day of 28-04-2026
**Sd/- Principal Judge Family Court, Shaheed Bhagat Singh Nagar**

---

**(U/o 5 Rule 20 CPC)**
**(Succession Case)**
**In The Court of Sh. Gurbhinder Singh Johal**
**Additional Civil Judge (Senior Division), Phillaur**
CNR No:-PBJLB0-001367-2025
Next Date: 07.07.2026
Surinder Kaur W/o Jagtar Singh R/o Village Katana, Tehsil Phillaur District Jalandhar
Versus
General Public
Notice to: General Public
In above titled case the defendant(s)respondent(s) could not be served. It is ordered that defendant(s)respondent(s) should appear in person or through counsel on **07.**07.2026 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 23-04-2026
**Sd/- Additional Civil Judge (Senior Division), Phillaur**

---

**(U/o 5 Rule 20 CPC)**
**In The Court of Sh. Baljinder Singh Maan**
**Principal Judge Family Court, Shaheed Bhagat Singh Nagar**
CNR No.PBSB01-001172-2026
Next Date: 07.07.2026
GW/16/2026
Konika
Versus
Yash Sharma
Notice to: General Public
In above titled case the defendant(s)respondent(s) could not be served. It is ordered that defendant(s)respondent(s) should appear in person or through counsel on **07.**07.2026 at 10:00 A.M.
For details logon to https://highcourtchd.gov.in/?mod=district_notice&district=sbsnagar
Dated this day of 27-04-2026
**Sd/- Principal Judge Family Court, Shaheed Bhagat Singh Nagar**

---

**(U/o 5 Rule 20 CPC)**
**In The Court of Sh. Palwinder Singh**
**Additional Civil Judge (Senior Division), Ajnala**
CNR No.PBASA0-000246-2026
Next Date: 07.07.2026
Khem Singh etc.
Versus
General Public etc.
Notice to: General Public etc.:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **07.**07.2026 at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 01-05-2026
**Sd/- Additional Civil Judge (Senior Division), Ajnala**

---

**(U/o 5 Rule 20 CPC)**
**In The Court of Sh. Pankaj Verma Additional Civil Judge (Senior Division), Tarn Taran**
**Next Date, purpose of case, Orders and Judgments as well as other case information is available on http://districts.ecourts.gov.in**
CNR NO. PBTT02-002508-2023
Next Date: 08.07.2026
Simarjit Kaur
Versus
Mindho
Notice to: 1.Sarabjit Singh Father:- Saudagar Singh R/O Village Usma Tehsil And District Tarn Taran 2. Amarjit Singh 3. Gurmeet Singh 2,3 Both Sons Of Saudagar Singh S/O Mewa Singh Both R/O Village Usma, Tehsil And District Tarn Taran 4. Rajinder Singh S/O Bahadar Singh R/O Dubai
In above titled case the defendant(s)/respondent(s) that defendant(s)/respondent(s) should appear in person or through counsel on 08.07.2026 at 10:00 A.M.
for details logon to https://highcourtchd.gov.in/?trs=district_ notice &district=Tarn Taran
Dated this day of 24-04-2026
**Sd/- Additional Civil Judge (Senior Division), Tarn Taran**

---

**(U/o 5 Rule 20 CPC)**
**In The Court of Ms. Lovejinder Kaur**
**Additional Civil Judge (Senior Division), Balachaur**
CNR No.PBSBA0-000283-2024
Next Date: 07.07.2026
CS/186/2024
Director, National Health Mission Punjab
Versus
Rita Singla
Notice to: 1. Rita Singla Wife Of Varinder Singh 2. Varinder Singh Son Of Ranjeet Singh Both Resident Of Flat No. 9A, Ground Floor, Saachi Homes, NH 21, Inside City Heart, Kharar Distt. SAS Nagar Mohali
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 07.07.2026 at 10:00 am. For details logon to https://highcourtchd.gov.in/?mod=district_notice&district=mogacourt
Dated this day of 18-04-2026
**Sd/- Additional Civil Judge (Senior Division), Balachaur**

---

**(U/o 5 Rule 20 CPC)**
**In The Court of Ms. Harsimranjit Kaur**
**Civil Judge (Junior Division), Phillaur**
CNR No.PBJLB0-001118-2025
Next Date: 07.07.2026
Satnam Singh S/O Pargan Singh R/O Vill. Masani, Teh. Phillaur Distt. Jalandhar
Versus
Hardeep Singh Dhindsa S/O Joginder Singh R/O Vill.. Rehpal Teh. Banga Distt. SBS Nagar
Notice to: Hardeep Singh Dhindsa S/O Joginder Singh R/O Vill Rehpal Teh. Banga Distt. SBS Nagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **07.**07.2026 at 10:00 A.M.
For details logon to https://highcourtchd.gov.in/?mod=district_notice&district=Jalandhar
Dated this day of 27-04-2026
**Sd/- Civil Judge (Junior Division), Phillaur**

---

**(U/o 5 Rule 20 CPC)**
**In The Court of Ms. Deepika Singh**
**Additional Principal Judge Family Court, Bathinda**
CNR No.PBBT01-012994-2025
Next Date: 07.07.2026
Nancy
Versus
Ravinder Kumar
Notice to: Ravinder Kumar Father::- Charanjit Saharan R/O H.No- B-18/63, Ibrahim Basti, Near Karyam Road, SBS Nagar Nawan Shehar-144514
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **07.**07.2026 at 10:00 A.M.
For details logon to https://highcourtchd.gov.in/?mod=district_notice&district=Bathinda
Dated, this day of 27-04-2026
**Sd/- Additional Principal Judge Family Court, Bathinda**

---

**(U/o 5 Rule 20 CPC)**
**In The Court of Ms. Ranjeet Kaur Additional Principal Judge Family Court, Garhshankar**
CNR No:-PBHOF3-000335-2025
Next Date: 10.07.2026
Court Order Date:- 14-11-2025
GW/21/2025
Poonam Kumari Age 32 Years D/O Jasvir Kumar R/O Village Bhagat Pur, Tehsil Garhshankar, District Hoshiarpur Through His Lawful Attorney (Her Father) Sh. Jasvir Kumar S/O Sadhu Ram R/O Bhagtpur, Tehsil Garhshankar, Dist. Hoshiarpur.
Petitioner
Versus
1. Hardeep Singh Age 33 Years S/O Sukhdev Singh R/O Aiman Jattan, Tehsil Garhshankar, Distt. Hoshiarpur Himself And Through His Lawful Attorney Roma Rani W/O Mangi R/o Opposite Delicious Bite Restaurant, Banga Road, Garhshankar, Tehsil Garhshankar, Distt. Hoshiarpur. 2. General Public.
Respondent.
Notice to: General Public
In above titled case the respondent could not be served. It is ordered that defendant (s) respondent (s) should appear in person or through counsel on **10.**07.2026 at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 01-05-2026
**Sd/- Additional Principal Judge Family Court, Garhshankar**

## ਛੱਪੜਾਂ ਦੀ ਬੋਲੀ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਲਾਕ ਝੁਨੀਰ (ਮਾਨਸਾ) ਦੇ ਪਿੰਡ ਸਾਹਨੇਵਾਲੀ ਦੇ ਤਿੰਨ ਛੱਪੜਾਂ ਦੀ ਖੁੱਲ੍ਹੀ ਬੋਲੀ ਮਿਤੀ 05/06/2026 ਦਿਨ ਸ਼ੁੱਕਰਵਾਰ ਨੂੰ ਪਿੰਡ ਦੇ ਗੁਰੂ ਘਰ ਦੇ ਹਾਲ ਵਿਖੇ ਸਵੇਰੇ 10:00 ਵਜੇ ਰੱਖੀ ਗਈ ਹੈ। ਬੋਲੀ ਵਿੱਚ ਹਿੱਸਾ ਲੈਣ ਵਾਲੇ ਵਿਅਕਤੀਆਂ ਤੋਂ ਪਹਿਲਾਂ 20000 ਹਜ਼ਾਰ ਰੁਪਏ ਸਿਕਿਓਰਟੀ ਲਈ ਜਾਵੇਗੀ ਅਤੇ ਬਾਕੀ ਬੋਲੀ ਦੀਆਂ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ। ਬੋਲੀ ਦੇਣ ਦੇ ਚਾਹਵਾਨ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹਨ।
ਸੰਪਰਕ .. ਸਰਪੰਚ ਪਰਵਿੰਦਰ ਕੌਰ 9876256174
ਸੈਕਟਰੀ.... ਹਰਦੀਪ ਸਿੰਘ 9872161516

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਬੰਦੀ ਸਿੰਘਾਂ ਦੀ ਰਿਹਾਈ, ਕਰਤਾਰਪੁਰ ਲਾਂਘਾ, ਐਸਜੀਪੀਸੀ ਚੋਣਾਂ, ਕਿਸਾਨ-ਮਜ਼ਦੂਰਾਂ ਸਮੇਤ ਕਈ ਮੁੱਦੇ ਚੁੱਕੇ ਜਾਣਗੇ : ਪੂਣੀਆਂ, ਤਰਖਾਣ ਮਾਜਰਾ

ਫਤਿਹਗੜ੍ਹ ਸਾਹਿਬ, 31 ਮਈ (ਨਰਿੰਦਰ ਸਿੰਘ)- ਪੰਜਾਬ ਦੇ ਲੰਬੇ ਸਮੇਂ ਤੋਂ ਲਟਕ ਰਹੇ ਅਤੇ ਭਖਦੇ ਮੁੱਦਿਆਂ ਦੇ ਹੱਲ ਲਈ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵੱਲੋਂ ਇੱਕ ਵੱਡੇ ਜਨ ਸੰਘਰਸ਼ ਦੀ ਤਿਆਰੀ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸੂਬਾ ਜਨਰਲ ਸਕੱਤਰ ਰਣਵੀਰ ਸਿੰਘ ਪੂਣੀਆਂ ਅਤੇ ਜ਼ਿਲ੍ਹਾ ਪ੍ਰਧਾਨ ਮਨਦੀਪ ਸਿੰਘ ਤਰਖਾਣ ਮਾਜਰਾ ਨੇ ਫਤਿਹਗੜ੍ਹ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦਿੱਤੀ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਹੱਕਾਂ ਅਤੇ ਲੋਕਾਂ ਨਾਲ ਜੁੜੇ ਗੰਭੀਰ ਮਸਲਿਆਂ ਨੂੰ ਲੈ ਕੇ ਪਾਰਟੀ ਲੰਬੇ ਸਮੇਂ ਤੋਂ ਆਵਾਜ਼ ਉਠਾਉਂਦੀ ਆ ਰਹੀ ਹੈ, ਪਰ ਸਰਕਾਰਾਂ ਵੱਲੋਂ ਇਨ੍ਹਾਂ ਮੰਗਾਂ ਨੂੰ ਅਣਡਿੱਠਾ ਕੀਤਾ ਜਾ ਰਿਹਾ ਹੈ। ਇਸ ਲਈ ਹੁਣ ਪਾਰਟੀ ਨੇ ਜਨ ਅੰਦੋਲਨ ਦਾ ਰਾਹ ਅਪਨਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ 2 ਜੂਨ ਨੂੰ ਸਵੇਰੇ ਕਰੀਬ 10 ਵਜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫਤਿਹਗੜ੍ਹ ਸਾਹਿਬ ਵਿਖੇ ਕੋਰ ਕਮੇਟੀ ਮੈਂਬਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ ਦੀ ਅਗਵਾਈ ਵਿੱਚ ਇਕੱਠੇ ਹੋ ਕੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਨੂੰ ਪੰਜਾਬ ਦੇ ਰਾਜਪਾਲ ਦੇ ਨਾਮ ਮੰਗ ਪੱਤਰ ਸੌਂਪਿਆ ਜਾਵੇਗਾ। ਇਸ ਮੰਗ ਪੱਤਰ ਵਿੱਚ ਪੰਜਾਬ ਦੇ ਅਹਿਮ ਅਤੇ ਲੰਬੇ ਸਮੇਂ ਤੋਂ ਲਟਕਦੇ ਮੁੱਦਿਆਂ ਦੇ ਹੱਲ ਦੀ ਮੰਗ ਕੀਤੀ ਜਾਵੇਗੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਮੰਗ ਪੱਤਰ ਵਿੱਚ ਬੰਦੀ ਸਿੰਘਾਂ ਦੀ ਰਿਹਾਈ, ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਪੱਕੇ ਤੌਰ @ਤੇ ਖੋਲ੍ਹਣ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਤੁਰੰਤ ਕਰਵਾਉਣ, ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਮੰਗਾਂ ਦਾ ਹੱਲ ਕਰਨ, ਬਾਘਾ ਬਾਰਡਰ ਅਤੇ



ਹੁਸੈਨੀਵਾਲਾ ਬਾਰਡਰ ਰਾਹੀਂ ਵਪਾਰ ਮੁੜ ਸ਼ੁਰੂ ਕਰਨ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਦੇਣ ਅਤੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿੱਚ ਸ਼ਾਮਲ ਕਰਨ ਦੀ ਮੰਗ ਸ਼ਾਮਲ ਹੋਵੇਗੀ। ਇਸ ਤੋਂ ਇਲਾਵਾ ਪੰਜਾਬ ਦੇ ਦਰਿਆਈ ਪਾਣੀਆਂ ਦੇ ਹੱਕਾਂ ਦੀ ਰਾਖੀ, ਬਿਜਲੀ ਨਾਲ ਸਬੰਧਤ ਮਸਲਿਆਂ ਦੇ ਸਥਾਈ ਹੱਲ ਅਤੇ ਸੂਬੇ ਦੇ ਆਰਥਿਕ ਹਿੱਤਾਂ ਦੀ ਸੁਰੱਖਿਆ ਲਈ ਵੀ ਰਾਜਪਾਲ ਅਤੇ ਕੇਂਦਰ ਸਰਕਾਰ ਦਾ ਧਿਆਨ ਖਿੱਚਿਆ ਜਾਵੇਗਾ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਹੱਕਾਂ ਅਤੇ ਲੋਕਾਂ ਦੇ ਮੁੱਦਿਆਂ 'ਤੇ ਕੋਈ ਵੀ ਸਮਝੌਤਾ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਸਰਕਾਰਾਂ ਨੇ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਅੰਤ ਵਿੱਚ ਉਨ੍ਹਾਂ ਪਾਰਟੀ ਦੇ ਸਮੂਹ ਵਰਕਰਾਂ, ਅਹੁਦੇਦਾਰਾਂ ਅਤੇ ਪੰਜਾਬ ਪੱਖੀ ਸੋਚ ਰੱਖਣ ਵਾਲੇ ਲੋਕਾਂ ਨੂੰ 2 ਜੂਨ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੇ ਹੱਕਾਂ ਦੀ ਲੜਾਈ ਨੂੰ ਮਜ਼ਬੂਤ ਕਰਨ ਲਈ ਸਭ ਦਾ ਸਹਿਯੋਗ ਜ਼ਰੂਰੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਤੇਜ ਸਿੰਘ ਮਹਿਦੂਦਾ ਮੈਂਬਰ ਵਰਕਿੰਗ ਕਮੇਟੀ, ਦਲਬਾਰਾ ਸਿੰਘ ਰੰਧਾਵਾ ਮੀਤ ਪ੍ਰਧਾਨ , ਗੁਰਦੇਵ ਸਿੰਘ ਵਿਰਕ ਸਰਕਲ ਪ੍ਰਧਾਨ , ਗੁਰਮੇਲ ਸਿੰਘ ਭਗੜਾਣਾ ਜਥੇਬੰਧਕ ਸਕੱਤਰ ਸੁਰਿੰਦਰ ਸਿੰਘ ਸੁਹਾਗਹੇੜੀ ਸਰਕਲ ਪ੍ਰਧਾਨ , ਹਰਮੇਲ ਸਿੰਘ ਰੰਘੇੜਾ ਸਰਕਲ ਪ੍ਰਧਾਨ , ਅਮਰਜੀਤ ਸਿੰਘ ਮੂਡਰੀਆ , ਕਸਮੀਰ ਸਿੰਘ ਬਿਲਾਸ ਪੁਰ , ਜਰਨੈਲ ਸਿੰਘ ਨਬੀ ਪੁਰ ਸਰਕਲ ਪ੍ਰਧਾਨ , ਸੁਰਜੀਤ ਸਿੰਘ ਚਨਾਰਥਲ ਸਰਕਲ ਪ੍ਰਧਾਨ , ਜਸਪਾਲ ਸਿੰਘ ਦਾਦੂ ਮਾਜਰਾ ਸਰਕਲ ਪ੍ਰਧਾਨ , ਗੁਰਧਰਮ ਸਿੰਘ ਦਾਦੂ ਮਾਜਰਾ , ਸਤਬੀਰ ਸਿੰਘ ਸਾਲਾਨਾ ਦੁੱਲਾ ਸਿੰਘ ਵਾਲਾ, ਪਰਮਜੀਤ ਸਿੰਘ ਸਾਲਾਨਾ ਦਾਰਾ ਸਿੰਘ ਵਾਲਾ, ਸਰਕਲ ਪ੍ਰਧਾਨ ਕੇਸਰ ਸਿੰਘ , ਜਗਦੀਸ ਰਾਣਾ ਸਰਕਲ ਪ੍ਰਧਾਨ, ਮਾਜਟਰ ਅਜੀਤ ਸਿੰਘ ਸਰਕਲ ਪ੍ਰਧਾਨ , ਜਸਵੀਰ ਸਿੰਘ ਸਰਕਲ ਪ੍ਰਧਾਨ , ਹਰਪਾਲ ਸਿੰਘ ਜਮੀਤਗੜ੍ਹ ਸਰਕਲ ਪ੍ਰਧਾਨ, ਮੀਤ ਪ੍ਰਧਾਨ ਮਾਸਟਰ ਚਰਨਜੀਤ ਸਿੰਘ ਖਾਲਸਪੁਰ ਆਦੀ ਹਾਜ਼ਰ ਸਨ।

# ਲੋਕ ਸੇਵਾ ਸੁਸਾਇਟੀ ਵੱਲੋਂ ਲਗਾਇਆ ਗਿਆ ਮੈਡੀਕਲ ਚੈੱਕਅਪ ਕੈਂਪ ਸੰਪੰਨ : ਰਸ਼ਪਾਲ ਸਿੰਘ ਚਰੜ

ਟਾਂਡਾ ਉੜਮੁੜ 31 ਮਈ (ਅਰਜੁਨ ਜੈਨ)- ਹਰ ਬਿਮਾਰੀ ਤੋਂ ਪੀੜਤ ਇਲਾਕੇ ਦੇ ਮਰੀਜ਼ਾਂ ਨੂੰ ਡਾਕਟਰੀ ਸਹਾਇਤਾ ਮੁਹਈਆ ਕਰਵਾਉਣ ਲਈ ਲੋਕ ਸੇਵਾ ਵੈਲਫੇਅਰ ਸੋਸਾਇਟੀ ਦੇ ਸਰਪ੍ਰਸਤ ਰਸ਼ਪਾਲ ਸਿੰਘ ਚਰੜ ਦੀ ਅਗਵਾਈ ਵਿੱਚ ਮਾਂ ਮਾਤੇਸ਼ਵਰੀ ਚਿੰਤਪੁਰਨੀ ਮੰਦਿਰ ਢੋਲਵਾਹਾ ਜਨੋੜੀ ਦੇ ਸੰਸਥਾਪਕ ਠਾਕੁਰ ਰਵੀ ਗਾਂਧੀ ਤੋਂ ਇਲਾਵਾ ਹੋਰ ਨਾਮਵਰ ਸ਼ਖ਼ਸੀਅਤਾਂ ਦੇ ਸਹਿਯੋਗ ਨਾਲ ਬਾਬਾ ਬੂਟਾ ਭਗਤ ਹਾਲ ਉੜਮੁੜ ਵਿਖੇ ਲਗਾਇਆ ਗਿਆ ਮੁਫਤ ਮੈਡੀਕਲ ਚੈੱਕਅਪ ਕੈਂਪ ਬੜੀ ਧੂਮਧਾਮ ਅਤੇ ਸ਼ਾਨੋ ਸ਼ੌਕਤ ਨਾਲ ਸੰਪੰਨ ਹੋ ਨਿਬੜਿਆ। ਇਸ ਵਿਸ਼ਾਲ ਮੈਡੀਕਲ ਕੈਂਪ ਵਿੱਚ ਰਿਟਾ: ਡਿਪਟੀ ਡਾਇਰੈਕਟਰ ਹੈਲਥ ਪੰਜਾਬ ਡਾਕਟਰ ਕੇਵਲ ਸਿੰਘ ਕਾਜਲ, ਸ਼੍ਰੋਮਣੀ ਅਕਾਲੀ ਦਲ ਬਾਦਲ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ, ਸ਼ਿਵ ਸੈਨਾ ਪੰਜਾਬ ਉੱਤਰ ਭਾਰਤ ਪ੍ਰਧਾਨ ਮਿੱਕੀ ਪੰਡਿਤ, ਅਖਿਲ ਵਾਲਮੀਕਿ ਧਰਮ ਸਮਾਜ ਪੰਜਾਬ ਦੇ ਸੀਨੀਅਰ ਚੇਅਰਮੈਨ ਗਗਨ ਭੱਟੀ, ਸ਼ਿਵ ਸੈਨ ਹਿੰਦੁਸਤਾਨ ਦੇ ਪੰਜਾਬ ਯੂਥ ਪ੍ਰਧਾਨ ਰਾਹੁਲ ਖੰਨਾ, ਜਵਾਹਰ ਖੁਰਾਣਾ, ਭਾਜਪਾ ਕਾਰਜ ਕਮੇਟੀ ਮੈਂਬਰ ਪਰਮਜੀਤ ਠਾਕੁਰ, ਮਨਦੀਪ ਕੌਰ ਟਾਂਗਰਾ, ਬਾਬਾ ਸੁਖਦੇਵ ਸਿੰਘ ਬੇਦੀ, ਐਸ.ਪੀ ਹਰਵਿੰਦਰ ਸਿੰਘ ਡੱਲੀ, ਸ਼੍ਰੀ 108 ਸੰਜੀਵਾ ਨੰਦ ਸਰਸਵਤੀ ਜੀ ਮਹਾਰਾਜ, ਸ਼੍ਰੀ 108 ਸੰਤ ਨਰੇਸ਼ ਗਿਰ ਜੀ ਮਹਾਰਾਜ, ਭਾਜਪਾ ਦੇ ਯੁਵਾ ਨੇਤਾ ਉਪਕਾਰ ਸਿੰਘ ਬਾਵਾ, ਹਰਜੀਤ ਸਿੰਘ ਖਾਲਸਾ, ਸੁਰਜੀਤ ਸਿੰਘ ਚਰੜ, ਰਵੀ ਚਰੜ, ਬੱਬੂ ਕੰਗ, ਮਨਜਿੰਦਰ ਸਿੰਘ ਮਣੀ, ਯਾਦਵਿੰਦਰ ਸਿੰਘ ਢੀਂਡਸਾ, ਜਸਕਰਨ ਸਿੰਘ ਤੋਂ ਇਲਾਵਾ ਹੋਰ ਉੱਘੀਆਂ ਸ਼ਖਸੀਅਤਾਂ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਈਆਂ। ਹਾਜਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਸੋਸਾਇਟੀ ਦੇ ਸਰਪ੍ਰਸਤ ਰਸ਼ਪਾਲ ਸਿੰਘ ਚਰੜ ਨੇ ਕਿਹਾ ਕਿ ਸਾਡੀ ਸੋਸਾਇਟੀ ਵੱਲੋਂ ਲਗਾਏ ਗਏ ਇਸ ਕੈਂਪ ਵਿੱਚ ਇਲਾਕੇ ਭਰ ਦੇ ਮਰੀਜ਼ਾਂ ਨੇ ਬੜੇ ਉਤਸ਼ਾਹ ਨਾਲ ਸ਼ਾਮਿਲ ਹੋ ਕੇ ਜਿੱਥੇ ਆਪਣੀਆਂ ਬਿਮਾਰੀਆਂ ਦਾ ਪੂਰਾ ਇਲਾਜ ਕਰਵਾਇਆ ਹੈ ਉਥੇ ਬਿਮਾਰੀਆਂ ਤੋਂ ਪਰਹੇਜ ਕਰਨ ਸਬੰਧੀ ਡਾਕਟਰਾਂ ਨਾਲ ਸਲਾਹ ਮਸ਼ਵਰਾ ਵੀ ਕੀਤਾ। ਉਨ੍ਹਾਂ ਕਿਹਾ ਕਿ ਮੌਸਮ ਖਰਾਬ ਹੋਣ ਦੇ ਬਾਵਜੂਦ ਵੀ ਇਸ ਕੈਂਪ ਵਿੱਚ ਮਰੀਜ਼ਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਉਨ੍ਹਾਂ ਕਿਹਾ ਕਿ ਸਾਡੀ ਸੋਸਾਇਟੀ ਵੱਲੋਂ ਇਲਾਕੇ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਵਿੱਚ ਅਜਿਹੇ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ ਤਾਂ ਜੋ ਮਹਿੰਗੇ ਇਲਾਜ ਤੋਂ ਵੰਚਿਤ ਹਰ ਗਰੀਬ ਲਾਚਾਰ ਮਰੀਜ਼ ਇਨ੍ਹਾਂ ਕੈਂਪਾਂ ਰਾਹੀਂ ਆਪਣੀਆਂ ਬਿਮਾਰੀਆਂ ਦਾ ਪੂਰਾ-ਪੂਰਾ ਇਲਾਜ ਕਰਵਾ ਸਕਣ। ਠਾਕੁਰ ਰਵੀ ਗਾਂਧੀ ਨੇ ਲੋਕ ਸੇਵਾ ਵੈਲਫੇਅਰ ਸੋਸਾਇਟੀ ਦੇ ਸਰਪ੍ਰਸਤ ਰਸ਼ਪਾਲ ਸਿੰਘ ਚਰੜ ਨੂੰ ਇਸ ਕੈਂਪ ਦੀ ਕਾਮਯਾਬੀ ਲਈ ਵਧਾਈ ਦਿੰਦੇ ਹੋਏ ਕਿਹਾ ਕਿ ਸੋਸਾਇਟੀ ਨੇ ਅਜਿਹੇ ਕੈਂਪਾਂ ਦੀ ਜਿਹੜੀ ਮੁਹਿੰਮ ਸ਼ੁਰੂ ਕੀਤੀ ਹੈ ਅਸੀਂ ਉਮੀਦ ਕਰਦੇ ਹਾਂ ਕਿ ਉਹ ਅਗਾਂਹ ਵੀ ਅਜਿਹੇ ਕਾਮਯਾਬ ਕੈਂਪ ਲਗਾਉਂਦੇ ਰਹਿਣਗੇ ਤਾਂ ਜੋ ਇਲਾਕੇ ਦੇ ਦੂਰ ਦਰਾਜ ਵਾਲੇ ਜਿਹੜੇ ਮਰੀਜ਼ ਵੱਡੇ ਹਸਪਤਾਲਾਂ ਦੇ ਖਰਚੇ ਕਰਨ ਵਿੱਚ ਅਸਮਰਥ ਹਨ ਉਹ ਲੋਕ ਇਨ੍ਹਾਂ ਕੈਂਪਾਂ ਵਿੱਚ ਆ ਕੇ ਆਪਣੀ ਬਿਮਾਰੀ ਦਾ ਪੂਰਾ-ਪੂਰਾ ਇਲਾਜ ਕਰਵਾ ਸਕਣਗੇ। ਉਨ੍ਹਾਂ ਨੇ ਸੋਸਾਇਟੀ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਜਿਹੜੀਆਂ ਵੀ ਸੰਸਥਾਵਾਂ ਅਜਿਹੇ ਕੈਂਪਾਂ ਦਾ ਆਯੋਜਨ ਕਰਦੀਆਂ ਹਨ ਸਾਡੀ ਮੰਦਿਰ ਕਮੇਟੀ ਤਨਦੇਹੀ ਨਾਲ ਉਨ੍ਹਾਂ ਨੂੰ ਆਪਣਾ ਪੂਰਾ ਪੂਰਾ ਸਹਿਯੋਗ ਦਿੰਦੀ ਹੈ ਅਤੇ ਹਮੇਸ਼ਾ ਦਿੰਦੀ ਰਹੇਗੀ। ਕੈਂਪ ਦੇ ਆਖਰ ਵਿੱਚ ਰਸ਼ਪਾਲ ਸਿੰਘ ਚਰੜ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ ਸਨਮਾਨਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਇਸ ਵਿਸ਼ਾਲ ਕੈਂਪ ਵਿੱਚ ਵੱਖ-ਵੱਖ ਬਿਮਾਰੀਆਂ ਦੀਆਂ ਡਾਕਟਰੀ ਟੀਮਾਂ ਨੇ ਕਰੀਬ 500 ਮਰੀਜ਼ਾਂ ਦਾ ਜਨਰਲ ਅਤੇ ਕੈਂਸਰ ਦੇ 200 ਮਰੀਜ਼ਾਂ ਤੋਂ ਇਲਾਵਾ 50 ਪਹਿਲਵਾਨਾਂ ਦੀ ਬਾਡੀ ਦਾ ਚੈੱਕਅਪ ਕਰਕੇ ਜਰੂਰਤਮੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਕੈਂਪ ਦੌਰਾਨ ਮਰੀਜ਼ਾਂ ਦੇ ਮੁਫਤ ਟੈਸਟ ਕਰਕੇ ਉਨ੍ਹਾਂ ਨੂੰ ਹਰ ਪ੍ਰਕਾਰ ਦੀ ਜਾਣਕਾਰੀ ਮੁਹਈਆ ਕਰਵਾਈ ਗਈ। ਕੈਂਪ ਦੌਰਾਨ ਸਾਰਾ ਦਿਨ ਚਾਹ ਪਾਣੀ ਰੋਟੀ ਆਦਿ ਦਾ ਅਤੁੱਟ ਲੰਗਰ ਵਰਤਾਇਆ ਗਿਆ।


PSPCL
# Punjab State Power Corporation Limited
(ਰਜਿ. ਦਫਤਰ: ਪੀ.ਐਸ.ਈ.ਬੀ., ਹੈਡ ਆਫਿਸ, ਦੀ ਮਾਲ, ਪਟਿਆਲਾ-147001)
Corporate Identification No.: U40109PB2010SGC033813, Website: www.pspcl.in

**ਪਬਲਿਕ ਨੋਟਿਸ**

ਗਰਮੀ ਅਤੇ ਝੋਨੇ ਦੇ ਮੌਸਮ ਦੌਰਾਨ ਬਿਜਲੀ ਖਪਤਕਾਰਾਂ ਦੀ ਸਹੂਲਤ ਅਤੇ ਬਿਜਲੀ ਸਪਲਾਈ ਦੀ ਨਿਗਰਾਨੀ ਲਈ
**ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ**
ਨੇ ਜੋਨਲ ਪੱਧਰ ਅਤੇ ਮੁੱਖ ਦਫਤਰ ਪਟਿਆਲਾ ਵਿਖੇ ਬਿਜਲੀ ਸਮੱਸਿਆ ਦੇ ਹੱਲ ਲਈ 24x7 ਪੈਡੀ ਕੰਟਰੋਲ ਰੂਮ ਸਥਾਪਿਤ ਕੀਤੇ ਹਨ।
ਬਿਜਲੀ ਦੇ ਬਿਲਾਂ ਅਤੇ ਬਿਜਲੀ ਸਪਲਾਈ ਸਬੰਧੀ ਸ਼ਿਕਾਇਤ ਦਰਜ ਕਰਨ ਲਈ

ਪੀ.ਐਸ.ਪੀ.ਸੀ.ਐਲ. ਮੋਬਾਈਲ ਐਪ ਦੀ ਵਰਤੋਂ ਕਰੋ ਜੋ ਗੂਗਲ ਪਲੇ ਸਟੋਰ ਅਤੇ ਐਪਲ ਐਪ ਸਟੋਰ ਤੇ ਉਪਲੱਬਧ
ਪੀਐਸਪੀਸੀਐਲ ਕੰਜ਼ਿਊਮਰ ਸਰਵਿਸਿਜ ਮੋਬਾਈਲ ਐਪ ਇੰਸਟਾਲ ਕਰੋ
ਹੁਣੇ ਮੋਬਾਈਲ ਫੋਨ ਦੇ ਕੈਮਰੇ ਰਾਹੀ QR (ਕਿਯੂ. ਆਰ.) ਕੋਡ ਸਕੈਨ ਕਰੋ।
ਜਾਂ
1912 ਤੇ ਫੋਨ ਜਾਂ ਐਸ.ਐਮ.ਐਸ ਕਰੋ
ਖਪਤਕਾਰ ਸਪਲਾਈ ਸਬੰਧੀ ਸ਼ਿਕਾਇਤ
ਟੋਲ ਫ੍ਰੀ ਨੰਬਰ: 1800-180-1512
ਤੇ ਮਿਸਡ ਕਾਲ ਰਾਂਹੀ ਜਾਂ
ਵਟਸਐਪ ਨੰਬਰ: 96461-01912
ਤੇ ਵੀ ਕਰ ਸਕਦੇ ਹੋ

1) ਫੋਨ ਕਾਲਾਂ ਦੀਆਂ ਲਾਇਨਾਂ ਰੁੱਝੀਆਂ ਹੋਣ ਦੀ ਸਥਿਤੀ ਵਿੱਚ ਆਟੋਮੇਟਿਕ ਸ਼ਿਕਾਇਤ ਦਰਜ ਕਰਵਾਉਣ ਲਈ 1912 ਤੇ "No Supply" ਲਿਖ ਕੇ ਮੈਸੇਜ ਕਰੋ।
2) ਆਪਣੇ ਇਲਾਕੇ ਦੀ ਬਿਜਲੀ ਸਪਲਾਈ ਸਬੰਧੀ ਸ਼ਿਕਾਇਤ ਦਰਜ ਕਰਣ ਅਤੇ ਸ਼ਿਕਾਇਤ ਦੀ ਸਥਿਤੀ ਦੀ ਜਾਣਕਾਰੀ ਲੈਣ ਲਈ ਪੀਐਸਪੀਸੀਐਲ ਕੰਜ਼ਿਯੂਮਰ ਸਰਵਸਿਜ਼ ਮੋਬਾਇਲ ਐਪ (PSPCL CONSUMER SERVICES MOBILE APP) ਦੀ ਵਰਤੋਂ ਕਰੋ।
3) ਜੇਕਰ ਤੁਸੀਂ ਆਪਣੀ ਸ਼ਿਕਾਇਤ ਦੇ ਨਿਪਟਾਰੇ ਤੋਂ ਸੰਤੁਸ਼ਟ ਨਹੀਂ ਤਾਂ ਆਪਣੀ ਟਿੱਪਣੀ ਪੀ.ਐਸ.ਪੀ.ਸੀ.ਐਲ ਕੰਜ਼ਿਯੂਮਰ ਸਰਵਸਿਜ਼ ਮੋਬਾਇਲ ਐਪ ਰਾਹੀ ਜਾਂ 1912 ਤੇ ਮੈਸੇਜ (ਐਸ.ਐਮ.ਐਸ) ਕਰ ਸਕਦੇ ਹੋ।
4) ਖਪਤਕਾਰ ਹੇਠ ਲਿਖੇ ਅਨੁਸਾਰ ਕੰਟਰੋਲ ਰੂਮ ਵਿਖੇ ਮੋਬਾਇਲ/ਲੈਂਡਲਾਇਨ ਨੰਬਰਾਂ ਤੇ ਵੀ ਸੰਪਰਕ ਕਰ ਸਕਦੇ ਹਨ:

| SR. NO. | OPERATION ZONE | MOBILE |
|---|---|---|
| 1. | ਮੁੱਖ ਇੰਜੀਨੀਅਰ ਦੱਖਣ ਜੋਨ (ਪਟਿਆਲਾ, ਸੰਗਰੂਰ, ਬਰਨਾਲਾ, ਮਲੇਰਕੋਟਲਾ, ਰਾਜਪੁਰਾ) | 96461-48833, 96461-46400 |
| 2. | ਮੁੱਖ ਇੰਜੀਨੀਅਰ ਪੂਰਬ ਜੋਨ (ਰੋਪੜ, ਮੋਹਾਲੀ, ਜ਼ੀਰਕਪੁਰ, ਨੰਗਲ, ਲਾਲੜੂ ) | 96461-20435, 96461-20407 |
| 3. | ਮੁੱਖ ਇੰਜੀਨੀਅਰ ਸੈਂਟਰਲ ਜੋਨ (ਲੁਧਿਆਣਾ, ਖੰਨਾ, ਫਤਿਹਗੜ੍ਹ ਸਾਹਿਬ) | 96461-22070, 96461-22158, 96461-21408, 96461-21409 |
| 4. | ਮੁੱਖ ਇੰਜੀਨੀਅਰ ਉੱਤਰ ਜੋਨ (ਜਲੰਧਰ, ਨਵਾਂਸ਼ਹਿਰ, ਕਪੂਰਥਲਾ, ਹੁਸ਼ਿਆਰਪੁਰ) | 96461-14414, 96461-16679, 96461-21415, 96461-21416, 0181-2220924 |
| 5. | ਮੁੱਖ ਇੰਜੀਨੀਅਰ ਪੱਛਮ ਜੋਨ (ਬਠਿੰਡਾ, ਫਰੀਦਕੋਟ, ਮੁਕਤਸਰ, ਫਿਰੋਜ਼ਪੁਰ, ਮੋਗਾ, ਮਾਨਸਾ, ਫਾਜ਼ਿਲਕਾ) | 96461-85267, 96466-96300, 96461-21396, 96461-21398 |
| 6. | ਮੁੱਖ ਇੰਜੀਨੀਅਰ ਬਾਰਡਰ ਜੋਨ (ਅੰਮ੍ਰਿਤਸਰ, ਤਰਨ-ਤਾਰਨ, ਗੁਰਦਾਸਪੁਰ, ਪਠਾਨਕੋਟ) | 01832212425, 96461-82959, 96461-21404 |
| 7. | ਮੁੱਖ ਦਫਤਰ (ਪੀਐਸਪੀਸੀਐਲ, ਪਟਿਆਲਾ) | 96461-06835, 96461-06836 |

ਖਪਤਕਾਰ ਸੇਵਾ ਕੇਂਦਰ ਦਾ ਈ-ਮੇਲ ਪਤਾ: 1912@pspcl.in

Facebook fb.com/pspclpb
X.com X.com/pspclpb
Instagram instagram.com/PSPCLPb
Youtube https://youtube.com/@pspclpb
Whats App 96461 06835
Mobile App PSPCL Consumer Services
(Available on Google Play Store / Apple App Store)

# ਬਠਿੰਡਾ ਦੇ ਪਿੰਡ ਕੋਟਫੱਤਾ ਵਿੱਚ ਖ਼ੂਨੀ ਵਾਰਦਾਤ : ਲਾਪਤਾ ਨੌਜਵਾਨ ਦੀ ਲਾਸ਼ ਨਾਲੇ 'ਚੋਂ ਮਿਲੀ, ਦੋ ਜਣੇ ਕਾਬੂ

## ਕਥਿਤ ਨਸ਼ੇੜੀ ਦੋਸਤਾਂ ਨੇ ਕੀਤਾ ਉਸ ਦੇ ਪੁੱਤ ਦਾ ਕਤਲ : ਗੁਰਜੀਤ ਸਿੰਘ



ਬਠਿੰਡਾ, 31 ਮਈ (ਦੀਪਕ ਸ਼ਰਮਾ) : ਨੇੜਲੇ ਪਿੰਡ ਕੋਟਫੱਤਾ ਵਿਖੇ ਇੱਕ ਅਠਾਰਾਂ ਸਾਲਾ ਨੌਜਵਾਨ ਦਾ ਕਤਲ ਕਰਕੇ ਲਾਸ਼ ਅਤੇ ਮੋਟਰਸਾਈਕਲ ਸੂਏ ਵਿੱਚ ਸੁੱਟਣ ਦਾ ਦੁਖਦਾਈ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਨੌਜਵਾਨ ਪਿਛਲੇ ਇੱਕ ਹਫ਼ਤੇ ਤੋਂ ਘਰੋਂ ਲਾਪਤਾ ਚੱਲ ਰਿਹਾ ਸੀ। ਸਥਾਨਕ ਪੁਲਿਸ ਨੇ ਖ਼ੁਫ਼ੀਆ ਕੈਮਰਿਆਂ ਦੇ ਰਿਕਾਰਡ ਦੇ ਆਧਾਰ 'ਤੇ ਪਿੰਡ ਦੇ ਹੀ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਮ੍ਰਿਤਕ ਦੇ ਪਿਤਾ ਗੁਰਜੀਤ ਸਿੰਘ ਵਾਸੀ ਕੋਟਸ਼ਮੀਰ ਨੇ ਪੁਲਿਸ ਕੋਲ ਬਿਆਨ ਦਰਜ ਕਰਵਾਉਂਦਿਆਂ ਦੱਸਿਆ ਕਿ ਕੋਟਫੱਤਾ ਦੇ ਰਹਿਣ ਵਾਲੇ ਸੰਦੀਪ ਸਿੰਘ ਅਤੇ ਵੀਰਕਨਵਰ ਢਿੱਲੋਂ ਨੇ ਉਸ ਦੇ ਪੁੱਤਰ ਅਮਰੀਕ ਸਿੰਘ ਉਰਫ਼ ਵਿੱਕੀ ਸਿੰਘ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਕਥਿਤ ਦੋਸ਼ੀਆਂ ਨੇ ਜੁਰਮ ਛੁਪਾਉਣ ਅਤੇ ਲਾਸ਼ ਨੂੰ ਖ਼ੁਰਦ-ਬੁਰਦ ਕਰਨ ਦੇ ਮਕਸਦ ਨਾਲ ਮੋਟਰਸਾਈਕਲ ਸਮੇਤ ਕੋਟਫੱਤਾ ਨਾਲੇ ਦੇ ਪੁਲ ਹੇਠਾਂ ਵਗਾ ਦਿੱਤਾ। ਨੌਜਵਾਨ ਲਗਭਗ ਤੇਈ ਮਈ ਤੋਂ ਲਾਪਤਾ ਸੀ।

ਸੂਏ ਵਿੱਚ ਮੋਟਰਸਾਈਕਲ ਅਤੇ ਲਾਸ਼ ਦੇਖੇ ਜਾਣ ਦੀ ਸੂਚਨਾ ਮਿਲਣ ਸਾਰ ਹੀ ਥਾਣਾ ਕੋਟਫੱਤਾ ਦੀ ਪੁਲਿਸ ਸਮੇਤ ਨੌਜਵਾਨ ਵੈਲਫੇਅਰ ਸੋਸਾਇਟੀ ਬਠਿੰਡਾ ਦੀ ਟੀਮ ਪ੍ਰਧਾਨ ਸੋਨੂੰ ਮਹੇਸ਼ਵਰੀ ਦੀ ਅਗਵਾਈ ਹੇਠ ਘਟਨਾ ਸਥਾਨ 'ਤੇ ਪਹੁੰਚੀ। ਸਮਾਜ ਸੇਵੀਆਂ ਨੇ ਭਾਰੀ ਜੱਦੋਜਹਿਦ ਮਗਰੋਂ ਬੇਹੱਦ ਗਲੀ-ਸੜੀ ਹਾਲਤ ਵਿੱਚ ਲਾਸ਼ ਨੂੰ ਬਾਹਰ ਕੱਢਿਆ। ਇੱਕ ਹਫ਼ਤਾ ਪਾਣੀ ਵਿੱਚ ਰਹਿਣ ਕਾਰਨ ਲਾਸ਼ ਵਿੱਚ ਲੱਖਾਂ ਕੀੜੇ ਪੈ ਚੁੱਕੇ ਸਨ ਅਤੇ ਚਿਹਰੇ ਦਾ ਮਾਸ ਗਲ਼ ਚੁੱਕਾ ਸੀ।

ਪੜਤਾਲੀਆ ਅਫ਼ਸਰ ਹਰਬੰਸ ਸਿੰਘ ਨੇ ਦੱਸਿਆ ਕਿ ਇਲਾਕੇ ਦੇ ਖ਼ੁਫ਼ੀਆ ਕੈਮਰੇ ਖੰਗਾਲਣ 'ਤੇ ਪਤਾ ਲੱਗਿਆ ਕਿ ਮ੍ਰਿਤਕ ਨੌਜਵਾਨ ਤੇਈ ਮਈ ਨੂੰ ਆਖ਼ਰਕਾਰ ਦੋ ਨੌਜਵਾਨਾਂ ਨਾਲ ਦੇਖਿਆ ਗਿਆ ਸੀ, ਜਿਨ੍ਹਾਂ ਬਾਰੇ ਮ੍ਰਿਤਕ ਦੇ ਪਿਤਾ ਨੇ ਦੋਸ਼ ਲਾਇਆ ਹੈ ਕਿ ਉਹ ਕਥਿਤ ਨਸ਼ੇੜੀ ਹਨ। ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਦੋਵਾਂ ਕਥਿਤ ਦੋਸ਼ੀਆਂ ਨੂੰ ਨਾਮਜ਼ਦ ਕਰਕੇ ਗ੍ਰਿਫ਼ਤਾਰ ਕਰ ਲਿਆ ਹੈ। ਸੰਸਥਾ ਦੇ ਮੈਂਬਰਾਂ ਨੇ ਮ੍ਰਿਤਕ ਦੇਹ ਨੂੰ ਪੋਸਟਮਾਰਟਮ ਪ੍ਰਕਿਰਿਆ ਲਈ ਸਿਵਲ ਹਸਪਤਾਲ ਪਹੁੰਚਾਇਆ ਹੈ।

# ਵੋਟਰ ਸੂਚੀ ਦਾ ਖਰੜਾ 3 ਅਗਸਤ ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ

ਬਰਨਾਲਾ, 31 ਮਈ ( ਬਘੇਲ ਸਿੰਘ ਧਾਲੀਵਾਲ) : ਭਾਰਤ ਚੋਣ ਕਮਿਸ਼ਨ ਵੱਲੋਂ ਪੰਜਾਬ ਰਾਜ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਦੀ ਸੋਧੀ ਹੋਈ ਸਮਾਂ ਸਾਰਣੀ ਜਾਰੀ ਕੀਤੀ ਗਈ ਹੈ। ਇਸ ਸਬੰਧੀ ਜਾਰੀ ਪ੍ਰੋਗਰਾਮ ਅਨੁਸਾਰ 1 ਅਕਤੂਬਰ 2026 ਨੂੰ ਯੋਗਤਾ ਮਿਤੀ ਮੰਨਦਿਆਂ ਵੋਟਰ ਸੂਚੀਆਂ ਦੀ ਸੁਧਾਈ ਕੀਤੀ ਜਾਵੇਗੀ। ਜ਼ਿਲ੍ਹਾ ਚੋਣਕਾਰ ਅਫ਼ਸਰ ਕਮ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਸੋਧੇ ਹੋਏ ਪ੍ਰੋਗਰਾਮ ਤਹਿਤ ਵੋਟਰ ਸੂਚੀਆਂ ਦਾ ਖਰੜਾ 31 ਜੁਲਾਈ ਦੀ ਜਗ੍ਹਾ 3 ਅਗਸਤ 2026 ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ। ਦਾਅਵੇ ਅਤੇ ਇਤਰਾਜ਼ 31 ਜੁਲਾਈ ਤੋਂ 30 ਅਗਸਤ 2026 ਦੀ ਬਜਾਏ 3 ਅਗਸਤ ਤੋਂ 2 ਸਤੰਬਰ 2026 ਤੱਕ ਪ੍ਰਾਪਤ ਕੀਤੇ ਜਾਣਗੇ ਜਦਕਿ ਇਨ੍ਹਾਂ ਦਾ ਨਿਪਟਾਰਾ 3 ਅਗਸਤ ਤੋਂ 28 ਸਤੰਬਰ 2026 ਤੱਕ ਕੀਤਾ ਜਾਵੇਗਾ। ਬਾਕੀ ਪ੍ਰੋਗਰਾਮ ਓਸੇ ਤਰ੍ਹਾਂ ਰਹੇਗਾ, ਜਿਸ ਤਹਿਤ 15 ਜੂਨ ਤੋਂ 24 ਜੂਨ 2026 ਤੱਕ ਤਿਆਰੀ, ਸਿਖਲਾਈ ਅਤੇ ਛਪਾਈ ਦਾ ਕੰਮ ਕੀਤਾ ਜਾਵੇਗਾ, ਜਦਕਿ 25 ਜੂਨ ਤੋਂ 24 ਜੁਲਾਈ 2026 ਤੱਕ ਬੂਥ ਲੈਵਲ ਅਫ਼ਸਰ (BLO) ਘਰ-ਘਰ ਜਾ ਕੇ ਵੋਟਰਾਂ ਦੀ ਜਾਣਕਾਰੀ ਦੀ ਤਸਦੀਕ ਕਰਨਗੇ ਅਤੇ ਲੋੜੀਂਦੇ ਦਸਤਾਵੇਜ਼ ਪ੍ਰਾਪਤ ਕਰਨਗੇ। ਅੰਤਿਮ ਵੋਟਰ ਸੂਚੀ 1 ਅਕਤੂਬਰ 2026 ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ। ਇਸ ਮੁਹਿੰਮ ਤਹਿਤ ਜ਼ਿਲ੍ਹਾ ਬਰਨਾਲਾ ਵਿੱਚ 558 ਬੀ.ਐੱਲ.ਓਜ਼ ਅਤੇ 58 ਸੁਪਰਵਾਈਜ਼ਰ, 3 ਈ.ਆਰ.ਓਜ਼ ਅਤੇ 3 ਏ.ਈ.ਆਰ.ਓਜ਼ ਸਮੇਤ ਹੋਰ ਸਹਾਇਕ ਚੋਣ ਅਮਲਾ ਲਗਾਇਆ ਗਿਆ ਹੈ। ਹਰੇਕ ਬੀ.ਐਲ.ਓ ਨੂੰ ਕਰੀਬ 300 ਘਰ ਅਤੇ ਕਰੀਬ 1200 ਵੋਟਰ ਹੀ ਐਸ.ਆਈ.ਆਰ ਲਈ ਦਿੱਤੇ ਗਏ ਹਨ।

# ਪੁਰਾਣੀ ਪੈਨਸ਼ਨ ਦੀ ਮੰਗ ਕਰ ਰਹੇ ਮੁਲਾਜ਼ਮਾਂ 'ਤੇ ਪੁਲਿਸ ਕਾਰਵਾਈ ਦਾ ਜਥੇਬੰਦੀਆਂ ਨੇ ਕੀਤਾ ਸਖ਼ਤ ਵਿਰੋਧ

ਬਰਨਾਲਾ, 31 ਮਈ (ਬਘੇਲ ਸਿੰਘ ਧਾਲੀਵਾਲ) : ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਭਗਵੰਤ ਮਾਨ ਸਰਕਾਰ ਨੇ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਅਤੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਵੱਲੋਂ ਚੰਡੀਗੜ੍ਹ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਕੀਤੇ ਜਾਣ ਵਾਲੇ ਮਾਰਚ ਮੌਕੇ ਪਾਣੀ ਦੀ ਬੁਛਾੜਾਂ ਨਾਲ ਸਵਾਗਤ ਕੀਤਾ। ਹਾਲੇ ਤਾਂ 15 ਮਈ ਨੂੰ ਕਿਸਾਨਾਂ ਉੱਤੇ ਛੱਡੀਆਂ ਗਈਆਂ ਪਾਣੀ ਦੀਆਂ ਬੁਛਾੜਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਦੀ ਸਿਆਹੀ ਵੀ ਨਹੀਂ ਸੀ ਸੁੱਕੀ। ਇਹ ਉਹੀ ਅਖੌਤੀ ਇਨਕਲਾਬੀ ਸਰਕਾਰ ਹੈ ਜਿਸ ਨੇ 2022 ਤੋਂ ਪਹਿਲਾਂ ਮੁਲਾਜ਼ਮਾਂ ਦੇ ਧਰਨਿਆਂ/ਰੈਲੀਆਂ ਵਿੱਚ ਆਕੇ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਵਾਅਦਾ ਕੀਤਾ ਸੀ। 4 ਸਾਲ ਤੋਂ ਵੱਧ ਸਮਾਂ ਬੀਤ ਜਾਣ ਬਾਅਦ ਵੀ ਇਸ ਅਖੌਤੀ ਇਨਕਲਾਬੀ ਸਰਕਾਰ ਨੇ ਲੰਗੜਾ ਲੂਲਾ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਅੱਗੇ ਇੱਕ ਵੀ ਕਦਮ ਨਹੀਂ ਚੁੱਕਿਆ। ਅਧਿਆਪਕ ਵਰਗ ਸਮੇਤ ਦਹਿ ਹਜ਼ਾਰਾਂ ਮੁਲਾਜ਼ਮਾਂ ਦਾ ਭਵਿੱਖ ਧੁੰਦਲਾ ਕਰਨ ਵਾਲੀ ਸਰਕਾਰ ਦੇ ਵਾਅਦਿਆਂ/ਲਾਰਿਆਂ ਤੋਂ ਅੱਕੇ ਇਹ ਮੁਲਾਜ਼ਮ ਸੰਘਰਸ਼ ਨੂੰ ਅੱਗੇ ਵਧਾ ਰਹੇ ਹਨ। ਅੱਜ ਪੁਲਿਸ ਵੱਲੋਂ ਛੱਡੀਆਂ ਗਈਆਂ ਪਾਣੀ ਦੀਆਂ ਤੇਜ਼ ਬੁਛਾੜਾਂ ਨਾਲ ਡੀਟੀਐਫ ਦੇ ਸੂਬਾ ਆਗੂ ਬੇਅੰਤ ਸਿੰਘ ਫੂਲੇਵਾਲਾ ਸਮੇਤ ਵੱਡੀ ਗਿਣਤੀ ਵਿੱਚ ਆਗੂਆਂ ਦੀਆਂ ਪੱਗਾਂ ਲੱਥ ਗਈਆਂ। ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਸਾਥੀ ਨਰਾਇਣ ਦੱਤ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ, ਪ੍ਰੈਸ ਸਕੱਤਰ ਅੰਗਰੇਜ਼ ਸਿੰਘ ਭਦੌੜ, ਸੂਬਾ ਸਕੱਤਰ ਕੁਲਵੰਤ ਸਿੰਘ ਕਿਸ਼ਨਗੜ੍ਹ ਡੀ ਐਮ ਐਫ ਦੇ ਸਾਬਕਾ ਸੂਬਾ ਆਗੂ ਗੁਰਮੀਤ ਸਿੰਘ ਸੁਖਪੁਰਾ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਆਗੂ ਹਰਚਰਨ ਸਿੰਘ ਚਹਿਲ, ਬਿੱਕਰ ਸਿੰਘ ਔਲਖ, ਪਰਮਜੀਤ ਕੌਰ ਜੋਧਪੁਰ, ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ ਦੇ ਸੂਬਾ ਆਗੂ ਸਤਿੰਦਰਪਾਲ ਸਿੰਘ ਜੱਸੜ, ਕੁਲਵੀਰ ਸਿੰਘ ਔਲਖ, ਪਾਵਰਕੌਮ ਪੈਨਸ਼ਨਰਜ਼ ਐਸੋਸੀਏਸ਼ਨ ਦੇ ਆਗੂ ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ, ਬਲਵੰਤ ਸਿੰਘ ਬਰਨਾਲਾ ਨੇ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਪੰਜਾਬ ਸਰਕਾਰ ਨੂੰ ਸਖ਼ਤ ਲਹਿਜੇ ਵਿੱਚ ਮੁਲਾਜ਼ਮਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਮੰਨਣ ਦੀ ਚਿਤਾਵਨੀ ਦਿੰਦਿਆਂ ਕਿਹਾ ਕਿ ਪੁਲਿਸ ਜ਼ਬਰ ਨਾਲ ਜੂਝ ਰਹੇ ਕਾਫ਼ਲਿਆਂ ਦੇ ਹੱਕੀ ਸੰਘਰਸ਼ ਨੂੰ ਦਬਾਇਆ ਨਹੀਂ ਜਾ ਸਕੇਗਾ ਸਗੋਂ ਇਸ ਸੰਘਰਸ਼ ਦਾ ਘੇਰਾ ਹੋਰ ਵਿਸ਼ਾਲ ਅਤੇ ਤਿੱਖਾ ਹੋਵੇਗਾ।

# ਵਾਰਡ ਨੰਬਰ 7 ਤੋਂ ਜੇਤੂ ਕੌਂਸਲਰ ਰਿਤੂ ਸ਼ਰਮਾ ਦਾ ਧੰਨਵਾਦੀ ਦੌਰਾ

ਭਦੌੜ, 31 ਮਈ(ਸੁਖਵਿੰਦਰ ਧਲਾਹਾਂ) : ਪਿਛਲੇ ਦਿਨੀਂ 26 ਮਈ ਨੂੰ ਹੋਇਆਂ ਨਗਰ ਕੌਂਸਲ ਚੋਣਾਂ ਵਿੱਚ ਜੇਤੂ ਹੋਏ ਆਮ ਆਦਮੀ ਪਾਰਟੀ ਵੱਲੋਂ ਕੀਤੀ ਗਈ ਹੂੰਝਾ ਫੇਰ ਜਿੱਤ ਤੋਂ ਬਾਅਦ ਕੌਂਸਲਰਾਂ ਵੱਲੋਂ ਆਪਣੇ ਆਪਣੇ ਵਾਰਡਾਂ ਵਿੱਚ ਧੰਨਵਾਦੀ ਦੌਰੇ ਸ਼ੁਰੂ ਕਰ ਦਿੱਤੇ ਗਏ ਹਨ। ਇਸੇ ਲੜੀ ਦੇ ਤਹਿਤ ਭਦੌੜ ਦੇ ਵਾਰਡ ਨੰਬਰ 7 ਤੋਂ ਆਮ ਆਦਮੀ ਪਾਰਟੀ ਦੀ ਜੇਤੂ ਰਹੀ ਰਿਤੂ ਸ਼ਰਮਾ ਪਤਨੀ ਮੋਨੂੰ ਸ਼ਰਮਾ ਸੀਨੀਅਰ ਆਗੂ ਆਮ ਆਦਮੀ ਪਾਰਟੀ ਵੱਲੋਂ ਘਰ ਘਰ ਜਾ ਕੇ ਵਾਰਡ ਵਾਸੀਆਂ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵਾਰਡ ਨੰਬਰ 2 ਤੋਂ ਜਿੱਤੂ ਰਹੇ ਜਗਦੀਪ ਸਿੰਘ ਜੱਗੀ, ਵਾਰਡ ਨੰਬਰ 13 ਤੋਂ ਜਿੱਤੂ ਰਹੇ ਕੁਲਵਿੰਦਰ ਸਿੰਘ ਕਿੰਦਾ, ਵਾਰਡ ਨੰਬਰ ਚਾਰ ਤੋਂ ਜੇਤੂ ਰਹੇ ਤਰਲੋਚਨ ਸਿੰਘ ਜੱਗਾ, ਵਾਰਡ ਨੰਬਰ 6 ਤੋਂ ਜੇਤੂ ਰਹੇ ਭੋਲਾ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਸਮਰਥਕ ਮੌਜੂਦ ਸਨ। ਇਸ ਮੌਕੇ ਕੌਂਸਲਰ ਰਿਤੂ ਸ਼ਰਮਾ ਦੇ ਪਤੀ ਮੋਨੂ ਸ਼ਰਮਾ ਨੇ ਕਿਹਾ ਕਿ ਮੈਂ ਵਾਰਡ ਨੰਬਰ 7 ਦੇ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਸਾਨੂੰ ਵੱਡੀ ਗਿਣਤੀ ਵਿੱਚ ਵੋਟਾਂ ਪਾ ਕੇ ਕੌਂਸਲਰ ਬਣਾਇਆ ਹੈ।

# ਮੀਤ ਹੇਅਰ ਨੇ 'ਆਪ' ਦੇ ਜੇਤੂ ਉਮੀਦਵਾਰਾਂ ਨਾਲ ਕੀਤੀ ਮਿਲਣੀ ਅਤੇ ਦਿੱਤੀ ਵਧਾਈ



ਬਰਨਾਲਾ, 31 ਮਈ (ਸੁਖਵਿੰਦਰ ਸਿੰਘ ਭੰਡਾਰੀ) : ਨਵੀਂ ਬਣੀ ਬਰਨਾਲਾ ਨਿਗਮ ਦੀਆਂ ਪਲੇਠੀਆਂ ਚੋਣਾਂ ਦੇ ਜੇਤੂ 'ਆਪ' ਉਮੀਦਵਾਰਾਂ ਦੇ ਨਾਲ ਇੱਥੇ ਬਰਨਾਲਾ ਕਲੱਬ ਵਿਖੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਪਹਿਲੀ ਮਿਲਣੀ ਕੀਤੀ ਅਤੇ ਮੁਬਾਰਕਾਂ ਦਿੱਤੀਆਂ। ਉਪਰੰਤ ਮੀਡੀਆ ਨੂੰ ਸੰਬੋਧਨ ਕਰਦਿਆਂ ਮੀਤ ਹੇਅਰ ਨੇ ਕਿਹਾ ਕਿ ਇਹ ਚੋਣਾਂ ਆਗਾਮੀ ਵਿਧਾਨ ਸਭਾ ਚੋਣਾਂ 2027 ਦਾ ਸੈਮੀਫਾਈਨਲ ਸਨ, ਜਿਨ੍ਹਾਂ 'ਚ ਪਾਰਟੀ ਦੀ ਹੂੰਝਾ ਫੇਰ ਜਿੱਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ 2027 'ਚ ਵੀ ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਯਕੀਨੀ ਤੌਰ 'ਤੇ ਬਣੇਗੀ। ਮੀਤ ਹੇਅਰ ਨੇ ਬਰਨਾਲਾ ਦੇ ਵੋਟਰਾਂ ਅਤੇ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੋਕਾਂ ਨੇ ਮੁਫ਼ਤ ਬਿਜਲੀ, ਬਿਨਾਂ ਸਿਫ਼ਾਰਿਸ਼ ਦੇ ਸਰਕਾਰੀ ਨੌਕਰੀਆਂ ਅਤੇ 10 ਲੱਖ ਰੁਪਏ ਤੱਕ ਦੇ ਸਿਹਤ ਬੀਮਾ ਵਰਗੇ ਇਤਿਹਾਸਕ ਕੰਮਾਂ ਨੂੰ ਦੇਖ ਕੇ ਵੋਟਾਂ ਪਾਈਆਂ ਹਨ। ਵਿਰੋਧੀਆਂ ਨੂੰ ਸ਼ੀਸ਼ਾ ਦਿਖਾਉਂਦਿਆਂ ਉਨ੍ਹਾਂ ਕਿਹਾ ਕਿ 'ਆਪ ਨੂੰ ਇਕੱਲੇ ਬਰਨਾਲਾ ਸ਼ਹਿਰ ਵਿੱਚੋਂ ਕਰੀਬ 46.47 ਫ਼ੀਸਦੀ ਵੋਟਾਂ ਮਿਲੀਆਂ ਹਨ, ਜਦੋਂਕਿ ਦੂਜੇ ਨੰਬਰ 'ਤੇ ਰਹੀ ਕਾਂਗਰਸ ਨੂੰ 16 ਫ਼ੀਸਦੀ, ਭਾਜਪਾ ਨੂੰ 12.48 ਫ਼ੀਸਦੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਸਿਰਫ਼ 11 ਫ਼ੀਸਦੀ ਵੋਟਾਂ ਹੀ ਮਿਲ ਸਕੀਆਂ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਦੀ ਸਾਂਝੀ ਵੋਟ ਪ੍ਰਤੀਸ਼ਤ 39 ਫ਼ੀਸਦੀ ਵੀ 'ਆਪ' ਨਾਲੋਂ 7 ਫ਼ੀਸਦੀ ਘੱਟ ਹੈ। ਭਾਜਪਾ ਨੇ 27, ਅਕਾਲੀ ਦਲ ਨੇ 27 ਅਤੇ ਕਾਂਗਰਸ ਨੇ 39 ਉਮੀਦਵਾਰ ਖੜ੍ਹੇ ਕੀਤੇ ਸਨ। ਵਿਰੋਧੀਆਂ ਵੱਲੋਂ ਧੱਕੇਸ਼ਾਹੀ ਦੇ ਦੋਸ਼ਾਂ ਦਾ ਜਵਾਬ ਦਿੰਦਿਆਂ ਮੀਤ ਹੇਅਰ ਨੇ ਕਿਹਾ ਕਿ ਚੋਣਾਂ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਵੀਡੀਓਗ੍ਰਾਫੀ ਦੀ ਨਿਗਰਾਨੀ ਹੇਠ ਹੋਈਆਂ ਹਨ। ਹਰ ਪੋਲਿੰਗ ਸਟੇਸ਼ਨ 'ਤੇ ਚਾਰ ਮੁਲਾਜ਼ਮ ਤਾਇਨਾਤ ਸਨ, ਵੋਟਰ ਆਈਡੀ ਦੀ ਜਾਂਚ, ਰਜਿਸਟਰ 'ਤੇ ਦਸਤਖ਼ਤ ਅਤੇ ਹਰ ਘੰਟੇ ਦੀ ਰਿਪੋਰਟ ਐਸ.ਡੀ.ਐਮ ਦਫ਼ਤਰ ਭੇਜੀ ਜਾਂਦੀ ਰਹੀ ਹੈ। ਉਨ੍ਹਾਂ ਕਿਹਾ ਕਿ ਵਿਰੋਧੀਆਂ ਦੇ ਵੱਡੇ ਆਗੂ, ਸਿਟਿੰਗ ਐਮ.ਐਲ.ਏ. ਅਤੇ ਹਲਕਾ ਇੰਚਾਰਜ ਆਪਣੇ ਹੀ ਵਾਰਡਾਂ ਵਿੱਚੋਂ ਹਾਰ ਗਏ ਹਨ, ਉਹ ਹੁਣ ਹਾਰ ਦੇ ਬਹਾਨੇ ਲੱਭ ਰਹੇ ਹਨ। ਇਸ ਮੌਕੇ ਹਲਕਾ ਇੰਚਾਰਜ ਹਰਿੰਦਰ ਧਾਲੀਵਾਲ, ਜ਼ਿਲ੍ਹਾ ਯੋਜਨਾ ਬੋਰਡ ਚੇਅਰਮੈਨ ਪਰਮਿੰਦਰ ਸਿੰਘ ਭੰਗੂ ਤੇ ਨਗਰ ਸੁਧਾਰ ਟਰੱਸਟ ਚੇਅਰਮੈਨ ਰਾਮ ਤੀਰਥ ਮੰਨਾ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਜੀਵਨ ਆਸ਼ਾ ਵੈਲਫ਼ੇਅਰ ਕਲੱਬ ਵੱਲੋਂ ਖ਼ੂਨਦਾਨ ਕੈਂਪ ਦਾ ਲਗਾਇਆ



ਸੰਗਰੂਰ, 31 ਮਈ (ਹਰਕੰਵਲ ਸਿੰਘ ਹੈਪੀ): ਮਨੁੱਖਤਾ ਦੀ ਸੇਵਾ ਅਤੇ ਸਮਾਜ ਭਲਾਈ ਦੇ ਕਾਰਜਾਂ ਨੂੰ ਸਮਰਪਿਤ 'ਜੀਵਨ ਆਸ਼ਾ ਵੈਲਫੇਅਰ ਕਲੱਬ' ਵੱਲੋਂ ਸਥਾਨਕ ਸੰਗਰੂਰ ਦੇ ਨੇੜਲੇ ਪਿੰਡ ਉੱਭਾਵਾਲਾ ਵਿਖੇ ਇੱਕ ਵਿਸ਼ਾਲ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਇਲਾਕੇ ਦੇ ਨੌਜਵਾਨਾਂ ਅਤੇ ਸਮਾਜ ਸੇਵੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਪੰਜਾਬ ਇਨਫੋਟੈਕ ਦੇ ਚੇਅਰਮੈਨ ਡਾਕਟਰ ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰਦਿਆਂ ਕੈਂਪ ਦਾ ਉਦਘਾਟਨ ਕੀਤਾ।

ਇਸ ਦੌਰਾਨ ਖੂਨਦਾਨੀਆਂ ਅਤੇ ਇਲਾਕਾ ਨਿਵਾਸੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਡਾਕਟਰ ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੇ ਕਿਹਾ ਕਿ ਖੂਨਦਾਨ ਸਿਰਫ਼ ਇੱਕ ਸਾਧਾਰਨ ਉਪਰਾਲਾ ਨਹੀਂ ਹੈ, ਬਲਕਿ ਇਹ ਮਨੁੱਖਤਾ ਦੀ ਸੇਵਾ ਅਤੇ ਕਿਸੇ ਲੋੜਵੰਦ ਵਿਅਕਤੀ ਦੀ ਕੀਮਤੀ ਜਾਨ ਨੂੰ ਬਚਾਉਣ ਦਾ ਸਭ ਤੋਂ ਉੱਤਮ ਅਤੇ ਪਵਿੱਤਰ ਜ਼ਰੀਆ ਹੈ। ਉਨ੍ਹਾਂ ਕਿਹਾ ਕਿ ਵਿਗਿਆਨ ਨੇ ਭਾਵੇਂ ਕਿੰਨੀ ਵੀ ਤਰੱਕੀ ਕਰ ਲਈ ਹੋਵੇ, ਪਰ ਖੂਨ ਦਾ ਕੋਈ ਬਦਲ ਤਿਆਰ ਨਹੀਂ ਕੀਤਾ ਜਾ ਸਕਿਆ। ਸਾਡੇ ਵੱਲੋਂ ਦਾਨ ਕੀਤਾ ਖੂਨ ਦਾ ਇੱਕ-ਇੱਕ ਕਤਰਾ ਹਸਪਤਾਲਾਂ ਵਿੱਚ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੇ ਮਰੀਜ਼ਾਂ ਲਈ ਨਵੀਂ ਜ਼ਿੰਦਗੀ ਦੀ ਉਮੀਦ ਬਣ ਸਕਦਾ ਹੈ।

ਇਸ ਮੌਕੇ ਜਵੰਧਾ ਨੇ ਜੀਵਨ ਆਸ਼ਾ ਵੈਲਫੇਅਰ ਕਲੱਬ ਦੇ ਇਸ ਮਾਨਵਤਾਵਾਦੀ ਕਾਰਜ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਸੰਸਥਾਵਾਂ ਸਮਾਜ ਲਈ ਇੱਕ ਚਾਨਣ ਮੁਨਾਰਾ ਹਨ। ਉਨ੍ਹਾਂ ਕਲੱਬ ਦੇ ਸਮੂਹ ਪ੍ਰਬੰਧਕਾਂ ਅਤੇ ਖੂਨਦਾਨ ਕਰਨ ਵਾਲੇ ਵੀਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਸਾਰੇ ਸ਼ਲਾਘਾ ਦੇ ਪਾਤਰ ਹਨ, ਜੋ ਆਪਣੇ ਜ਼ਿੰਦਗੀ ਦੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਮਾਨਵਤਾ ਦੇ ਭਲੇ ਲਈ ਅੱਗੇ ਆ ਰਹੇ ਹਨ।

ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਵਰਗੀਆਂ ਸਮਾਜਿਕ ਅਲਾਮਤਾਂ ਤੋਂ ਦੂਰ ਰਹਿ ਕੇ ਅਜਿਹੇ ਸਾਰਥਕ ਅਤੇ ਸਮਾਜ ਭਲਾਈ ਦੇ ਕਾਰਜਾਂ ਦਾ ਹਿੱਸਾ ਬਣਨ। ਕੈਂਪ ਦੌਰਾਨ ਮੈਡੀਕਲ ਟੀਮਾਂ ਦੀ ਦੇਖ-ਰੇਖ ਹੇਠ ਸਾਰੇ ਖੂਨਦਾਨੀਆਂ ਦੇ ਟੈਸਟ ਕੀਤੇ ਗਏ ਅਤੇ ਸੁਰੱਖਿਅਤ ਤਰੀਕੇ ਨਾਲ ਖੂਨ ਇਕੱਤਰ ਕੀਤਾ ਗਿਆ।

ਇਸ ਮੌਕੇ ਕਲੱਬ ਦੇ ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ ਡਾਕਟਰ ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਅਖੀਰ ਵਿੱਚ ਕਲੱਬ ਦੇ ਅਹੁਦੇਦਾਰਾਂ ਨੇ ਪਹੁੰਚੀਆਂ ਸਾਰੀਆਂ ਸ਼ਖ਼ਸੀਅਤਾਂ, ਡਾਕਟਰਾਂ ਦੀ ਟੀਮ ਅਤੇ ਖੂਨਦਾਨੀ ਵੀਰਾਂ ਦਾ ਤਹਿਦਿਲੋਂ ਧੰਨਵਾਦ ਕੀਤਾ। ਇਸ ਮੌਕੇ ਅਸ਼ੋਕ ਕੁਮਾਰ, ਅਭਿਨੰਦਨ ਚੌਹਾਨ, ਪ੍ਰਧਾਨ ਜਸਪਾਲ ਸਿੰਘ, ਨੌਜਵਾਨ ਅਤੇ ਕਲੱਬ ਦੇ ਮੈਂਬਰ, ਸੁਭਾਸ ਅੱਤਰੀ, ਜਗਦੀਸ਼ ਕੁਮਾਰ, ਲਖਵੀਰ ਸਿੰਘ, ਸੋਨੂੰ, ਜੈ ਦੇਵ ਸ਼ਰਮਾ ਤੋਂ ਇਲਾਵਾ ਪਿੰਡ ਦੇ ਪਤਵੰਤੇ ਸੱਜਣ 1ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਪਾਰਟੀ ਦੇ ਜੇਤੂ ਉਮੀਦਵਾਰਾਂ ਵੱਲੋਂ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਧੰਨਵਾਦ



ਸੁਨਾਮ ਊਧਮ ਸਿੰਘ ਵਾਲਾ, 31 ਮਈ (ਮੋਹਨ ਸ਼ਰਮਾ /ਰਾਊਵਰਿੰਦਰ ਮਠਾੜੂ): ਆਮ ਆਦਮੀ ਪਾਰਟੀ ਦੇ ਜੇਤੂ ਉਮੀਦਵਾਰਾਂ ਵੱਲੋਂ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਜਿੱਤਣ ਤੋਂ ਬਾਅਦ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇ 'ਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਮੁਕੇਸ਼ ਜੁਨੇਜਾ ਦੀ ਮਾਤਾ ਵਾਰਡ ਨੰਬਰ 9 ਤੋਂ ਸ੍ਰੀਮਤੀ ਸਸੀ ਬਾਲਾ ਵਾਰਡ ਨੰਬਰ 1ਤੋਂ ਆਸਾ ਬਜਾਜ ਵਾਰਡ ਨੰਬਰ 2 ਤੋਂ ਗੁਰਤੇਗ ਸਿੰਘ ਨੀਕਾ ਵਾਰਡ ਨੰਬਰ 3 ਤੋਂ ਮੈਡਮ ਚਰਨਜੀਤ ਕੌਰ ਵਾਰਡ ਨੰਬਰ 5 ਤੋਂ ਚਰਨਜੀਤ ਕੌਰ ਵਾਰਡ ਨੰਬਰ 7 ਤੋਂ ਜਸਵਿੰਦਰ ਕੌਰ ਹਾਂਡਾ ਵਾਰਡ ਨੰਬਰ 13 ਤੋਂ ਮੀਨਾ ਰਾਣੀ ਵਾਰਡ ਨੰਬਰ 22 ਤੋਂ ਮਨਪ੍ਰੀਤ ਬਾਂਸਲ ਅਤੇ ਹੋਰ ਜੇਤੂ ਕੌਂਸਲਰਾਂ ਵੱਲੋਂ ਗੱਲਬਾਤ ਕਰਦਿਆਂ ਕਿਹਾ ਕਿ ਸਾਡੇ ਹਲਕੇ ਦੇ ਹਰਮਨ ਪਿਆਰੇ ਨੇਤਾ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਆਪਣੇ ਹਲਕੇ ਦੇ ਵਿਕਾਸ ਕਾਰਜਾਂ ਲਈ ਲਗਾਤਾਰ ਮੇਹਨਤ ਕਰਕੇ ਲੱਖਾਂ ਰੁਪਏ ਦੀਆਂ ਗ੍ਰਾਂਟਾਂ ਲਿਆ ਕੇ ਇੱਕ ਵਿਕਾਸ਼ ਪੁਰਸ਼ ਦਾ ਦਰਜਾ ਹਲਕੇ ਦੇ ਲੋਕਾਂ ਵੱਲੋਂ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਸ਼ਹਿਰ ਅੰਦਰ ਵੱਡੇ ਪੱਧਰ 'ਤੇ ਕੰਮ ਕਰਵਾਏ ਜਾ ਰਹੇ ਹਨ। ਅਜਿਹੇ ਕੰਮਾਂ ਨੂੰ ਕਦੇ ਨਕਾਰਿਆ ਨਹੀਂ ਜਾ ਸਕਦਾ। ਇਸ ਮੌਕੇ 'ਤੇ ਯਸ਼ਪਾਲ ਮੰਗਲਾ ਸੰਜੀਵ ਕੁਮਾਰ ਸੰਜੂ ਸਰਜੀਵਨ ਲੱਕੀ ਬਲਾਕ ਪ੍ਰਧਾਨ ਸਾਹਿਬ ਸਿੰਘ ਚਮਕੌਰ ਸਿੰਘ ਹਾਂਡਾ ਮਨਪ੍ਰੀਤ ਬਾਂਸਲ ਯਾਦਵਿੰਦਰ ਨਿਰਮਾਣ ਨੇ ਕਿਹਾ ਕਿ ਜੋ ਕੰਮ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਆਪਣੇ ਹਲਕੇ ਵਿੱਚ ਕਰਵਾਏ ਗਏ ਹਨ, ਉਹਨਾਂ ਨੂੰ ਕਦੇ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਇਸ ਮੌਕੇ 'ਤੇ ਸਾਰੇ ਜੇਤੂ ਉਮੀਦਵਾਰਾਂ ਵੱਲੋਂ ਅਮਨ ਅਰੋੜਾ ਦਾ ਵਿਸ਼ੇਸ਼ ਸਨਮਾਨ ਅਤੇ ਧੰਨਵਾਦ ਕੀਤਾ ਗਿਆ।

# ਨਗਰ ਕੌਂਸਲ ਚੋਣਾਂ ਵਿੱਚ ਬਸਪਾ ਉਮੀਦਵਾਰ ਸੰਦੀਪ ਕੌਰ ਕਟਾਰੀਆ ਦੇ ਜਿੱਤਣ ਦੀ ਖੁਸ਼ੀ ਵਿੱਚ ਕੀਤਾ ਰੋਡ ਸ਼ੋਅ



ਬੁਢਲਾਡਾ, 31 ਮਈ (ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ) : ਨਗਰ ਕੌਂਸਲ ਬੁਢਲਾਡਾ ਦੀਆਂ ਹੋਈਆਂ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਚੋਣ ਨਿਸ਼ਾਨ ਹਾਥੀ ਦੀ ਉਮੀਦਵਾਰ ਸੰਦੀਪ ਕੌਰ ਕਟਾਰੀਆ ਪਤਨੀ ਅਵਤਾਰ ਸਿੰਘ ਕਟਾਰੀਆ ਹਲਕਾ ਪ੍ਰਧਾਨ ਬਹੁਜਨ ਸਮਾਜ ਪਾਰਟੀ ਦੇ ਜਿੱਤਣ ਦੀ ਖੁਸ਼ੀ ਵਿੱਚ ਪੂਰੇ ਸ਼ਹਿਰ ਵਿਖੇ ਜੋਸ਼ ਅਤੇ ਉਤਸ਼ਾਹ ਨਾਲ ਰੋਡ ਮਾਰਚ ਕੀਤਾ ਗਿਆ ਅਤੇ ਸ਼ਹਿਰ ਵਿਚ ਜੈ ਭੀਮ ਜੈ ਭਾਰਤ ਦੇ ਨਾਅਰੇ ਲਗਾਏ ਗਏ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਹੁਜਨ ਸਮਾਜ ਪਾਰਟੀ ਦੇ ਵਰਕਰਾਂ ਨੇ ਦੱਸਿਆ ਕਿ ਇਹ ਸਾਰੇ ਵਾਰਡ ਵਾਸੀਆਂ ਦੀ ਮਿਹਨਤ ਅਤੇ ਲਗਨ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਲੋਕ ਚਾਹੁੰਦੇ ਸਨ ਕਿ ਬਾਬਾ ਸਾਹਿਬ ਦਾ ਜੋ ਮਿਸ਼ਨ ਹੈ, ਉਸਨੂੰ ਪੂਰਾ ਕਰਨਾ ਹੈ ਅਤੇ ਅਸੀਂ ਮਿਲ ਕੇ ਕਰਾਂਗੇ। ਉਨ੍ਹਾਂ ਕਿਹਾ ਕਿ ਵਾਰਡ ਅਤੇ ਸਾਰੇ ਹੀ ਸ਼ਹਿਰ ਦਾ ਬਹੁਤ ਬੁਰਾ ਹਾਲ ਹੈ। ਉਨ੍ਹਾਂ ਕਿਹਾ ਕਿ ਅੱਜ ਵਾਰਡ ਨੰਬਰ 9 ਦੀ ਪਹਿਲੀ ਪੌੜੀ ਦੀ ਸ਼ੁਰੂਆਤ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸੰਭਾਲੋ ਮੁਹਿੰਮ ਤਹਿਤ ਕਿ ਬਹੁਜਨ ਸਮਾਜ ਪਾਰਟੀ ਦੀ ਸਰਕਾਰ ਬਣੇਗੀ। ਉਨ੍ਹਾਂ ਕਿਹਾ ਕਿ ਲੋਕਾਂ ਦੀ ਲਹਿਰ ਸਾਡੀ ਬਹੁਜਨ ਸਮਾਜ ਪਾਰਟੀ ਨਾਲ ਜੁੜਨ ਲਈ ਬੜਾ ਤਰਲੋ-ਮੱਛੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵਿੱਚ ਘੁੰਮ ਕੇ ਦੇਖਿਆ ਹੈ, ਕਿ ਸਾਡੇ ਮਸਲਿਆਂ ਦਾ ਹੱਲ ਹੈ ਚੰਡੀਗੜ੍ਹ ਦੇ ਤਖ਼ਤੇ ਦੇ ਉੱਪਰ ਹੀ ਜਾ ਕੇ ਹੱਲ ਹੋਣਾ ਹੈ। ਉਨ੍ਹਾਂ ਕਿਹਾ ਕਿ ਅਸੀਂ ਪਿਛਲੇ ਦਿਨਾਂ ਦੇ ਵਿੱਚ ਦੇਖਿਆ ਹੈ, ਕਿ ਸਾਡੀ ਕੁਝ ਲੀਡਰਸ਼ਿਪ ਦੇ ਜਿਹੜੇ ਕੈਂਡੀਡੇਟ ਸਾਡੇ ਦਿੱਤੇ ਸੀ, ਉਹਨਾਂ ਦੇ ਵਿੱਚ ਕੁਝ ਲੋਕ ਅਜਿਹੇ ਸਨ,ਜੋ ਸਾਡੇ ਨੁਮਾਇੰਦੇ ਹੋਣ ਦੇ ਬਾਵਜੂਦ ਵੀ, ਉਹਨਾਂ ਨੇ ਉਸ ਢੰਗ ਨਾਲ ਕੰਮ ਨਹੀਂ ਕੀਤਾ, ਜਿਨ੍ਹਾਂ ਨੂੰ ਇਹ ਕਹਿੰਦੇ ਸਨ ਕਿ ਇਹ ਬਹੁਜਨ ਸਮਾਜ ਪਾਰਟੀ ਦੇ ਵਿੱਚੋਂ ਕੱਢੇ ਹੋਏ ਲੋਕ ਹਨ। ਅੱਜ ਉਹੀ ਸਾਰੇ ਜਿਹੜੇ ਵਰਕਰ ਲੀਡਰ ਸਾਹਿਬਾਨਾਂ ਨੇ ਦਿਨ-ਰਾਤ ਇੱਕ ਕਰਕੇ ਸੰਦੀਪ ਕੌਰ ਨੂੰ ਜਿਤਾਇਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦੀ ਲੀਡਰਸ਼ਿਪ ਅਤੇ ਮਿਹਨਤ ਸਦਕਾ ਹੀ ਵੱਡੇ ਪੱਧਰ @ਤੇ ਸਫ਼ਲਤਾ ਮਿਲੀ ਹੈ ਅਤੇ ਸੰਦੀਪ ਕੌਰ ਕਟਾਰੀਆ ਨੂੰ ਨਗਰ ਕੌਂਸਲ ਭੇਜਿਆ ਹੈ। ਜਿਸਦੇ ਲਈ ਉਹ ਸਮੂਹ ਬਹੁਜਨ ਸਮਾਜ ਪਾਰਟੀ ਦੇ ਵਰਕਰਾਂ ਅਤੇ ਸਮਰਥਕਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ।

# ਪਿੰਡ ਪੰਜਗਰਾਈਂ ਕਲਾਂ ਵਿਖੇ ਤੰਬਾਕੂ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਕੀਤਾ ਜਾਗਰੂਕ



ਬਾਜਾਖਾਨਾ, 31 ਮਈ (ਅਵਤਾਰ ਸਿੰਘ ਮੱਲਾ) : ਸਿਵਲ ਸਰਜਨ, ਫਰੀਦਕੋਟ ਡਾ. ਰਮਨਦੀਪ ਸਿੰਗਲਾ, ਜ਼ਿਲ੍ਹਾ ਨੋਡਲ ਅਫਸਰ ਤੰਬਾਕੂ ਕੰਟਰੋਲ ਸੈਲ ਡਾ. ਹਿਮਾਂਸ਼ੂ ਗੁਪਤਾ ਅਤੇ ਸੀਨੀਅਰ ਮੈਡੀਕਲ ਅਫਸਰ, ਸੀ ਐਚ ਸੀ ਬਾਜਾਖਾਨਾ ਡਾ ਨਵਪ੍ਰੀਤ ਗਰੇਵਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਵਿਸ਼ਵ ਤੰਬਾਕੂ ਰਹਿਤ ਦਿਵਸ ਮੌਕੇ ਮੈਡੀਕਲ ਅਫਸਰ ਪੀ ਐਚ ਸੀ ਪੰਜਗਰਾਈਂ ਕਲਾਂ ਡਾ. ਪੁਖਰਾਜ ਕੌਰ ਦੀ ਅਗਵਾਈ ਵਿਚ ਲੋਕਾਂ ਨੂੰ ਤੰਬਾਕੂ ਦੀ ਵਰਤੋਂ ਨਾਲ ਹੋਣ ਵਾਲੇ ਨੁਕਸਾਨ, ਕੋਟਪਾ-2003 ਦੀ ਉਲੰਘਣਾ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ। ਡਾ ਪੁਖਰਾਜ ਕੌਰ ਨੇ ਤੰਬਾਕੂ ਅਤੇ ਨਸ਼ਿਆਂ ਦੇ ਮਨੁੱਖੀ ਸਰੀਰ ਦੇ ਨਾਲ-ਨਾਲ ਵਾਤਾਵਰਨ 'ਤੇ ਪੈਂਦੇ ਮਾੜੇ ਪ੍ਰਭਾਵਾਂ ਸਬੰਧੀ ਜਾਣਕਾਰੀ ਦਿੱਤੀ ਅਤੇ ਚੰਗੇ ਭਵਿੱਖ ਲਈ ਮਹੱਤਵਪੂਰਨ ਨੁਕਤੇ ਸਾਂਝੇ ਕੀਤੇ।ਉਹਨਾਂ ਸਰੀਰਕ, ਮਾਨਸਿਕ ਅਤੇ ਸੋਸ਼ਲ ਤੰਦਰੁਸਤੀ, ਚੰਗਾ ਰਹਿਣ-ਸਹਿਣ,ਚੰਗੀ ਖੁਰਾਕ ਅਤੇ ਚੰਗੇ ਵਿਚਾਰ ਅਪਨਾਉਣ ਦੀ ਸਲਾਹ ਵੀ ਦਿੱਤੀ। ਬੀ ਈ ਈ ਫਲੈਗ ਚਾਵਲਾ ਅਤੇ ਓਟ ਸੈਂਟਰ ਕਾਂਸਲਰ ਕਵੀਤਾ ਨੇ ਨਸ਼ਿਆਂ ਵਿਰੋਧੀ ਜਾਗਰੂਕਤਾ ਸਮੱਗਰੀ ਜਾਰੀ ਕਰਦਿਆਂ ਦੱਸਿਆ ਕਿ ਕੋਟਪਾ ਐਕਟ-2003 ਦੀ ਧਾਰਾ 6-ਏ ਤਹਿਤ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਨੂੰ ਸਿਗਰਟ, ਚੱਬਣ ਵਾਲੇ ਤੰਬਾਕੂ ਉਤਪਾਦ ਆਦਿ ਵੇਚਣਾ ਅਪਰਾਧ ਹੈ ਅਤੇ ਧਾਰਾ 6-ਬੀ ਤਹਿਤ ਕਿਸੇ ਵੀ ਵਿਦਿਅਕ ਸੰਸਥਾ ਦੀ ਚਾਰ ਦਿਵਾਰੀ ਤੋਂ 100 ਗਜ਼ ਦੇ ਘੇਰੇ ਅੰਦਰ ਸਿਗਰਟ ਤੇ ਹੋਰ ਤੰਬਾਕੂ ਉਤਪਾਦ ਵੇਚਣ ਵਾਲੇ ਨੂੰ ਸਜ਼ਾ ਅਤੇ ਜ਼ੁਰਮਾਨਾ ਹੋ ਸਕਦਾ ਹੈ। ਉਹਨਾਂ ਨੇ ਲੋਕਾਂ ਨੂੰ ਸਿਹਤ ਵਿਭਾਗ ਦੇ ਡਰੱਗ-ਡੀ-ਅਡਿਕਸ਼ਨ ਪ੍ਰੋਗਰਾਮ ਸਬੰਧੀ ਜਾਗਰੂਕ ਕਰਦਿਆਂ ਨਸ਼ਾ ਛੁਡਾਉ ਕੇਂਦਰ, ਪੁਨਰਵਾਸ ਕੇਂਦਰ ਅਤੇ ਓਟ ਕਲਨੀਕ ਅਧੀਨ ਮੁਹੱਈਆ ਮੁਫਤ ਸਿਹਤ ਸੇਵਾਵਾਂ ਅਤੇ ਸਹੂਲਤਾਂ ਬਾਰੇ ਦੱਸਿਆ ਤਾਂ ਜੋ ਆਸ-ਪਾਸ ਦੇ ਪਿੰਡ ਦੇ ਲੋਕਾਂ ਤੱਕ ਨਸ਼ਾ ਵਿਰੋਧੀ ਸੁਨੇਹਾ ਪਹੁੰਚਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਨਸ਼ਾ ਮੁਕਤ ਸਮਾਜ ਲਈ ਸਮਾਜ ਦੇ ਹਰ ਵਰਗ ਦੇ ਸਹਿਯੋਗ ਦੀ ਲੋੜ ਹੈ। ਇਸ ਮੌਕੇ ਮੈਡੀਕਲ ਅਫਸਰ ਡਾ. ਪੁਖਰਾਜ ਕੌਰ, ਡਾ ਸਵਰੂਪ ਕੌਰ, ਬੀ ਈ ਈ ਫਲੈਗ ਚਾਵਲਾ, ਫਾਰਮੇਸੀ ਅਫਸਰ ਵਰਿੰਦਰ ਸਿੰਘ, ਗਗਨਦੀਪ ਸਿੰਘ, ਅਵਨੀਤ, ਸਿਹਤ ਸੁਪਰਵਾਇਜਰ ਕੁਲਜੀਤ ਕੌਰ, ਕਾਂਸਲਰ ਕਵੀਤਾ, ਸੀ ਐਚ ਓ ਸੁਖਦੀਪ ਕੌਰ, ਮਪਹਵ ਅਮਨਦੀਪ ਸਿੰਘ, ਸੁਖਜੀਤ ਕੌਰ, ਮਨਦੀਪ ਕੌਰ, ਸਰਬਜੀਤ ਸਿੰਘ ਅਤੇ ਸਮੂਹ ਅਧਿਕਾਰੀ ਤੇ ਕਰਮਚਾਰੀ ਆਦਿ ਹਾਜ਼ਰ ਸਨ।

# ਮਹਿੰਗਾਈ ਦੇ ਮੁੱਦੇ 'ਤੇ ਕਾਂਗਰਸ ਨੇ ਖੱਚਰ ਰੇਹੜੀਆਂ ਉੱਤੇ ਸਵਾਰ ਹੋ ਕੇ ਕੱਢਿਆ ਰੋਸ ਮਾਰਚ



ਬਠਿੰਡਾ, 31 ਮਈ (ਦੀਪਕ ਸ਼ਰਮਾ) : ਲਗਾਤਾਰ ਵਧ ਰਹੀ ਮਹਿੰਗਾਈ ਅਤੇ ਪੈਟਰੋਲੀਅਮ ਪਦਾਰਥਾਂ ਦੀਆਂ ਅਸਮਾਨੀ ਚੜ੍ਹ ਰਹੀਆਂ ਕੀਮਤਾਂ ਨੂੰ ਲੈ ਕੇ ਸਥਾਨਕ ਸ਼ਹਿਰ ਵਿੱਚ ਕਾਂਗਰਸ ਪਾਰਟੀ ਵੱਲੋਂ ਜ਼ੋਰਦਾਰ ਹੰਗਾਮਾ ਕੀਤਾ ਗਿਆ। ਕੇਂਦਰ ਸਰਕਾਰ ਦੀਆਂ ਆਰਥਿਕ ਨੀਤੀਆਂ ਦੇ ਵਿਰੋਧ ਵਿੱਚ ਸਥਾਨਕ ਲੀਡਰਸ਼ਿਪ ਨੇ ਸੜਕਾਂ 'ਤੇ ਉੱਤਰ ਕੇ ਪ੍ਰਦਰਸ਼ਨ ਕੀਤਾ। ਇਸ ਵਿਰੋਧ ਪ੍ਰਦਰਸ਼ਨ ਦੀ ਖ਼ਾਸ ਗੱਲ ਇਹ ਰਹੀ ਕਿ ਕਾਂਗਰਸੀ ਆਗੂਆਂ ਨੇ ਰਵਾਇਤੀ ਗੱਡੀਆਂ ਛੱਡ ਕੇ ਖੱਚਰ ਰੇਹੜ੍ਹਿਆਂ ਦੀ ਵਰਤੋਂ ਕੀਤੀ, ਜਿਸ ਰਾਹੀਂ ਉਨ੍ਹਾਂ ਨੇ ਸੰਕੇਤ ਦਿੱਤਾ ਕਿ ਮਹਿੰਗਾਈ ਕਾਰਨ ਆਮ ਲੋਕ ਮੁੜ ਪੁਰਾਣੇ ਦੌਰ ਵੱਲ ਜਾਣ ਲਈ ਮਜਬੂਰ ਹੋ ਰਹੇ ਹਨ। ਇਹ ਪ੍ਰਦਰਸ਼ਨ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਸੱਦੇ 'ਤੇ ਸ਼ਹਿਰੀ ਪ੍ਰਧਾਨ ਰਾਜਨ ਗਰਗ ਦੀ ਦੇਖਰੇਖ ਹੇਠ ਉਲੀਕਿਆ ਗਿਆ।

ਇਕੱਠ ਨੂੰ ਸੰਬੋਧਨ ਕਰਦਿਆਂ ਰਾਜਨ ਗਰਗ ਨੇ ਕੇਂਦਰ ਦੀ ਮੋਦੀ ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧਦਿਆਂ ਕਿਹਾ ਕਿ ਪਿਛਲੇ ਮਹਿਜ਼ 11 ਦਿਨਾਂ ਦੇ ਅੰਦਰ ਪੈਟਰੋਲ, ਡੀਜ਼ਲ, ਐਲਪੀਜੀ ਅਤੇ ਸੀਐਨਜੀ ਦੇ ਰੇਟਾਂ ਵਿੱਚ ਤਕਰੀਬਨ 10 ਰੁਪਏ ਦਾ ਵਾਧਾ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵੱਡੇ-ਵੱਡੇ ਵਾਅਦੇ ਕਰਕੇ ਸੱਤਾ ਵਿੱਚ ਆਈ ਸਰਕਾਰ ਅੱਜ ਆਮ ਲੋਕਾਂ ਦੀ ਰਸੋਈ ਦਾ ਬਜਟ ਵਿਗਾੜ ਚੁੱਕੀ ਹੈ। ਮਹਿੰਗਾਈ ਦੀ ਇਸ ਮਾਰ ਨੇ ਮੱਧ ਵਰਗ ਅਤੇ ਦਿਹਾੜੀਦਾਰਾਂ ਦਾ ਲੱਕ ਤੋੜ ਦਿੱਤਾ ਹੈ, ਜਦਕਿ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਫ਼ਾਇਦਾ ਪਹੁੰਚਾਉਣ ਵਿੱਚ ਮਸਤ ਹੈ।

ਕਾਂਗਰਸੀ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਇਹ ਵਧੀਆਂ ਹੋਈਆਂ ਕੀਮਤਾਂ ਤੁਰੰਤ ਪ੍ਰਭਾਵ ਨਾਲ ਰੱਦ ਨਾ ਕੀਤੀਆਂ ਗਈਆਂ ਤਾਂ ਆਉਣ ਵਾਲੇ ਦਿਨਾਂ ਵਿੱਚ ਮਾਲ-ਭਾੜਾ ਵਧਣ ਕਾਰਨ ਰੋਜ਼ਾਨਾ ਵਰਤੋਂ ਦੀਆਂ ਦੂਜੀਆਂ ਵਸਤਾਂ ਵੀ ਮਹਿੰਗੀਆਂ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਇਸ ਆਰਥਿਕ ਬੋਝ ਦੇ ਖ਼ਿਲਾਫ਼ ਕਾਂਗਰਸ ਪਾਰਟੀ ਸੜਕ ਤੋਂ ਲੈ ਕੇ ਸੰਸਦ ਤੱਕ ਲੜਾਈ ਲੜੇਗੀ। ਲੋਕ ਸਭਾ ਦੇ ਆਗਾਮੀ ਸੈਸ਼ਨ ਦੌਰਾਨ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਅਗਵਾਈ ਵਿੱਚ ਦੇਸ਼ ਵਿਆਪੀ ਪੱਧਰ 'ਤੇ ਇਸ ਮੁੱਦੇ ਨੂੰ ਚੁੱਕਿਆ ਜਾਵੇਗਾ।

ਇਸ ਮੌਕੇ ਕੇ ਕੇ ਅਗਰਵਾਲ, ਅਸ਼ੋਕ ਕੁਮਾਰ, ਅਰੁਣ ਵਧਾਵਣ, ਬਲਵੰਤ ਰਾਏ ਨਾਥ, ਕਿਰਨਜੀਤ ਸਿੰਘ ਗਹਿਰੀ, ਰੁਪਿੰਦਰ ਬਿੰਦਰਾ, ਰੁਪਿੰਦਰ ਪਾਲ ਸਿੰਘ, ਨਰੇਸ਼ ਗਰਗ, ਮਾਧਵ ਸ਼ਰਮਾ, ਬਲਜੀਤ ਸਿੰਘ ਅਤੇ ਹੋਰ ਸੀਨੀਅਰ ਆਗੂਆਂ ਸਮੇਤ ਸੈਂਕੜੇ ਵਰਕਰਾਂ ਨੇ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਰੋਸ ਜਤਾਇਆ।

# ਕੇਵਲ ਸਿੰਘ ਢਿੱਲੋਂ ਦੇ ਸੂਬਾ ਪ੍ਰਧਾਨ ਬਣਨ 'ਤੇ ਭਾਜਪਾ ਵਰਕਰਾਂ ਵਿੱਚ ਉਤਸ਼ਾਹ ਦੀ ਲਹਿਰ



ਲਹਿਰਾਗਾਗਾ, 31 ਮਈ (ਗੁਰਦੀਪ ਸਿੰਘ): ਪੰਜਾਬ ਦੀ ਸਿਆਸਤ ਵਿੱਚ ਵੱਡਾ ਮੋੜ ਲਿਆਉਂਦਿਆਂ ਭਾਰਤੀ ਜਨਤਾ ਪਾਰਟੀ ਦੀ ਹਾਈ ਕਮਾਨ ਵੱਲੋਂ ਕੇਵਲ ਸਿੰਘ ਢਿੱਲੋਂ ਨੂੰ ਸੂਬਾ ਪ੍ਰਧਾਨ ਨਿਯੁਕਤ ਕਰਨ ਦੇ ਫੈਸਲੇ ਨਾਲ ਪੰਜਾਬ ਦੇ ਭਾਜਪਾਈ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਇਹ ਫੈਸਲਾ ਪਾਰਟੀ ਹਾਈ ਕਮਾਨ ਵੱਲੋਂ ਮੌਜੂਦਾ ਪ੍ਰਧਾਨ ਸ੍ਰੀ ਸੁਨੀਲ ਜਾਖੜ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਲਿਆ ਗਿਆ ਹੈ। ਇਹਨਾਂ ਦੀ ਨਿਯੁਕਤੀ 'ਤੇ ਹਲਕਾ ਲਹਿਰਾਗਾਗਾ ਤੋਂ ਪਾਰਟੀ ਦੇ ਸੀਨੀਅਰ ਆਗੂ ਰਿਟਾਇਰਡ ਏਡੀਸੀ ਸੁਖਵੰਤ ਸਿੰਘ ਸਰਾਓ ਅਤੇ ਗੁਰਵਿੰਦਰ ਸਿੰਘ ਸਰਾਓ ਨੇ ਪੱਤਰਕਾਰ ਨਾਲ ਗੱਲਬਾਤ ਹੋਏ ਕਿਹਾ ਕਿ ਸਾਨੂੰ ਮਾਣ ਹੈ ਕਿ ਸਾਡੇ ਮਾਲਵੇ ਵਿੱਚੋਂ ਇੱਕ ਸਿੱਖ ਪਗੜੀ ਧਾਰੀ ਅਤੇ ਸੁਲਝੇ ਹੋਏ ਸਿਆਸਤਦਾਨ ਨੂੰ ਹਾਈ ਕਮਾਨ ਨੇ ਸੂਬੇ ਦੀ ਕਮਾਨ ਸੰਭਾਲ ਕੇ ਪੰਜਾਬ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਅਸੀਂ ਪੂਰਨ ਤੌਰ 'ਤੇ ਆਸਵੰਦ ਹਾਂ ਕਿ ਢਿੱਲੋਂ ਭਾਜਪਾ ਨੂੰ ਚੜ੍ਹਦੀਕਲਾ ਵਿੱਚ ਲੈ ਜਾਣਗੇ,ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ.ਪਾਰਟੀ ਨੂੰ ਤਕੜਾ ਕਰਨ ਲਈ ਹਰ ਸੰਭਵ ਯਤਨ ਕਰਨਗੇ। ਉਹਨਾਂ ਕਿਹਾ ਕਿ ਹੁਣ ਲੋਕ ਰਵਾਇਤੀ ਪਾਰਟੀਆਂ ਤੋਂ ਨਿਰਾਸ਼ ਹੋ ਚੁੱਕੇ ਹਨ ਉਹ ਇੱਕ ਨਵੇਂ ਅਤੇ ਵਿਕਾਸਸ਼ੀਲ ਵਿਕਲਪ ਵੱਲ ਦੇਖ ਰਹੇ ਹਨ। ਉਹਨਾਂ ਦਾਅਵਾ ਕੀਤਾ ਕਿ ਕੇਵਲ ਸਿੰਘ ਢਿੱਲੋਂ ਦੀ ਅਗਵਾਈ ਹੇਠ ਭਾਜਪਾ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਸਮੇਂ ਪੰਜਾਬ ਵਿੱਚ ਮਜਬੂਤੀ ਨਾਲ ਉੱਭਰੇਗੀ ਅਤੇ ਸਰਕਾਰ ਬਣਾਉਣ ਵਿੱਚ ਕਾਮਯਾਬ ਹੋਵੇਗੀ। ਬੀ ਜੇ ਪੀ ਦੇ ਸੀਨੀਅਰ ਆਗੂ ਵਿਨੋਦ ਸਿੰਗਲਾ, ਮੁਕੇਸ਼ ਗੁਰਨੇ ਅਤੇ ਦੀਪੂ ਲਹਿਰਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਹਾਈ ਕਮਾਨ ਨੇ ਇੱਕ ਮਜਬੂਤ ਸਿੱਖ ਚਿਹਰੇ ਨੂੰ ਕਮਾਨ ਸੌਂਪੀ ਹੈ, ਉਹਨਾਂ ਕਿਹਾ ਕਿ ਢਿੱਲੋਂ ਪਿਛਲੇ ਲੰਮੇ ਸਮੇਂ ਤੋਂ ਲੋਕਾਂ ਨਾਲ ਜੁੜੇ ਹੋਏ ਆਗੂ ਹਨ, ਜਿਹਨਾਂ ਦੀ ਅਗਵਾਈ ਵਿੱਚ ਪਾਰਟੀ ਹੋਰ ਮਜਬੂਤ ਹੋਵੇਗੀ। ਪਾਰਟੀ ਆਗੂ ਗੁਰਤੇਜ ਸਿੰਘ ਭਟਾਲ ਰਿਟਾਇਰ ਡੀਐਸਪੀ ਅਤੇ ਸੋਹਨ ਲਾਲ ਸਿੰਗਲਾ ਮੰਡਲ ਪ੍ਰਧਾਨ ਨੇ ਕਿਹਾ ਕਿ ਢਿੱਲੋਂ ਕੋਲ ਸੰਗਠਨਾਤਮਕ ਤਜਰਬੇ ਦੇ ਨਾਲ-ਨਾਲ ਪੰਜਾਬ ਦੇ ਮੁੱਦਿਆਂ ਦੀ ਵੀ ਪੂਰੀ ਸਮਝ ਹੈ। ਉਹਨਾਂ ਕਿਹਾ ਕਿ ਢਿੱਲੋਂ ਦੀ ਅਗਵਾਈ ਵਿੱਚ ਸ਼ਹਿਰੀ ਖੇਤਰ ਤੋਂ ਇਲਾਵਾ ਪਾਰਟੀ ਨੂੰ ਪਿੰਡਾਂ ਵਿੱਚ ਵੀ ਪੂਰਾ ਸਮਰਥਨ ਮਿਲੇਗਾ। ਉਹਨਾਂ ਅੱਗੇ ਕਿਹਾ ਕਿ ਭਾਜਪਾ ਹਮੇਸ਼ਾ ਹਰ ਵਰਗ ਦੇ ਲੋਕਾਂ ਨੂੰ ਨਾਲ ਲੈ ਕੇ ਚੱਲਣ ਵਿੱਚ ਵਿਸ਼ਵਾਸ ਰੱਖਦੀ ਹੈ ਅਤੇ ਪੰਜਾਬ ਵਿੱਚ ਵੀ ਪਾਰਟੀ ਵੱਲੋਂ ਇੱਕਜੁੱਟਤਾ ਅਤੇ ਵਿਕਾਸ ਦੀ ਰਾਜਨੀਤੀ ਨੂੰ ਅੱਗੇ ਵਧਾਇਆ ਜਾਵੇਗਾ।

# ਖੇਤੀਬਾੜੀ ਵਿਕਾਸ ਬੈਂਕਾਂ ਦੀਆਂ ਧਾਂਦਲੀਆਂ ਨੂੰ ਲੈਕੇ ਸਿੱਧੂਪੁਰ ਜਥੇਬੰਦੀ ਵੱਲੋਂ ਚੰਡੀਗੜ੍ਹ ਧਰਨੇ ਦਾ ਐਲਾਨ



ਬਾਜਾਖਾਨਾ, 31 ਮਈ (ਅਵਤਾਰ ਸਿੰਘ ਮੱਲਾ): ਫ਼ਰੀਦਕੋਟ ਵਿਖੇ ਲੈਂਡ ਮੌਰਗੇਜ ਬੈਂਕ ਦੀ ਧੱਕੇਸ਼ਾਹੀ ਦਾ ਸ਼ਿਕਾਰ ਹੋ ਕੇ ਖੁਦਕੁਸ਼ੀ ਕਰਨ ਵਾਲੇ ਹਰੀ ਨੌਂ ਦੇ ਦੋ ਸਕੇ ਭਰਾਵਾਂ ਨੂੰ ਇਨਸਾਫ ਦਿਵਾਉਣ ਅਤੇ ਬੈਂਕ ਵੱਲੋਂ ਕਿਸਾਨਾਂ ਤੋਂ ਲਏ ਗਏ ਖਾਲੀ ਚੈਕਾਂ ਦੇ ਸਬੰਧ ਵਿੱਚ ਬੀਕੇਯੂ ਏਕਤਾ ਸਿੱਧੂਪੁਰ ਵੱਲੋਂ ਪਿਛਲੇ 30 ਮਾਰਚ ਤੋਂ ਬੈਂਕ ਅੱਗੇ ਧਰਨਾ ਦਿੱਤਾ ਜਾ ਰਿਹਾ ਹੈ। ਇਸ ਸਬੰਧੀ ਪਿਛਲੇ ਦਿਨੀਂ ਬੀਕੇਯੂ ਏਕਤਾ ਸਿੱਧੂਪੁਰ ਦੀ ਪੰਜਾਬ ਪੱਧਰੀ ਮੀਟਿੰਗ ਦੌਰਾਨ ਲਏ ਗਏ ਫੈਸਲੇ, ਜਿਸ ਵਿੱਚ ਇੱਕ ਜੂਨ ਨੂੰ ਖੇਤੀਬਾੜੀ ਵਿਕਾਸ ਬੈਂਕ ਦੇ ਰਜਿਸਟਰਾਰ ਦੇ ਦਫ਼ਤਰ ਨੂੰ ਕੂਚ ਕਰਨ ਦਾ ਐਲਾਨ ਦੇ ਮੱਦੇਨਜ਼ਰ ਅੱਜ ਜ਼ਿਲ੍ਹਾ ਜਨਰਲ ਸਕੱਤਰ ਫਰੀਦਕੋਟ ਇੰਦਰਜੀਤ ਸਿੰਘ ਘਣੀਆਂ ਵੱਲੋਂ ਬਾਜਾਖਾਨਾ ਦੇ ਪਿੰਡਾਂ ਵਿੱਚ ਕਿਸਾਨਾਂ ਦੀ ਲਾਮਬੰਦੀ ਲਈ ਮੀਟਿੰਗਾਂ ਕਰਵਾਈਆਂ ਗਈਆਂ। ਇਹ ਮੀਟਿੰਗਾਂ ਵਾੜਾ ਭਾਈਕਾ ਤੋਂ ਸ਼ੁਰੂ ਹੋ ਕੇ ਬਲਾਕ ਬਾਜਾਖਾਨਾ ਦੇ ਪਿੰਡਾਂ ਉਕੰਦਵਾਲਾ, ਝੱਖੜਵਾਲਾ, ਬਾਜਾਖਾਨਾ, ਗੋਦਾਰਾ, ਲੰਭਵਾਲੀ ਅਤੇ ਵਾਂਦਰ ਡੋਡ ਵਿਖੇ ਕੀਤੀਆਂ ਗਈਆਂ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਨਰਲ ਸਕੱਤਰ ਇੰਦਰਜੀਤ ਸਿੰਘ ਘਣੀਆਂ ਨੇ ਦੱਸਿਆ ਕਿ ਪੀੜਤ ਕਿਸਾਨਾਂ ਨੂੰ ਇਨਸਾਫ ਦਿਵਾਉਣ ਲਈ ਬੀਕੇਯੂ ਏਕਤਾ ਸਿੱਧੂਪੁਰ ਦੇ ਕਿਸਾਨ ਹਰ ਜ਼ਿਲ੍ਹੇ ਤੋਂ ਵੱਡੀ ਗਿਣਤੀ ਕਿਸਾਨ ਇੱਕ ਜੂਨ ਨੂੰ ਗੁਰਦੁਆਰਾ ਅੰਬ ਸਾਹਿਬ ਵਿਖੇ ਇਕੱਤਰ ਹੋਣਗੇ ਅਤੇ ਕਾਫ਼ਲੇ ਦੇ ਰੂਪ ਵਿੱਚ ਪ੍ਰਦਰਸ਼ਨ ਕਰਦੇ ਹੋਏ ਰਜਿਸਟਰਾਰ ਦੇ ਦਫ਼ਤਰ ਵੱਲ ਵਧਿਆ ਜਾਵੇਗਾ। ਉਹਨਾਂ ਕਿਹਾ ਕਿ ਇਹ ਧਰਨਾ ਪ੍ਰਦਰਸ਼ਨ ਅਣਮਿੱਥੇ ਸਮੇਂ ਲਈ ਹੋਵੇਗਾ ਅਤੇ ਜਿੰਨੀ ਦੇਰ ਕਿਸਾਨਾਂ ਨਾਲ ਕੀਤੀਆਂ ਧਾਂਦਲੀਆਂ ਦਾ ਇਨਸਾਫ ਸਰਕਾਰ ਵੱਲੋਂ ਕਿਸਾਨਾਂ ਨੂੰ ਨਹੀਂ ਮਿਲਦਾ ਧਰਨਾ ਜਾਰੀ ਰਹੇਗਾ। ਇਸ ਮੌਕੇ ਉਹਨਾਂ ਦੇ ਨਾਲ ਜ਼ਿਲ੍ਹਾ ਖਜਾਨਚੀ ਗੁਰਾਂਦਿੱਤਾ ਸਿੰਘ ਬਾਜਾਖਾਨਾ, ਬਲਜਿੰਦਰ ਸਿੰਘ ਪ੍ਰਧਾਨ ਬਲਾਕ ਬਾਜਾਖਾਨਾ, ਗੁਰਪ੍ਰੀਤ ਸਿੰਘ ਸਿੱਧੂ ਬਲਾਕ ਪ੍ਰੈਸ ਸਕੱਤਰ, ਸੁਖਪ੍ਰੀਤ ਸਿੰਘ ਬਲਾਕ ਜਨਰਲ ਸਕੱਤਰ, ਅੰਗਰੇਜ਼ ਸਿੰਘ ਵਾਂਦਰ ਇਕਾਈ ਪ੍ਰਧਾਨ, ਇਕਬਾਲ ਸਿੰਘ ਪ੍ਰਧਾਨ ਵਾੜਾ ਭਾਈਕਾ, ਲਾਭ ਸਿੰਘ ਪ੍ਰਧਾਨ ਝੱਖੜਵਾਲਾ, ਹਰਭਗਵਾਨ ਸਿੰਘ ਉਕੰਦਵਾਲਾ, ਗੁਰਾਂਦਿੱਤਾ ਸਿੰਘ ਭੁੱਲਰ, ਦਰਸ਼ਨ ਸਿੰਘ ਸਿੱਧੂ, ਬਲਜਿੰਦਰ ਸਿੰਘ ਬੀਹਲਾ, ਬੂਟਾ ਸਿੰਘ ਉਕੰਦਵਾਲਾ, ਰੁਲਦੂ ਸਿੰਘ ਲੰਭਵਾਲੀ,ਕੌਰਜੀਤ ਗੋਦਾਰਾ ਆਦਿ ਵੱਡੀ ਗਿਣਤੀ ਪਿੰਡਾਂ ਦੇ ਕਿਸਾਨ ਹਾਜ਼ਰ ਰਹੇ।

# ਆਰ.ਟੀ.ਆਈ. 'ਚ ਖ਼ੁਲਾਸਾ : ਬਠਿੰਡਾ ਜ਼ਿਲ੍ਹੇ 'ਚੋਂ 16 ਵਰ੍ਹਿਆਂ ਦੌਰਾਨ 1023 ਲਾਵਾਰਿਸ ਲਾਸ਼ਾਂ ਬਰਾਮਦ, 65 ਫ਼ੀਸਦੀ ਦੀ ਸ਼ਨਾਖ਼ਤ ਹੋਣੀ ਅਜੇ ਬਾਕੀ

ਬਠਿੰਡਾ, 31 ਮਈ (ਦੀਪਕ ਸ਼ਰਮਾ) : ਜ਼ਿਲ੍ਹੇ ਅੰਦਰ ਵੱਖ-ਵੱਖ ਪਾਣੀ ਦੇ ਸਰੋਤਾਂ ਜਿਵੇਂ ਨਹਿਰਾਂ, ਸੂਇਆਂ, ਝੀਲਾਂ ਅਤੇ ਹੋਰਨਾਂ ਥਾਵਾਂ ਤੋਂ ਬਰਾਮਦ ਹੁੰਦੀਆਂ ਲਾਵਾਰਿਸ ਲਾਸ਼ਾਂ ਦੇ ਸਬੰਧ ਵਿੱਚ ਆਰਟੀਆਈ ਤਹਿਤ ਇੱਕ ਬੇਹੱਦ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਵਿਭਾਗ ਦੇ ਅਧਿਕਾਰਤ ਰਿਕਾਰਡ ਅਨੁਸਾਰ ਵਿੱਤੀ ਵਰ੍ਹੇ 2010-11 ਤੋਂ ਲੈ ਕੇ 2025-26 ਤੱਕ ਦੇ 16 ਸਾਲਾਂ ਦੇ ਸਮੇਂ ਵਿੱਚ ਕੁੱਲ 1023 ਲਾਵਾਰਿਸ ਲਾਸ਼ਾਂ ਮਿਲੀਆਂ ਹਨ। ਇਸ ਪੂਰੇ ਘਟਨਾਕ੍ਰਮ ਦਾ ਸਭ ਤੋਂ ਦੁਖਦ ਪਹਿਲੂ ਇਹ ਹੈ ਕਿ ਇਨ੍ਹਾਂ ਵਿੱਚੋਂ 666 ਮ੍ਰਿਤਕਾਂ ਦੀ ਅਜੇ ਤੱਕ ਸ਼ਨਾਖ਼ਤ ਨਹੀਂ ਹੋ ਸਕੀ, ਜਦੋਂ ਕਿ ਸਿਰਫ਼ 357 ਲਾਸ਼ਾਂ ਦੇ ਵਾਰਿਸਾਂ ਦਾ ਹੀ ਪਤਾ ਲਗਾਇਆ ਜਾ ਸਕਿਆ ਹੈ।

ਇਹ ਸਾਰੀ ਜਾਣਕਾਰੀ ਆਰਟੀਆਈ ਕਾਰਕੁੰਨ ਅਤੇ ਸਮਾਜ ਸੇਵੀ ਸੰਜੀਵ ਗੋਇਲ ਵੱਲੋਂ 13 ਫਰਵਰੀ 2026 ਨੂੰ ਸੀਨੀਅਰ ਪੁਲਿਸ ਕਪਤਾਨ ਦੇ ਦਫ਼ਤਰ ਵਿਖੇ ਲਾਈ ਗਈ ਆਰਟੀਆਈ ਦੇ ਜਵਾਬ ਵਿੱਚ ਪ੍ਰਾਪਤ ਹੋਈ ਹੈ। ਪੁਲਿਸ ਵੱਲੋਂ 19 ਮਈ 2026 ਨੂੰ ਦਿੱਤੇ ਗਏ ਅੰਕੜੇ ਦੱਸਦੇ ਹਨ ਕਿ ਮਿਲੀਆਂ ਲਾਸ਼ਾਂ ਵਿੱਚੋਂ ਕੇਵਲ 34.90 ਫ਼ੀਸਦੀ ਦੀ ਹੀ ਪਛਾਣ ਸੰਭਵ ਹੋ ਸਕੀ, ਜਦੋਂ ਕਿ 65.10 ਫ਼ੀਸਦੀ ਮ੍ਰਿਤਕ ਅਣਪਛਾਤੇ ਹੀ ਰਹਿ ਗਏ। ਅਜਿਹੀ ਹਾਲਤ ਵਿੱਚ ਵਾਰਿਸ ਨਾ ਮਿਲਣ ਕਾਰਨ ਇਨ੍ਹਾਂ ਵਿੱਚੋਂ ਜ਼ਿਆਦਾਤਰ ਲਾਸ਼ਾਂ ਦਾ ਸਸਕਾਰ ਵੱਖ-ਵੱਖ ਸਮਾਜਿਕ, ਧਾਰਮਿਕ ਜਥੇਬੰਦੀਆਂ ਅਤੇ ਐਨਜੀਓ ਵੱਲੋਂ ਆਪਣੇ ਪੱਧਰ 'ਤੇ ਕਰਵਾਇਆ ਗਿਆ।

ਜੇਕਰ ਇਸ 16 ਸਾਲਾਂ ਦੇ ਰਿਕਾਰਡ ਦਾ ਸਾਲਾਨਾ ਹਿਸਾਬ ਲਾਇਆ ਜਾਵੇ ਤਾਂ ਜ਼ਿਲ੍ਹੇ ਵਿੱਚ ਹਰ ਸਾਲ ਔਸਤਨ 64 ਲਾਵਾਰਿਸ ਲਾਸ਼ਾਂ ਮਿਲਦੀਆਂ ਹਨ, ਜੋ ਕਿ ਹਰ ਮਹੀਨੇ ਪੰਜ ਤੋਂ ਵਧੇਰੇ ਲਾਸ਼ਾਂ ਬਣਦੀਆਂ ਹਨ। ਇੰਨੀ ਵੱਡੀ ਗਿਣਤੀ ਵਿੱਚ ਲਾਵਾਰਿਸ ਲਾਸ਼ਾਂ ਦਾ ਮਿਲਣਾ ਪ੍ਰਸ਼ਾਸਨ ਅਤੇ ਜਾਂਚ ਏਜੰਸੀਆਂ ਲਈ ਕਈ ਸਵਾਲ ਖੜ੍ਹੇ ਕਰਦਾ ਹੈ ਕਿ ਆਖ਼ਰ ਇਹ ਮ੍ਰਿਤਕ ਦੇਹਾਂ ਕਿੱਥੋਂ ਆ ਰਹੇ ਹਨ। ਮਾਹਿਰਾਂ ਮੁਤਾਬਕ ਹਰ ਤਿੰਨ ਵਿੱਚੋਂ ਦੋ ਲਾਸ਼ਾਂ ਦੀ ਪਛਾਣ ਨਾ ਹੋ ਪਾਉਣਾ ਚਿੰਤਾਜਨਕ ਹੈ। ਇਸ ਸਥਿਤੀ ਨੂੰ ਸੁਧਾਰਨ ਲਈ ਡਿਜੀਟਲ ਰਿਕਾਰਡ, ਆਧੁਨਿਕ ਫੋਰੈਂਸਿਕ ਤਕਨੀਕ ਅਤੇ ਗੁਆਂਢੀ ਰਾਜਾਂ ਦੀ ਪੁਲਿਸ ਨਾਲ ਬਿਹਤਰ ਤਾਲਮੇਲ ਬਣਾਉਣਾ ਬੇਹੱਦ ਜ਼ਰੂਰੀ ਹੈ।

ਅੰਕੜੇ ਦੱਸਦੇ ਹਨ ਕਿ ਸਾਲ 2021-22 ਦੌਰਾਨ ਜ਼ਿਲ੍ਹੇ ਵਿੱਚ ਸਭ ਤੋਂ ਜ਼ਿਆਦਾ 99 ਲਾਵਾਰਿਸ ਲਾਸ਼ਾਂ ਮਿਲੀਆਂ ਸਨ। ਇਸ ਤੋਂ ਇਲਾਵਾ ਸਾਲ 2022-23 ਵਿੱਚ 93, ਸਾਲ 2024-25 ਵਿੱਚ 92 ਅਤੇ ਸਾਲ 2025-26 ਵਿੱਚ 90 ਲਾਸ਼ਾਂ ਪੁਲਿਸ ਵੱਲੋਂ ਬਰਾਮਦ ਕੀਤੀਆਂ ਗਈਆਂ।



# ਮਾਝਾ-ਦੁਆਬਾ

ਆਸ ਪਾਸ



## ਨਗਰ ਕੌਂਸਲ ਚੋਣਾਂ ਦੀ ਜਿੱਤ ਉਪਰੰਤ ਹਰਭਜਨ ਸਿੰਘ ਈਟੀਓ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਟੇਕਿਆ ਮੱਥਾ



ਅੰਮ੍ਰਿਤਸਰ, 31 ਮਈ (ਬਬਲੂ ਮਹਾਜਨ) : ਨਗਰ ਕੌਂਸਲ ਜੰਡਿਆਲਾ ਗੁਰੂ ਦੀਆਂ 15 ਵਿੱਚੋਂ 13 ਸੀਟਾਂ 'ਤੇ ਆਮ ਆਦਮੀ ਪਾਰਟੀ ਵੱਲੋਂ ਸ਼ਾਨਦਾਰ ਜਿੱਤ ਹਾਸਲ ਕਰਨ ਉਪਰੰਤ ਪੰਜਾਬ ਦੇ ਲੋਕ ਨਿਰਮਾਣ ਅਤੇ ਬਿਜਲੀ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਅਦਾ ਕੀਤਾ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਜੰਡਿਆਲਾ ਗੁਰੂ ਦੇ ਲੋਕਾਂ ਨੇ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਵਿਕਾਸ ਕਾਰਜਾਂ ਅਤੇ ਲੋਕ ਭਲਾਈ ਦੀਆਂ ਨੀਤੀਆਂ ਤੇ ਆਪਣੀ ਮੋਹਰ ਲਗਾਈ ਹੈ। ਉਨ੍ਹਾਂ ਕਿਹਾ ਕਿ ਇਹ ਜਿੱਤ ਜੰਡਿਆਲਾ ਗੁਰੂ ਦੇ ਆਮ ਲੋਕਾਂ ਦੀ ਜਿੱਤ ਹੈ, ਜਿਨ੍ਹਾਂ ਨੇ ਵਿਕਾਸ, ਪਾਰਦਰਸ਼ਤਾ ਅਤੇ ਇਮਾਨਦਾਰ ਸ਼ਾਸਨ ਨੂੰ ਆਪਣਾ ਸਮਰਥਨ ਦਿੱਤਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਵਚਨਬੱਧ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਜੰਡਿਆਲਾ ਗੁਰੂ ਦੇ ਵਿਕਾਸ ਲਈ ਹੋਰ ਵੱਡੇ ਪ੍ਰੋਜੈਕਟ ਲਿਆਂਦੇ ਜਾਣਗੇ।ਕੈਬਨਿਟ ਮੰਤਰੀ ਨੇ ਜੰਡਿਆਲਾ ਗੁਰੂ ਦੇ ਸਮੂਹ ਵੋਟਰਾਂ, ਪਾਰਟੀ ਵਰਕਰਾਂ ਅਤੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੋਕਾਂ ਵੱਲੋਂ ਦਿੱਤਾ ਗਿਆ ਇਹ ਫਤਵਾ ਉਨ੍ਹਾਂ ਦੀਆਂ ਉਮੀਦਾਂ ਤੇ ਖਰਾ ਉਤਰਨ ਲਈ ਹੋਰ ਜ਼ਿੰਮੇਵਾਰੀ ਨਾਲ ਕੰਮ ਕਰਨ ਦੀ ਪ੍ਰੇਰਣਾ ਦੇਵੇਗਾ। ਇਸ ਮੌਕੇ ਉਨ੍ਹਾਂ ਨੇ ਪੰਜਾਬ ਦੀ ਤਰੱਕੀ, ਖੁਸ਼ਹਾਲੀ ਅਤੇ ਸਰਬੱਤ ਦੇ ਭਲੇ ਲਈ ਵੀ ਅਰਦਾਸ ਕੀਤੀ।

## ਬਿੱਟੂ ਨੇ ਵਿਵਾਦਿਤ ਬਿਆਨ 'ਤੇ ਮੰਗੀ ਮੁਆਫ਼ੀ, ਕਿਹਾ-ਕਿਸੇ ਭਾਈਚਾਰੇ ਦੀ ਭਾਵਨਾ ਨੂੰ ਠੇਸ ਪਹੁੰਚਾਉਣ ਦਾ ਮੇਰਾ ਕੋਈ ਇਰਾਦਾ ਨਹੀਂ ਸੀ

### ਅੰਮ੍ਰਿਤਸਰ ਹਵਾਈ ਅੱਡੇ 'ਤੇ ਮੀਡੀਆ ਨਾਲ ਗੱਲਬਾਤ ਦੌਰਾਨ ਕੇਂਦਰੀ ਰਾਜ ਮੰਤਰੀ ਨੇ ਦਿੱਤੀ ਸਫ਼ਾਈ



ਅੰਮ੍ਰਿਤਸਰ, 31 ਮਈ (ਬਬਲੂ ਮਹਾਜਨ) : ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਅੰਮ੍ਰਿਤਸਰ ਹਵਾਈ ਅੱਡੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਪਣੇ ਹਾਲੀਆ ਵਿਵਾਦਿਤ ਬਿਆਨ ਸਬੰਧੀ ਸਫਾਈ ਦਿੱਤੀ ਅਤੇ ਜਨਤਕ ਤੌਰ 'ਤੇ ਮੁਆਫ਼ੀ ਵੀ ਮੰਗੀ। ਬਿੱਟੂ ਨੇ ਕਿਹਾ ਕਿ ਉਨ੍ਹਾਂ ਦੇ ਮੂੰਹੋਂ ਨਿਕਲੇ ਕੁਝ ਸ਼ਬਦਾਂ ਕਾਰਨ ਜੇ ਕਿਸੇ ਵੀ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ, ਤਾਂ ਉਹ ਦਿਲੋਂ ਖੇਦ ਪ੍ਰਗਟ ਕਰਦੇ ਹਨ ਅਤੇ ਭਵਿੱਖ ਵਿੱਚ ਅਜਿਹੀ ਗਲਤੀ ਨਾ ਹੋਵੇ, ਇਸ ਲਈ ਵਿਸ਼ੇਸ਼ ਧਿਆਨ ਰੱਖਣਗੇ।ਉਨ੍ਹਾਂ ਕਿਹਾ ਕਿ ਜੇਕਰ ਕੋਈ ਕਮਿਸ਼ਨ ਜਾਂ ਸੰਬੰਧਿਤ ਅਥਾਰਟੀ ਉਨ੍ਹਾਂ ਨੂੰ ਸੱਦਾ ਦਿੰਦੀ ਹੈ, ਤਾਂ ਉਹ ਖੁਦ ਜਾ ਕੇ ਆਪਣਾ ਪੱਖ ਰੱਖਣਗੇ ਅਤੇ ਲੋੜ ਪੈਣ 'ਤੇ ਲਿਖਤੀ ਰੂਪ ਵਿੱਚ ਵੀ ਮੁਆਫ਼ੀ ਮੰਗਣਗੇ।ਰਹੇ ਹਨ।ਕੈਪਟਨ ਅਮਰਿੰਦਰ ਸਿੰਘ ਵੱਲੋਂ ਪੰਜਾਬ ਭਾਜਪਾ ਦੀ ਅਗਵਾਈ ਬਾਰੇ ਦਿੱਤੇ ਗਏ ਬਿਆਨਾਂ ਸਬੰਧੀ ਪੁੱਛੇ ਗਏ ਸਵਾਲ 'ਤੇ ਬਿੱਟੂ ਨੇ ਕਿਹਾ ਕਿ ਪਾਰਟੀ ਹਾਈਕਮਾਂਡ ਦੇ ਫੈਸਲੇ ਦਾ ਸਾਰੇ ਆਗੂ ਸਤਿਕਾਰ ਕਰਦੇ ਹਨ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੀ ਰਾਜਨੀਤੀ ਦੇ ਤਜਰਬੇਕਾਰ ਅਤੇ ਸੀਨੀਅਰ ਆਗੂ ਹਨ, ਜਿਨ੍ਹਾਂ ਦਾ ਸਤਿਕਾਰ ਕਰਨਾ ਹਰ ਕਿਸੇ ਦਾ ਫਰਜ਼ ਹੈ।।ਪੰਜਾਬ ਦੀ ਕਾਨੂੰਨ-ਵਿਵਸਥਾ 'ਤੇ ਗੱਲ ਕਰਦਿਆਂ ਬਿੱਟੂ ਨੇ ਕਿਹਾ ਕਿ ਸੂਬੇ ਵਿੱਚ ਗੈਂਗਸਟਰਵਾਦ ਅਤੇ ਅਪਰਾਧਿਕ ਗਤੀਵਿਧੀਆਂ ਚਿੰਤਾ ਦਾ ਵਿਸ਼ਾ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਸਮੇਂ ਦੌਰਾਨ ਕਈ ਗੰਭੀਰ ਵਾਰਦਾਤਾਂ ਹੋਈਆਂ ਹਨ, ਜਿਨ੍ਹਾਂ ਵਿੱਚ ਪੁਲਿਸ ਮੁਲਾਜ਼ਮਾਂ ਤੇ ਹਮਲੇ ਅਤੇ ਹਥਿਆਰ ਲੁੱਟਣ ਦੀਆਂ ਘਟਨਾਵਾਂ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਅਪਰਾਧੀਆਂ ਅਤੇ ਗੈਂਗਸਟਰਾਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਲੋੜ ਹੈ ਅਤੇ ਸਮਾਜ ਦੇ ਹਰ ਵਰਗ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦਾ ਸਹਿਯੋਗ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜਦੋਂ ਵੀ ਪੁਲਿਸ ਅਪਰਾਧੀਆਂ ਖ਼ਿਲਾਫ਼ ਕਾਰਵਾਈ ਕਰਦੀ ਹੈ ,ਤਾਂ ਕਈ ਵਾਰ ਉਸ ਨੂੰ ਵੱਖ-ਵੱਖ ਪੱਧਰਾਂ 'ਤੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਕਾਰਨ ਕਾਨੂੰਨ-ਵਿਵਸਥਾ ਕਾਇਮ ਰੱਖਣ ਵਿੱਚ ਮੁਸ਼ਕਲਾਂ ਆਉਂਦੀਆਂ ਹਨ। ਬਿੱਟੂ ਨੇ ਦਲੀਲ ਦਿੱਤੀ ਕਿ ਪੰਜਾਬ ਨੂੰ ਅਪਰਾਧ ਅਤੇ ਗੈਂਗਸਟਰਵਾਦ ਤੋਂ ਮੁਕਤ ਕਰਨ ਲਈ ਮਜ਼ਬੂਤ ਅਤੇ ਨਿਰਣਾਇਕ ਕਦਮ ਚੁੱਕਣ ਦੀ ਲੋੜ ਹੈ।ਕਾਂਗਰਸ ਪਾਰਟੀ ਦੀ ਅੰਦਰੂਨੀ ਸਥਿਤੀ ਬਾਰੇ ਸਵਾਲ ਦੇ ਜਵਾਬ ਵਿੱਚ ਬਿੱਟੂ ਨੇ ਕਿਹਾ ਕਿ ਪਾਰਟੀ ਅੰਦਰ ਚੱਲ ਰਹੇ ਵਿਵਾਦ ਅਤੇ ਆਗੂਆਂ ਵਿਚਾਲੇ ਮਤਭੇਦ ਹੁਣ ਖੁੱਲ੍ਹ ਕੇ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਵੱਖ-ਵੱਖ ਆਗੂਆਂ ਵੱਲੋਂ ਇਕ-ਦੂਜੇ ਖ਼ਿਲਾਫ਼ ਦਿੱਤੇ ਜਾ ਰਹੇ ਬਿਆਨ ਇਸ ਗੱਲ ਦਾ ਸੰਕੇਤ ਹਨ ਕਿ ਪਾਰਟੀ ਅੰਦਰ ਏਕਤਾ ਦੀ ਕਮੀ ਹੈ।

## ਅਕਾਲੀ ਦਲ ਵਾਰਸ ਪੰਜਾਬ ਦੇ ਆਗੂਆਂ ਨੇ ਗੁਰਦੁਆਰਾ ਸ਼ਹੀਦਾਂ ਸੰਗਰਾਵਾਂ ਵਿਖੇ ਕੀਤੀ ਪੰਥਕ ਮਿਲਣੀ

### ਕਸ਼ਮੀਰ ਸਿੰਘ ਪੰਜਗਰਾਈਂ ਦੀ ਅਗਵਾਈ ਹੇਠ ਪੰਥਕ ਮਸਲਿਆਂ 'ਤੇ ਹੋਈ ਵਿਚਾਰ-ਚਰਚਾ



ਅੰਮ੍ਰਿਤਸਰ , 31 ਮਈ (ਬਬਲੂ ਮਹਾਜਨ) : ਅਕਾਲੀ ਦਲ ਵਾਰਸ ਪੰਜਾਬ ਦੇ ਹਲਕਾ ਸ੍ਰੀ ਹਰਗੋਬਿੰਦਪੁਰ ਤੋਂ ਕਸ਼ਮੀਰ ਸਿੰਘ ਪੰਜਗਰਾਈਂ ਦੀ ਅਗਵਾਈ ਹੇਠ ਸਮੂਹ ਜ਼ਿੰਮੇਵਾਰ ਨੁਮਾਇੰਦਿਆਂ ਨੇ ਅੱਜ ਗੁਰਦੁਆਰਾ ਸ਼ਹੀਦਾਂ ਸੰਗਰਾਵਾਂ ਵਿਖੇ ਪਹੁੰਚ ਕੇ ਸਿੰਘ ਸਾਹਿਬ ਬਾਬਾ ਰਾਮ ਸਿੰਘ ਖਾਲਸਾ ਭਿੰਡਰਾਂਵਾਲੇ, ਮੁਖੀ ਦਮਦਮੀ ਟਕਸਾਲ ਨਾਲ ਪੰਥਿਕ ਮਿਲਣੀ ਕੀਤੀ।ਇਸ ਮੌਕੇ ਹਾਜ਼ਰ ਆਗੂਆਂ ਅਤੇ ਸੰਗਤਾਂ ਨੇ ਪੰਥ ਦੀ ਚੜ੍ਹਦੀ ਕਲਾ, ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ ਅਤੇ ਧਾਰਮਿਕ ਕਦਰਾਂ-ਕੀਮਤਾਂ ਦੀ ਰੱਖਿਆ ਸਬੰਧੀ ਵਿਚਾਰਾਂ ਦੀ ਸਾਂਝ ਪਾਈ। ਸਿੰਘ ਸਾਹਿਬ ਬਾਬਾ ਰਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਸੰਗਤ ਨੂੰ ਗੁਰੂ ਘਰ ਨਾਲ ਜੁੜੇ ਰਹਿਣ, ਗੁਰਬਾਣੀ ਅਤੇ ਗੁਰਮਤਿ ਸਿਧਾਂਤਾਂ ਅਨੁਸਾਰ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੱਤਾ।ਕਸ਼ਮੀਰ ਸਿੰਘ ਪੰਜਗਰਾਈਂ ਨੇ ਕਿਹਾ ਕਿ ਪੰਥਿਕ ਏਕਤਾ ਸਮੇਂ ਦੀ ਮੁੱਖ ਲੋੜ ਹੈ ਅਤੇ ਸਿੱਖ ਕੌਮ ਨੂੰ ਦਰਪੇਸ਼ ਮਸਲਿਆਂ ਦੇ ਹੱਲ ਲਈ ਸਾਰੀਆਂ ਪੰਥਿਕ ਧਿਰਾਂ ਨੂੰ ਇਕੱਠੇ ਹੋ ਕੇ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਮਿਲਣੀਆਂ ਆਪਸੀ ਸਾਂਝ ਅਤੇ ਏਕਤਾ ਨੂੰ ਹੋਰ ਮਜ਼ਬੂਤ ਕਰਦੀਆਂ ਹਨ।ਸਮਾਗਮ ਦੌਰਾਨ ਸੰਗਤਾਂ ਨੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਪੰਥਕ ਆਗੂ, ਵਰਕਰ ਅਤੇ ਸੰਗਤਾਂ ਹਾਜ਼ਰ ਸਨ। ਸਮਾਗਮ ਦਾ ਮਾਹੌਲ ਧਾਰਮਿਕ ਅਤੇ ਆਤਮਿਕ ਰੰਗ ਵਿੱਚ ਰੰਗਿਆ ਹੋਇਆ ਸੀ ਅਤੇ ਹਾਜ਼ਰੀਨ ਨੇ ਪੰਥ ਦੀ ਮਜ਼ਬੂਤੀ ਅਤੇ ਏਕਤਾ ਲਈ ਮਿਲ ਕੇ ਕੰਮ ਕਰਨ ਦਾ ਅਹਿਦ ਲਿਆ।

## ਡਾ. ਅਜੇ ਗੁਪਤਾ ਨੇ ਕੱਚੀਆਂ ਗਲ਼ੀਆਂ ਵਿੱਚ ਸੀਵਰੇਜ਼ ਅਤੇ ਕੰਕਰੀਟ ਪਾਉਣ ਦਾ ਉਦਘਾਟਨ



ਅੰਮ੍ਰਿਤਸਰ, 31 ਮਈ (ਬਬਲੂ ਮਹਾਜਨ) : ਕੇਂਦਰੀ ਵਿਧਾਨ ਸਭਾ ਹਲਕੇ ਦੇ ਵਿਧਾਇਕ ਡਾ. ਅਜੇ ਗੁਪਤਾ ਨੇ ਅੱਜ ਅਨਗਾੜ ਖੇਤਰ ਵਿੱਚ ਬਾਬਾ ਜੀਵਨ ਸਿੰਘ ਕਲੋਨੀ ਆਬਾਦੀ ਦੀਆਂ ਕੱਚੀਆਂ ਗਲੀਆਂ ਵਿੱਚ ਸੀਵਰੇਜ਼ ਅਤੇ ਕੰਕਰੀਟ ਪਾਉਣ ਲਈ ਵਿਕਾਸ ਕਾਰਜ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਪਹਿਲਾਂ ਕਿਸੇ ਨੇ ਇਸ ਵੱਲ ਧਿਆਨ ਨਹੀਂ ਦਿੱਤਾ। ਥੋੜ੍ਹੀ ਜਿਹੀ ਬਾਰਿਸ਼ ਵੀ ਇਨ੍ਹਾਂ ਗਲੀਆਂ ਨੂੰ ਚਿੱਕੜ ਨਾਲ ਭਰ ਦਿੰਦੀ ਹੈ, ਜਿਸ ਕਾਰਨ ਇਹ ਲੰਘਣਯੋਗ ਨਹੀਂ ਹੋ ਜਾਂਦੀਆਂ। ਸੀਵਰੇਜ ਦੀ ਘਾਟ ਕਾਰਨ ਇਸ ਖੇਤਰ ਦੇ ਵਸਨੀਕਾਂ ਨੂੰ ਗੁਜ਼ਾਰਾ ਕਰਨ ਲਈ ਸੰਘਰਸ਼ ਕਰਨਾ ਪੈ ਰਿਹਾ ਸੀ। ਜਨਤਕ ਮੰਗ ਦੇ ਮੱਦੇਨਜ਼ਰ, ਇੱਥੇ ਵਿਕਾਸ ਕਾਰਜ ਸ਼ੁਰੂ ਕੀਤੇ ਗਏ ਹਨ।ਵਿਧਾਇਕ ਡਾ. ਅਜੇ ਗੁਪਤਾ ਨੇ ਕਿਹਾ ਕਿ ਕੇਂਦਰੀ ਵਿਧਾਨ ਸਭਾ ਹਲਕੇ ਦਾ ਕੋਈ ਵੀ ਖੇਤਰ ਵਿਕਾਸ ਕਾਰਜ ਤੋਂ ਬਿਨਾਂ ਨਹੀਂ ਛੱਡਿਆ ਜਾਵੇਗਾ। ਉਨ੍ਹਾਂ ਕਿਹਾ ਕਿ ਹਲਕੇ ਦੇ ਸਾਰੇ ਵਾਰਡਾਂ ਅਤੇ ਪੰਚਾਇਤਾਂ ਵਿੱਚ ਵਿਕਾਸ ਕਾਰਜ ਲਗਾਤਾਰ ਕੀਤੇ ਜਾ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਪਹਿਲਾਂ ਹੀ ਮਨਜ਼ੂਰ ਕੀਤੇ ਜਾ ਚੁੱਕੇ ਹਨ। ਜਿਨ੍ਹਾਂ ਇਲਾਕਿਆਂ ਵਿੱਚ ਵਿਕਾਸ ਕਾਰਜ ਕੀਤੇ ਜਾਣੇ ਹਨ, ਉਨ੍ਹਾਂ ਲਈ ਟੈਂਡਰਿੰਗ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਉਹ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹਨ।ਇਸ ਮੌਕੇ ਪੰਜਾਬ ਸਰਕਾਰ ਦੀ ਕਾਰਜਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਸੈਂਕੜੇ ਪਰਿਵਾਰ ਆਪਣੀਆਂ ਰਵਾਇਤੀ ਪਾਰਟੀਆਂ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਵਿਧਾਇਕ ਡਾ. ਗੁਪਤਾ ਨੇ ਸਾਰਿਆਂ ਦਾ ਸਵਾਗਤ ਕੀਤਾ। ਬਲਾਕ ਮੁਖੀ ਗੁਰਦਾਸ ਸਿੰਘ,ਸਨਪ੍ਰੀਤ ਸਿੰਘ ਭਾਟੀਆ,ਸਾਜਨ ਕੁਮਾਰ, ਬਖਸ਼ੀਸ ਸਿੰਘ, ਲਖਵਿੰਦਰ ਸਿੰਘ, ਮਨੂ ਕੁਮਾਰ, ਵਿਮਲ ਕੁਮਾਰ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮੌਜੂਦ ਸਨ।

## ਖ਼ਾਲਸਾ ਕਾਲਜ ਮਾਹਿਲਪੁਰ ਦੇ ਦਾਖ਼ਲਾ ਕੇਂਦਰ ਦਾ ਉਦਘਾਟਨ

ਮਾਹਿਲਪੁਰ, 31 ਮਈ ( ਰਵੀ ਬੱਗਾ) : ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵੱਲੋਂ ਨਵੇਂ ਸੈਸ਼ਨ 2026-27 ਵਿੱਚ ਦਾਖ਼ਲੇ ਸਬੰਧੀ ਖੇਤਰ ਦੇ ਕਸਬਾ ਸੈਲਾ ਖੁਰਦ ਅਧੀਨ ਪੈਂਦੇ ਪਿੰਡ ਕੁੱਕੜਾਂ ਦੇ ਬੱਸ ਅੱਡਾ ਨੇੜੇ ਸੀਐੱਸਸੀ ਸੈਂਟਰ ਵਿਖੇ ਵਿਦਿਆਰਥੀਆਂ ਦੀ ਕਰੀਅਰ ਸੇਧ ਅਤੇ ਕਾਉਂਸਲਿੰਗ ਦੀ ਸਹੂਲਤ ਲਈ ਅੱਜ ਵਿਸ਼ੇਸ਼ ਦਾਖ਼ਲਾ ਕੇਂਦਰ ਖੋਲ੍ਹਿਆ ਗਿਆ। ਦਾਖ਼ਲਾ ਕੇਂਦਰ ਦਾ ਉਦਘਾਟਨ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਅਤੇ ਪਿੰਡ ਦੀਆਂ ਮੋਹਤਬਰ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਪਿੰਡ ਦੀ ਮਹਿਲਾ ਸਰਪੰਚ ਮੈਡਮ ਸਵੀਟੀ ਨੇ ਕੀਤਾ। ਇਸ ਮੌਕੇ ਡਾ ਜੇ ਬੀ ਸੇਖੋਂ ਨੇ ਸਵਾਗਤੀ ਸ਼ਬਦ ਸਾਂਝੇ ਕੀਤੇ ਅਤੇ ਕਾਲਜ ਵੱਲੋ ਇਲਾਕੇ ਦੇ ਵਿਕਾਸ ਵਿੱਚ ਪਾਏ ਯੋਗਦਾਨ ਬਾਰੇ ਦੱਸਿਆ। ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਕਿਹਾ ਕਿ ਇਸ ਦਾਖ਼ਲਾ ਕੇਂਦਰ ਦੀ ਸਹੂਲਤ ਨਾਲ ਇਲਾਕੇ ਦੇ ਵਿਦਿਆਰਥੀਆਂ ਨੂੰ ਵੱਡਾ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਕਸਬਾ ਜੇਜੋਂ ਤੋਂ ਸੈਲਾਖੁਰਦ ਵਿਚਕਾਰ ਅਤੇ ਨੇੜਲੇ ਪਿੰਡਾਂ ਦੇ ਵਿਦਿਆਰਥੀ ਕੇਂਦਰ ਵਿੱਚ ਆ ਕੇ ਮਾਹਿਰ ਸਟਾਫ਼ ਤੋਂ ਆਪਣੀ ਚੋਣ ਅਨੁਸਾਰ ਵੱਖ-ਵੱਖ ਕੋਰਸਾਂ ਸਬੰਧੀ ਜਾਣਕਾਰੀ ਲੈ ਸਕਦੇ ਹਨ। ਇਸ ਮੌਕੇ ਪਿੰਡ ਦੇ ਸਾਬਕਾ ਸਰਪੰਚ ਅਤੇ ਸਮਾਜ ਸੇਵੀ ਜੁਝਾਰ ਸਿੰਘ ਸਨੀ ਨਾਗਰਾ ਨੇ ਆਪਣੇ ਸੰਬੋਧਨ ਵਿੱਚ ਸੰਸਥਾ ਨੂੰ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ ਪੰਚਾਇਤ ਮੈਂਬਰ ਗਗਨਵੀਰ ਸਿੰਘ, ਕਸ਼ਮੀਰ ਸਿੰਘ ਹਾਜ਼ਰ ਸੀ।

## ਡੀ.ਜੀ.ਪੀ. ਵੱਲੋਂ ਐਸ.ਆਈ. ਪਵਨ ਕੁਮਾਰ ਦਾ ਸ਼ਾਨਦਾਰ ਕਾਰਗੁਜ਼ਾਰੀ ਬਦਲੇ ਵਿਸ਼ੇਸ਼ ਸਨਮਾਨ



ਅੰਮ੍ਰਿਤਸਰ, 31 ਮਈ (ਬਬਲੂ ਮਹਾਜਨ): ਸੀ.ਆਈ.ਏ. ਸਟਾਫ ਅੰਮ੍ਰਿਤਸਰ-1 ਵਿਖੇ ਤਾਇਨਾਤ ਸਬ ਇੰਸਪੈਕਟਰ ਪਵਨ ਕੁਮਾਰ ਨੂੰ ਨਸ਼ਾ ਤਸਕਰਾਂ ਖ਼ਿਲਾਫ਼ ਕੀਤੀਆਂ ਗਈਆਂ ਪ੍ਰਭਾਵਸ਼ਾਲੀ ਕਾਰਵਾਈਆਂ ਅਤੇ ਸ਼ਾਨਦਾਰ ਸੇਵਾਵਾਂ ਲਈ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਵੱਲੋਂ ਸਨਮਾਨਿਤ ਕੀਤਾ ਗਿਆ। ਐਸ.ਆਈ. ਪਵਨ ਕੁਮਾਰ ਨੇ ਬੀਤੇ ਸਮੇਂ ਦੌਰਾਨ ਹੈਰੋਇਨ ਦੀਆਂ ਕਈ ਵੱਡੀਆਂ ਖੇਪਾਂ ਬਰਾਮਦ ਕਰਕੇ ਨਾਮੀ ਨਸ਼ਾ ਤਸਕਰਾਂ ਨੂੰ ਕਾਨੂੰਨ ਦੇ ਘੇਰੇ ਵਿੱਚ ਲਿਆਉਂਦਿਆਂ ਜੇਲ੍ਹਾਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।ਸਨਮਾਨ ਸਮਾਗਮ ਦੌਰਾਨ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਸਮੇਤ ਹੋਰ ਉੱਚ ਪੁਲਿਸ ਅਧਿਕਾਰੀ ਵੀ ਮੌਜੂਦ ਸਨ। ਅਧਿਕਾਰੀਆਂ ਨੇ ਐਸ.ਆਈ. ਪਵਨ ਕੁਮਾਰ ਦੀ ਮਿਹਨਤ, ਇਮਾਨਦਾਰੀ ਅਤੇ ਫਰਜ਼ ਪ੍ਰਤੀ ਸਮਰਪਣ ਦੀ ਭਰਪੂਰ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ।ਇਸ ਮੌਕੇ ਐਸ.ਆਈ. ਪਵਨ ਕੁਮਾਰ ਨੇ ਡੀਜੀਪੀ ਪੰਜਾਬ ਅਤੇ ਪੁਲਿਸ ਕਮਿਸ਼ਨਰ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਇਹ ਸਨਮਾਨ ਉਨ੍ਹਾਂ ਲਈ ਹੋਰ ਵਧੀਆ ਕੰਮ ਕਰਨ ਦੀ ਪ੍ਰੇਰਣਾ ਹੈ। ਉਨ੍ਹਾਂ ਕਿਹਾ ਕਿ ਉਹ ਭਵਿੱਖ ਵਿੱਚ ਵੀ ਪੂਰੀ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਆਪਣੀਆਂ ਡਿਊਟੀਆਂ ਨਿਭਾਉਂਦੇ ਹੋਏ ਨਸ਼ਾ ਤਸਕਰੀ ਅਤੇ ਅਪਰਾਧ ਖ਼ਿਲਾਫ਼ ਕਾਰਵਾਈ ਜਾਰੀ ਰੱਖਣਗੇ। ਇਹ ਸਨਮਾਨ ਉਨ੍ਹਾਂ ਦੇ ਹੌਸਲੇ ਨੂੰ ਹੋਰ ਮਜ਼ਬੂਤ ਕਰੇਗਾ।

## ਪੰਜਾਬ ਮੰਡੀ ਬੋਰਡ ਫੀਲਡ ਇਪਲਾਈਜ਼ ਯੂਨੀਅਨ ਦੀ ਹੋਈ ਚੋਣ, ਗੁਰਮੀਤ ਸਿੰਘ ਬਣੇ ਸੂਬਾ ਪ੍ਰਧਾਨ



ਕੋਟ ਈਸੇ ਖਾਂ, 31 ਮਈ (ਹਰਜੀਤ ਛਾਬੜਾ, ਗੁਰਦੇਵ ਖੁਰਾਣਾ) : ਅੱਜ ਪੰਜਾਬ ਮੰਡੀ ਬੋਰਡ ਫੀਲਡ ਇਪਲਾਈਜ਼ ਯੂਨੀਅਨ ਪੰਜਾਬ ਦੀ ਮੀਟਿੰਗ ਪੈਨਸ਼ਨ ਭਵਨ ਲੁਧਿਆਣਾ ਵਿਖੇ ਖੁਸ਼ਵੰਤ ਸਿੰਘ ਬਾਜਵਾ, ਵੀਰਇੰਦਰ ਜੀਤ ਸਿੰਘ ਪੁਰੀ, ਜਤਿੰਦਰ ਕੁਮਾਰ ਫਰੀਦਕੋਟ ਦੀ ਪ੍ਰਧਾਨਗੀ ਹੇਠ ਕੀਤੀ ਗਈ ਅਤੇ ਸਰਬ ਸੰਮਤੀ ਨਾਲ 15 ਮੈਂਬਰੀ ਸੂਬਾ ਕਮੇਟੀ ਦੀ ਚੋਣ ਕੀਤੀ ਗਈ ਜਿਸ ਵਿੱਚ ਖੁਸ਼ਵੰਤ ਸਿੰਘ ਬਾਜਵਾ ਸਰਪ੍ਰਸਤ, ਵੀਰਇੰਦਰ ਜੀਤ ਸਿੰਘ ਪੁਰੀ ਚੇਅਰਮੈਨ, ਬਲਵਿੰਦਰ ਸਿੰਘ ਬਿਸਾਖਾ ਮੁੱਖ ਸਲਾਹਕਾਰ, ਗੁਰਮੀਤ ਸਿੰਘ ਮੋਗਾ ਸੂਬਾ ਪ੍ਰਧਾਨ, ਗੋਪਾਲ ਚੰਦ ਮੋਹਾਲੀ ਜਨਰਲ ਸਕੱਤਰ, ਸ਼ਵਿੰਦਰ ਸਿੰਘ ਭੱਟੀ ਫਰੀਦਕੋਟ ਜੁਆਇੰਟ ਸਕੱਤਰ, ਯਾਦਵਿੰਦਰ ਸਿੰਘ ਫਰੀਦਕੋਟ ਖਜਾਨਚੀ, ਬਲਵਿੰਦਰ ਸਿੰਘ ਜਲੰਧਰ ਸੀਨੀਅਰ ਮੀਤ ਪ੍ਰਧਾਨ, ਤੇਜਿੰਦਰਪਾਲ ਸਿੰਘ ਸਿੰਘ ਪਟਿਆਲਾ ਸੀਨੀਅਰ ਮੀਤ ਪ੍ਰਧਾਨ, ਸੁਸੀਲ ਕੁਮਾਰ ਲੁਧਿਆਣਾ ਪ੍ਰੈਸ ਸਕੱਤਰ, ਕਰਮਜੀਤ ਸਿੰਘ ਫਰੀਦਕੋਟ ਮੀਤ ਪ੍ਰਧਾਨ, ਬੇਅੰਤ ਸਿੰਘ ਗੁਰਦਾਸਪੁਰ ਮੀਤ ਪ੍ਰਧਾਨ, ਭੁਪਿੰਦਰ ਸਿੰਘ ਲੁਧਿਆਣਾ ਜੁਆਇੰਟ ਸਕੱਤਰ, ਇੰਦਰਜੀਤ ਸਿੰਘ ਪਟਿਆਲਾ ਜਥੇਬੰਧਕ ਸਕੱਤਰ, ਕਰਨ ਸਿੰਘ ਕਪੂਰਥਲਾ ਕਾਰਜਕਾਰੀ ਮੈਂਬਰ, ਹਰਦੀਪ ਸਿੰਘ ਲੁਧਿਆਣਾ ਕਾਰਜਕਾਰੀ ਮੈਂਬਰ, ਮਨਪ੍ਰੀਤ ਸਿੰਘ ਫਰੀਦਕੋਟ ਕਾਰਜਕਾਰੀ ਮੈਂਬਰ ਦੀ 17 ਮੈਂਬਰੀ ਸੂਬਾ ਕਮੇਟੀ ਦੀ ਚੋਣ ਕੀਤੀ ਗਈ ਜਤਿੰਦਰ ਕੁਮਾਰ ਪਸਸਫ ਸੂਬਾਈ ਆਗੂ ਨੇ ਭਰਾਤਰੀ ਸੰਦੇਸ਼ ਰਾਹੀਂ ਫੈਡਰੇਸ਼ਨ ਵੱਲੋਂ ਪੂਰਨ ਤੌਰ 'ਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਇਸ ਚੋਣ ਇਜਲਾਸ ਵਿੱਚ ਵੱਖ-ਵੱਖ ਜਿਲਿਆਂ ਤੋਂ ਮੁਲਾਜ਼ਮਾਂ ਨੇ ਭਰਵੀਂ ਸ਼ਮੂਲੀਅਤ ਕੀਤੀ।

## ਰਵਨੀਤ ਸਿੰਘ ਬਿੱਟੂ ਨੇ ਕੀਤਾ ਫਤਿਹਗੜ੍ਹ ਚੂੜੀਆਂ ਰੇਲਵੇ ਸਟੇਸ਼ਨ ਦਾ ਦੌਰਾ: ਕਿਹਾ, ਰੁਕੇ ਪ੍ਰੋਜੈਕਟ ਜਲਦ ਹੋਣਗੇ ਮੁਕੰਮਲ



ਫਤਿਹਗੜ੍ਹ ਚੂੜੀਆਂ, 31 ਮਈ (ਰਾਜਨ ਸ਼ਰਮਾ) :ਫਤਿਹਗੜ੍ਹ ਚੂੜੀਆਂ ਦੇ ਰੇਲਵੇ ਸਟੇਸ਼ਨ ਦੇ ਵਿਕਾਸ ਨੂੰ ਲੈ ਕੇ ਇੱਕ ਅਹਿਮ ਕਦਮ ਚੁੱਕਦਿਆਂ ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਸਟੇਸ਼ਨ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨਾਲ ਰਵੀਕਰਨ ਸਿੰਘ ਕਾਹਲੋਂ ਅਤੇ ਹੋਰ ਆਗੂ ਵੀ ਮੌਜੂਦ ਸਨ। ਦੌਰੇ ਦੌਰਾਨ ਸਟੇਸ਼ਨ ਵਿੱਚ ਰੁਕੇ ਹੋਏ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਗਿਆ।ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਫਤਿਹਗੜ੍ਹ ਚੂੜੀਆਂ, ਡੇਰਾ ਬਾਬਾ ਨਾਨਕ ਅਤੇ ਵੇਰਕਾ ਰੇਲਵੇ ਸਟੇਸ਼ਨਾਂ ਦੇ ਵਿਕਾਸ ਲਈ ਇੱਕ ਹਫ਼ਤੇ ਦੇ ਅੰਦਰ ਵਿਸ਼ੇਸ਼ ਤਕਨੀਕੀ ਟੀਮਾਂ ਭੇਜੀਆਂ ਜਾਣਗੀਆਂ, ਜੋ ਸਟੇਸ਼ਨਾਂ ਦੀਆਂ ਲੋੜਾਂ ਦਾ ਮੁਲਾਂਕਣ ਕਰਕੇ ਵਿਕਾਸ ਯੋਜਨਾ ਤਿਆਰ ਕਰਨਗੀਆਂ।ਉਨ੍ਹਾਂ ਕਿਹਾ ਕਿ ਫਤਿਹਗੜ੍ਹ ਚੂੜੀਆਂ ਰੇਲਵੇ ਸਟੇਸ਼ਨ ਅੰਦਰ ਜੋ ਕੰਮ ਲੰਬੇ ਸਮੇਂ ਤੋਂ ਰੁਕੇ ਹੋਏ ਹਨ, ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਮੁਕੰਮਲ ਕੀਤਾ ਜਾਵੇਗਾ। ਇਸ ਲਈ 10 ਤੋਂ 15 ਕਰੋੜ ਰੁਪਏ ਜਾਂ ਇਸ ਤੋਂ ਵੱਧ ਖਰਚਾ ਵੀ ਆਉਂਦਾ ਹੈ, ਤਾਂ ਕੇਂਦਰ ਸਰਕਾਰ ਵੱਲੋਂ ਲੋੜੀਂਦੇ ਫੰਡ ਮੁਹੱਈਆ ਕਰਵਾਏ ਜਾਣਗੇ।ਕੇਂਦਰੀ ਮੰਤਰੀ ਨੇ ਕਿਹਾ ਕਿ ਬ੍ਰਿਟਿਸ਼ ਅਤੇ ਆਜ਼ਾਦੀ ਤੋਂ ਪਹਿਲਾਂ ਦੇ ਸਮੇਂ ਦੀਆਂ ਪੁਰਾਤਨ ਰੇਲਵੇ ਇਮਾਰਤਾਂ ਨੂੰ ਢਾਹਿਆ ਨਹੀਂ ਜਾਵੇਗਾ, ਸਗੋਂ ਉਨ੍ਹਾਂ ਦੀ ਇਤਿਹਾਸਕ ਮਹੱਤਤਾ ਨੂੰ ਬਰਕਰਾਰ ਰੱਖਦਿਆਂ ਸੁੰਦਰ ਅਤੇ ਆਧੁਨਿਕ ਰੂਪ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਿਰਾਸਤੀ ਢਾਂਚਿਆਂ ਦੀ ਸੰਭਾਲ ਦੇ ਨਾਲ-ਨਾਲ ਯਾਤਰੀਆਂ ਨੂੰ ਬਿਹਤਰ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾਣਗੀਆਂ।ਬਿੱਟੂ ਨੇ ਭਰੋਸਾ ਦਿਵਾਇਆ ਕਿ ਰੇਲਵੇ ਸਟੇਸ਼ਨਾਂ ਦੇ ਅਧੂਰੇ ਪਏ ਕੰਮਾਂ ਨੂੰ ਜਲਦੀ ਪੂਰਾ ਕਰਕੇ ਇਲਾਕੇ ਦੇ ਲੋਕਾਂ ਨੂੰ ਆਧੁਨਿਕ ਅਤੇ ਸੁਵਿਧਾਜਨਕ ਰੇਲਵੇ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੇ ਰੇਲਵੇ ਢਾਂਚੇ ਨੂੰ ਮਜ਼ਬੂਤ ਬਣਾਉਣ ਲਈ ਵਚਨਬੱਧ ਹੈ ਅਤੇ ਵਿਕਾਸ ਕਾਰਜਾਂ ਵਿੱਚ ਕਿਸੇ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਰਵੀਕਰਨ ਸਿੰਘ ਕਾਹਲੋਂ ਨੇ ਰਵਨੀਤ ਸਿੰਘ ਬਿੱਟੂ ਜੀ ਦਾ ਫਤਿਹਗੜ੍ਹ ਚੂੜੀਆਂ ਵਿਖੇ ਪਹੁੰਚਣ ਤੇ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ

## ਸ਼ੈਰੀ ਕਲਸੀ ਅਤੇ ਸੇਖਵਾਂ ਨੇ ਉਮੀਦਵਾਰਾਂ ਦਾ ਵਧਾਇਆ ਹੌਸਲਾ



ਕਾਦੀਆਂ, 31 ਮਈ (ਸਲਾਮ ਤਾਰੀ/ਸਿਕੰਦਰ ਸੰਧੂ ) : ਪੰਜਾਬ ਵਿੱਚ ਹਾਲ ਹੀ ਵਿੱਚ ਹੋਈਆਂ ਸਥਾਨਕ ਚੋਣਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਤੋਂ ਉਤਸ਼ਾਹਿਤ ਆਮ ਆਦਮੀ ਪਾਰਟੀ ਹੁਣ ਕਾਦੀਆਂ ਨਗਰ ਕੌਂਸਲ ਚੋਣਾਂ ਲਈ ਪੂਰੀ ਤਰ੍ਹਾਂ ਸਰਗਰਮ ਹੋ ਗਈ ਹੈ। ਇਸ ਸਬੰਧੀ ਅੱਜ ਆਮ ਆਦਮੀ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ ਵਿਸ਼ੇਸ਼ ਤੌਰ 'ਤੇ ਕਾਦੀਆਂ ਪਹੁੰਚੇ, ਜਿੱਥੇ ਉਨ੍ਹਾਂ ਨੇ ਪਾਰਟੀ ਦੇ ਉਮੀਦਵਾਰਾਂ ਅਤੇ ਵਰਕਰਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ ਅਤੇ 'ਚੋਣ ਮੁਹਿੰਮ ਨੂੰ ਹੋਰ ਤੇਜ਼ ਕਰਨ ਦਾ ਸੱਦਾ ਦਿੱਤਾ।ਇਸ ਮੌਕੇ ਹਲਕਾ ਇੰਚਾਰਜ ਜਗਰੂਪ ਸਿੰਘ ਸੇਖਵਾਂ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਦੋਵਾਂ ਆਗੂਆਂ ਦਾ ਪਾਰਟੀ ਵਰਕਰਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਮੀਟਿੰਗ ਦੌਰਾਨ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਸਬੰਧੀ ਰਣਨੀਤੀ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਪਾਰਟੀ ਉਮੀਦਵਾਰਾਂ ਨੂੰ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਕਰਨ ਲਈ ਪ੍ਰੇਰਿਤ ਕੀਤਾ ਗਿਆ।ਸ਼ੈਰੀ ਕਲਸੀ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪੰਜਾਬ ਦੀ ਜਨਤਾ ਨੇ ਆਮ ਆਦਮੀ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਅਤੇ ਵਿਕਾਸਮੁਖੀ ਕਾਰਜਾਂ 'ਤੇ ਭਰੋਸਾ ਜਤਾਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ, ਜਿਸ ਦਾ ਲਾਭ ਹਰ ਵਰਗ ਤੱਕ ਪਹੁੰਚ ਰਿਹਾ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਕਾਦੀਆਂ ਦੇ ਲੋਕ ਵੀ ਵਿਕਾਸ ਅਤੇ ਪਾਰਦਰਸ਼ੀ ਪ੍ਰਸ਼ਾਸਨ ਨੂੰ ਧਿਆਨ ਵਿੱਚ ਰੱਖਦੇ ਹੋਏ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਭਾਰੀ ਸਮਰਥਨ ਦੇਣਗੇ।ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਕਾਦੀਆਂ ਨਗਰ ਕੌਂਸਲ ਦੀਆਂ 15 ਦੀਆਂ 15 ਸੀਟਾਂ 'ਤੇ ਜਿੱਤ ਦਰਜ ਕਰੇਗੀ। ਉਨ੍ਹਾਂ ਕਿਹਾ ਕਿ ਪਾਰਟੀ ਵਰਕਰ ਪੂਰੀ ਤਨਦੇਹੀ ਨਾਲ ਚੋਣ ਪ੍ਰਚਾਰ ਵਿੱਚ ਜੁਟੇ ਹੋਏ ਹਨ ਅਤੇ ਲੋਕਾਂ ਵੱਲੋਂ ਵੀ ਉਨ੍ਹਾਂ ਨੂੰ ਭਰਪੂਰ ਸਹਿਯੋਗ ਮਿਲ ਰਿਹਾ ਹੈ।ਹਲਕਾ ਇੰਚਾਰਜ ਜਗਰੂਪ ਸਿੰਘ ਸੇਖਵਾਂ ਨੇ ਵੀ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਚੋਣਾਂ ਵਿੱਚ ਜਿੱਤ ਲਈ ਇਕਜੁੱਟਤਾ ਅਤੇ ਮਿਹਨਤ ਸਭ ਤੋਂ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹਰ ਵਰਕਰ ਪਾਰਟੀ ਦਾ ਸਿਪਾਹੀ ਹੈ ਅਤੇ ਉਸ ਦੀ ਮਿਹਨਤ ਨਾਲ ਹੀ ਜਿੱਤ ਦਾ ਰਾਹ ਪੱਧਰਾ ਹੋਵੇਗਾ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਲੋਕਾਂ ਤੱਕ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਵਿਕਾਸ ਕਾਰਜਾਂ ਦੀ ਜਾਣਕਾਰੀ ਪਹੁੰਚਾਉਣ।ਇਸ ਮੌਕੇ ਪਾਰਟੀ ਦੇ ਵੱਡੀ ਗਿਣਤੀ ਵਿੱਚ ਵਰਕਰ ਅਤੇ ਸਮਰਥਕ ਹਾਜ਼ਰ ਸਨ

## ਜਨਗਣਨਾ-2027 ਦੇ ਪਹਿਲੇ ਗੇੜ ਦਾ ਕੰਮ 13 ਜੂਨ ਤੱਕ ਚੱਲੇਗਾ

ਅੰਮ੍ਰਿਤਸਰ, 31 ਮਈ ( ਗੁਰਦਿਆਲ ਸਿੰਘ ) : ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਹੈ ਕਿ ਜਨਗਣਨਾ 2027 ਦੇ ਪਹਿਲੇ ਫੇਜ ਦਾ ਕੰਮ 15 ਮਈ ਤੋਂ ਸ਼ੁਰੂ ਹੋ ਚੁੱਕਾ ਹੈ, ਜੋ ਮਿਤੀ 13 ਜੂਨ 2026 ਤੱਕ ਚੱਲੇਗਾ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਕੌਮੀ ਹਿਤਾਂ ਵਾਲੇ ਇਸ ਕੰਮ ਨੂੰ ਸਹੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਆਮ ਲੋਕਾਂ ਨੂੰ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਸੰਬੰਧੀ ਜੇਕਰ ਕੋਈ ਵੀ ਜਨਗਣਨਾ ਅਧਿਕਾਰੀ ਜਾਣਕਾਰੀ ਲੈਣ ਦੇ ਲਈ ਲੋਕਾਂ ਦੇ ਘਰ ਆਉਂਦੇ ਹਨ ਤਾਂ ਉਹਨਾਂ ਦਾ ਪੂਰਨ ਤੌਰ 'ਤੇ ਸਹਿਯੋਗ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਦੌਰਾਨ ਜਨਗਣਨਾ ਦੇ ਸੰਬੰਧ ਵਿੱਚ ਜੋ ਵੀ ਪ੍ਰਸ਼ਨ ਪੁੱਛੇ ਜਾਂਦੇ ਹਨ ਉਹਨਾਂ ਦਾ ਸਹੀ ਉੱਤਰ ਦਿੱਤਾ ਜਾਵੇ ਤਾਂ ਜੋ ਸਹੀ ਡਾਟਾ ਤਿਆਰ ਕੀਤਾ ਜਾ ਸਕੇ। ਇਸ ਦੌਰਾਨ ਉਨ੍ਹਾਂ ਨੇ ਗਿਣਤੀਕਾਰਾਂ ਅਤੇ ਸੁਪਰਵਾਈਜ਼ਰਾਂ ਨੂੰ ਵੀ ਹਦਾਇਤ ਕੀਤੀ ਹੈ ਕਿ ਜਨਗਣਨਾ ਭਾਰਤ ਸਰਕਾਰ ਦਾ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਮਿਤੀਬੱਧ ਕੰਮ ਹੈ। ਦੇਸ਼ ਵਿੱਚ ਸਾਰੀਆਂ ਨਵੀਆਂ ਨੀਤੀਆਂ/ ਸਕੀਮਾਂ ਇਸ ਡੇਟਾ ਦੇ ਅਧਾਰ 'ਤੇ ਬਣਾਈਆਂ ਜਾਣੀਆਂ ਹਨ, ਇਸ ਲਈ ਇਹ ਡੇਟਾ ਉੱਚ ਗੁਣਵੱਤਾ ਵਾਲਾ ਅਤੇ ਸਟੀਕ ਹੋਣਾ ਬਹੁਤ ਜ਼ਰੂਰੀ ਹੈ।

## ਰੇਲਵੇ ਮਾਲ ਗੋਦਾਮ ਮਜ਼ਦੂਰਾਂ ਲਈ ਜਲਦ ਜਾਰੀ ਹੋਵੇਗਾ ਪੱਕੀ ਨਿਯੁਕਤੀ ਦਾ ਨੋਟੀਫ਼ਿਕੇਸ਼ਨ: ਸੁਰਜਨ ਸਿੰਘ

ਧਾਰੀਵਾਲ, 31 ਮਈ (ਅਸ਼ੋਕ ਕੁਮਾਰ) ਭਾਰਤੀ ਰੇਲਵੇ ਮਾਲ ਗੋਦਾਮ ਸ਼੍ਰਮਿਕ ਸੰਘ ਦੀ ਇੱਕ ਅਹਿਮ ਮੀਟਿੰਗ ਸਥਾਨਕ ਜਸ਼ਨ ਪੁਆਇੰਟ ਵਿਖੇ ਸੰਘ ਦੇ ਪ੍ਰਧਾਨ ਸੁਰਜਨ ਸਿੰਘ ਅਤੇ ਮੰਗਲ ਸਿੰਘ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਸੰਘ ਨਾਲ ਸੰਬੰਧਿਤ ਵੱਡੀ ਗਿਣਤੀ ਵਿੱਚ ਮਜ਼ਦੂਰਾਂ ਨੇ ਉਤਸ਼ਾਹ ਨਾਲ ਸ਼ਿਰਕਤ ਕੀਤੀ।ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਸੁਰਜਨ ਸਿੰਘ ਨੇ ਕਿਹਾ ਕਿ ਰੇਲਵੇ ਮਾਲ ਗੋਦਾਮ ਦੇ ਮਜ਼ਦੂਰਾਂ ਲਈ ਬਹੁਤ ਜਲਦ ਪੱਕੀ ਨਿਯੁਕਤੀ ਸਬੰਧੀ ਨੋਟੀਫਿਕੇਸ਼ਨ ਜਾਰੀ ਹੋਣ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਮੁਲਾਜ਼ਮ ਆਪਣੀਆਂ ਸੇਵਾਵਾਂ ਪੱਕੇ ਤੌਰ 'ਤੇ ਸੰਭਾਲਣਗੇ, ਜਿਸ ਨਾਲ ਮਾਲ ਗੋਦਾਮ ਵਿੱਚ ਢੋਆ-ਢੁਆਈ ਅਤੇ ਹੋਰ ਕੰਮ ਹੋਰ ਵੀ ਸੁਚਾਰੂ ਢੰਗ ਨਾਲ ਚੱਲਣਗੇ।ਉਨ੍ਹਾਂ ਭਰੋਸਾ ਦਿਵਾਇਆ ਕਿ ਕਿਸੇ ਵੀ ਮਜ਼ਦੂਰ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਸੰਘ ਹਰ ਸਮੇਂ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਸੁਰਜਨ ਸਿੰਘ ਦੇ ਇਸ ਐਲਾਨ ਨਾਲ ਮੀਟਿੰਗ ਵਿੱਚ ਹਾਜ਼ਰ ਮਜ਼ਦੂਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।ਇਸ ਮੌਕੇ ਭਾਰਤੀ ਰੇਲਵੇ ਮਾਲ ਗੋਦਾਮ ਸ਼੍ਰਮਿਕ ਸੰਘ ਦੇ ਵੱਡੀ ਗਿਣਤੀ ਵਿੱਚ ਵਰਕਰ ਅਤੇ ਅਹੁਦੇਦਾਰ ਹਾਜ਼ਰ ਸਨ।ਇਸ ਮੌਕੇ ਭਾਰਤੀ ਰੇਲਵੇ ਮਾਲ ਗੋਦਾਮ ਸ਼੍ਰਮਿਕ ਸੰਘ ਦੇ ਵੱਡੀ ਗਿਣਤੀ ਵਿੱਚ ਵਰਕਰ ਅਤੇ ਅਹੁਦੇਦਾਰ ਹਾਜ਼ਰ ਸਨ।

## ਵਿਸ਼ਵ ਤੰਬਾਕੂ ਦਿਵਸ ਮਨਾਇਆ



ਤਰਨ ਤਾਰਨ, 31 ਮਈ (ਪੁਸ਼ਪਿੰਦਰ ਬੰਟੀ, ਗੁਰਵਿੰਦਰ ਸਿੰਘ) : ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਅਤੇ ਜ਼ਿਲ੍ਹਾ ਨੋਡਲ ਅਫ਼ਸਰ ਡਾਕਟਰ ਹਰਪ੍ਰੀਤ ਸਿੰਘ ਤੰਬਾਕੂ ਕੰਟਰੋਲ ਪ੍ਰੋਗਰਾਮ ਅਫਸਰ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਜਤਿੰਦਰਪਾਲ ਸਿੰਘ ਜੀ ਸੀ ਐਚ ਸੀ ਕੈਰੋਂ ਦੀ ਯੋਗ ਅਗਵਾਈ ਹੇਠ ਪੀ ਐਚ ਸੀ ਢੋਟੀਆਂ ਅਧੀਨ ਆਉਂਦੇ ਸਕੂਲਾਂ ਭੱਠਿਆਂ ਸਲੱਮ ਏਰੀਏ ਵਿੱਚ ਵਿਸ਼ਵ ਤੰਬਾਕੂ ਦਿਵਸ ਮਨਾਇਆ ਗਿਆ।ਇਸ ਮੌਕੇ ਹੈਲਥ ਇੰਸਪੈਕਟਰ ਅਮਰਜੀਤ ਸਿੰਘ ਭੁੱਲਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਗਰਾਮ ਦਾ ਮਕਸਦ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਅਤੇ ਤੰਬਾਕੂ ਨੋਸ਼ੀ ਦੀ ਹਰ ਤਰ੍ਹਾਂ ਦੀ ਖਪਤ ਨੂੰ ਘਟਾਉਣਾ ਅਤੇ ਰੋਕਣਾਂ ਹੈ। ਇਸ ਮੌਕੇ ਸਕੂਲੀ ਬੱਚਿਆਂ ਨੂੰ ਸਕਰੀਨਿੰਗ ਰਾਂਹੀ ਦੱਸਿਆ ਗਿਆ ਕਿ ਵਿਸ਼ਵ ਵਿਚ ਤੰਬਾਕੂਨੋਸ਼ੀ ਨਾਲ ਮਰਨ ਵਾਲੇ ਵਿਅਕਤੀਆਂ ਦੀ ਸੰਖਿਆ 70 ਲੱਖ ਤੋਂ ਵੀ ਜ਼ਿਆਦਾ ਹੈ ਜਿਸ ਵਿਚ 60 ਲੱਖ ਦੇ ਕਰੀਬ ਲੋਕਾਂ ਦੀ ਮੌਤ ਤੰਬਾਕੂ ਦੇ ਸੇਵਨ ਕਰਨ ਨਾਲ ਹੁੰਦੀ ਹੈ। ਵਿਸ਼ਵ ਵਿਚ ਤੰਬਾਕੂ ਦੀ ਵਰਤੋਂ ਰਾਹੀਂ ਹਰ 6 ਸੈਕੰਡ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਰਹੀ ਹੈ। ਇਸ ਅਧਿਐਨ ਮੁਤਾਬਕ ਸੰਸਾਰ ਵਿੱਚ ਮਰਨ ਵਾਲੇ ਦਸ ਬਾਲਗ ਵਿਅਕਤੀਆਂ ਵਿੱਚ ਮਰਨ ਵਾਲਾ ਇੱਕ ਵਿਅਕਤੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਤੰਬਾਕੂਨੋਸ਼ੀ ਦਾ ਸ਼ਿਕਾਰ ਹੁੰਦਾ ਹੈ। ਤੰਬਾਕੂ ਦੀ ਵਰਤੋਂ ਕਰਨ ਵਾਲਿਆਂ ਵਿੱਚੋਂ ਲੱਗਭਗ 50 ਫ਼ੀਸਦੀ ਵਿਅਕਤੀ ਤੰਬਾਕੂ ਰਾਹੀਂ ਹੁੰਦੀਆਂ ਬੀਮਾਰੀਆਂ ਜਿਵੇਂ ਕਿ ਫੇਫੜਿਆਂ ਦਾ ਕੈਂਸਰ, ਗਲ਼ੇ ਦਾ ਕੈਂਸਰ, ਦਾੜ ਦਾ ਕੈਂਸਰ ਆਦਿ ਦਾ ਸ਼ਿਕਾਰ ਹੋ ਕੇ ਮਰ ਜਾਂਦੇ ਹਨ।ਸੋ ਇਸ ਕਰਕੇ ਸਾਨੂੰ ਕਿਸੇ ਵੀ ਕਿਸਮ ਦੇ ਤੰਬਾਕੂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਅਤੇ ਇਸਨੂੰ ਵਿਦਿਅਕ ਅਦਾਰਿਆਂ ਦੇ ਨਜ਼ਦੀਕ ਤੇ ਧਾਰਮਿਕ ਅਦਾਰਿਆਂ ਦੇ ਨਜ਼ਦੀਕ ਵੇਚਣ ਤੇ ਬਿਲਕੁੱਲ ਪਬੰਦੀ ਹੈ। ਇਸ ਮੌਕੇ ਤੰਬਾਕੂ ਵੇਚਣ ਵਾਲਿਆਂ ਦੇ ਚਲਾਨ ਵੀ ਕੱਟੇ ਗਏ ਅਤੇ ਜੁਰਮਾਨਾ ਪਾਇਆ ਗਿਆ।ਇਸ ਮੌਕੇ ਦਿਲਬਾਗ ਸਿੰਘ ਭੁੱਲਰ ਸੰਦੀਪ ਸਿੰਘ ਪ੍ਰਦੀਪ ਸਿੰਘ ਦਵਿੰਦਰ ਸਿੰਘ ਪ੍ਰਧਾਨ ਅਤੇ ਸਮੂਹ ਸਕੂਲ ਸਟਾਫ ਹਾਜ਼ਰ ਸੀ।

## ਪੰਜਾਬ ਪੁਲਿਸ ਅਤੇ ਅੰਮ੍ਰਿਤਸਰ ਸਮਾਰਟ ਸਿਟੀ ਲਿਮਟਿਡ ਵੱਲੋਂ ਏਆਈ ਅਧਾਰਿਤ ਈ-ਚਲਾਨ ਪ੍ਰਣਾਲੀ ਦੀ ਸ਼ੁਰੂਆਤ

ਅੰਮ੍ਰਿਤਸਰ, 31 ਮਈ (ਗੁਰਦਿਆਲ ਸਿੰਘ) : ਸੜਕ ਸੁਰੱਖਿਆ ਨੂੰ ਮਜ਼ਬੂਤ ਬਣਾਉਣ, ਟ੍ਰੈਫਿਕ ਪ੍ਰਬੰਧਨ ਵਿੱਚ ਸੁਧਾਰ ਲਿਆਉਣ ਅਤੇ ਆਧੁਨਿਕ ਤਕਨਾਲੋਜੀ ਰਾਹੀਂ ਸਮਾਰਟ ਸ਼ਾਸਨ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਪੰਜਾਬ ਪੁਲਿਸ ਅਤੇ ਅੰਮ੍ਰਿਤਸਰ ਸਮਾਰਟ ਸਿਟੀ ਲਿਮਿਟਡ ਵੱਲੋਂ ਅੱਜ ਅੰਮ੍ਰਿਤਸਰ ਵਿੱਚ ਅਤਿਆਧੁਨਿਕ ਏਆਈ ਅਧਾਰਿਤ ਈ-ਚਲਾਨ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਗਈ।ਇਸ ਪ੍ਰਣਾਲੀ ਦਾ ਉਦਘਾਟਨ ਡੀਜੀਪੀ ਪੰਜਾਬ ਗੌਰਵ ਯਾਦਵ, ਕਮਿਸ਼ਨਰ ਆਫ ਪੁਲਿਸ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਅਤੇ ਨਗਰ ਨਿਗਮ ਕਮਿਸ਼ਨਰ-ਕਮ-ਸੀਈਓ, ਅੰਮ੍ਰਿਤਸਰ ਸਮਾਰਟ ਸਿਟੀ ਲਿਮਿਟਡ ਬਿਕਰਮਜੀਤ ਸਿੰਘ ਸ਼ੇਰਗਿੱਲ ਵੱਲੋਂ ਕੀਤਾ ਗਿਆ। ਇਸ ਮੌਕੇ ਪੁਲਿਸ, ਨਗਰ ਨਿਗਮ, ਸਮਾਰਟ ਸਿਟੀ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।ਇਸ ਪ੍ਰੋਜੈਕਟ ਦਾ ਉਦੇਸ਼ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਨੂੰ ਰੋਕਣਾ, ਸੜਕ ਹਾਦਸਿਆਂ ਵਿੱਚ ਕਮੀ ਲਿਆਉਣਾ ਅਤੇ ਸ਼ਹਿਰ ਵਿੱਚ ਟ੍ਰੈਫਿਕ ਅਨੁਸ਼ਾਸਨ ਨੂੰ ਮਜ਼ਬੂਤ ਕਰਨਾ ਹੈ।ਇਹ ਪ੍ਰਣਾਲੀ ਨਗਰ ਨਿਗਮ ਭਵਨ ਵਿੱਚ ਸਥਾਪਿਤ ਇੰਟੀਗ੍ਰੇਟਿਡ ਕਮਾਂਡ ਐਂਡ ਕੰਟਰੋਲ ਸੈਂਟਰ (9333) ਰਾਹੀਂ ਸੰਚਾਲਿਤ ਕੀਤੀ ਜਾਵੇਗੀ, ਜਿੱਥੋਂ 24 ਘੰਟੇ ਨਿਗਰਾਨੀ ਅਤੇ ਟ੍ਰੈਫਿਕ ਪ੍ਰਬੰਧਨ ਕੀਤਾ ਜਾਵੇਗਾ।ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਥਾਵਾਂ 'ਤੇ ਲਗਾਏ ਗਏ ਏਆਈ ਸਮਰੱਥ ਕੈਮਰੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਨੂੰ ਆਪਣੇ ਆਪ ਰਿਕਾਰਡ ਕਰਨਗੇ। ਉਲੰਘਣਾ ਦੀ ਪੁਸ਼ਟੀ ਇੰਟੈਲੀਜੈਂਟ ਟ੍ਰੈਫਿਕ ਮੈਨੇਜਮੈਂਟ ਸਿਸਟਮ ਅਤੇ ਅਧਿਕਾਰਤ ਅਧਿਕਾਰੀਆਂ ਵੱਲੋਂ ਕੀਤੀ ਜਾਵੇਗੀ, ਜਿਸ ਤੋਂ ਬਾਅਦ ਈ-ਚਲਾਨ ਜਾਰੀ ਕੀਤਾ ਜਾਵੇਗਾ।ਚਲਾਨ ਦੀ ਪੁਸ਼ਟੀ ਹੋਣ ਤੋਂ ਬਾਅਦ ਇਹ ਇਲੈਕਟ੍ਰਾਨਿਕ ਤਰੀਕੇ ਨਾਲ ਜਾਰੀ ਕੀਤਾ ਜਾਵੇਗਾ ਅਤੇ ਵਾਹਨ ਮਾਲਕ ਦੇ ਰਜਿਸਟਰਡ ਮੋਬਾਈਲ ਨੰਬਰ 'ਤੇ ਐਸਐਮਐਸ ਰਾਹੀਂ ਭੇਜਿਆ ਜਾਵੇਗਾ।ਇਹ ਪ੍ਰਣਾਲੀ 28 ਮਈ 2026 ਤੋਂ ਲਾਗੂ ਹੋ ਚੁੱਕੀ ਹੈ।ਇਸ ਮੌਕੇ ਸੁਪਰਿੰਟੈਂਡਿੰਗ ਇੰਜੀਨੀਅਰ ਸੰਦੀਪ ਸਿੰਘ, ਕੋਆਰਡੀਨੇਟਰ ਪ੍ਰੇਮ ਸ਼ਰਮਾ, ਅੰਮ੍ਰਿਤਸਰ ਸਮਾਰਟ ਸਿਟੀ ਲਿਮਿਟਡ ਦੇ ਅਧਿਕਾਰੀ ਅਤੇ ਕੇਈਸੀ ਇੰਟਰਨੈਸ਼ਨਲ ਲਿਮਿਟਡ ਦੇ ਨੁਮਾਇੰਦੇ ਵੀ ਮੌਜੂਦ ਸਨ।**ਨਾਗਰਿਕਾਂ ਲਈ ਸੰਦੇਸ਼** ਪੰਜਾਬ ਪੁਲਿਸ ਅਤੇ ਅੰਮ੍ਰਿਤਸਰ ਸਮਾਰਟ ਸਿਟੀ ਲਿਮਿਟਡ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਦੇ ਹੋਏ ਅੰਮ੍ਰਿਤਸਰ ਨੂੰ ਇੱਕ ਸੁਰੱਖਿਅਤ, ਸੁਚੱਜਾ ਅਤੇ ਅਨੁਸ਼ਾਸਿਤ ਸ਼ਹਿਰ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ।ਸਾਰੇ ਵਾਹਨ ਚਾਲਕਾਂ ਨੂੰ ਟ੍ਰੈਫਿਕ ਸਿਗਨਲਾਂ ਦੀ ਪਾਲਣਾ ਕਰਨ, ਨਿਰਧਾਰਿਤ ਗਤੀ ਸੀਮਾ ਵਿੱਚ ਵਾਹਨ ਚਲਾਉਣ, ਗਲਤ ਪਾਸੇ ਵਾਹਨ ਨਾ ਚਲਾਉਣ, ਹੈਲਮੈਟ ਅਤੇ ਸੀਟ ਬੈਲਟ ਦੀ ਵਰਤੋਂ ਕਰਨ ਅਤੇ ਸੜਕ ਸੁਰੱਖਿਆ ਨਿਯਮਾਂ ਦੀ ਪੂਰੀ ਪਾਲਣਾ ਕਰਨ ਦੀ ਅਪੀਲ ਕੀਤੀ ਗਈ ਹੈ।ਅਧਿਕਾਰੀਆਂ ਨੇ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਸਿਰਫ਼ ਜੁਰਮਾਨਿਆਂ ਤੋਂ ਬਚਣ ਲਈ ਨਹੀਂ, ਸਗੋਂ ਆਪਣੀ ਅਤੇ ਦੂਜਿਆਂ ਦੀ ਜਾਨ ਦੀ ਸੁਰੱਖਿਆ ਲਈ ਵੀ ਬਹੁਤ ਜ਼ਰੂਰੀ ਹੈ।

## ਵਾਰਡ ਨੰਬਰ 5 ਤੋਂ ਕਾਂਗਰਸ ਦੇ ਉਮੀਦਵਾਰ ਜਗਰੂਪ ਸਿੰਘ ਵੱਲੋਂ ਚੋਣ ਪ੍ਰਚਾਰ ਸ਼ੁਰੂ



ਦੀਨਾਨਗਰ, 31 ਮਈ (ਡਾ.ਰਮੇਸ਼ ਸਰੰਗਲ ) : ਨਗਰ ਕੌਂਸਲ ਚੋਣਾਂ ਦੇ ਚੱਲਦੇ ਚੋਣ ਅਖਾੜਾ ਭਖਿਆ ਹੋਇਆ ਹੈ। ਜਿਸਦੇ ਚਲਦੇ ਦੀਨਾਨਗਰ ਦੀ ਵਾਰਡ ਨੰਬਰ 5 ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਜਗਰੂਪ ਸਿੰਘ ਵੱਲੋਂ ਵੀ ਵੱਡੇ ਕਾਫਲੇ ਨਾਲ ਡੋਰ ਟੂ ਡੋਰ ਪ੍ਰਚਾਰ ਕੀਤਾ ਜਾ ਰਿਹਾ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਂਗਰਸ ਪਾਰਟੀ ਦੇ ਉਮੀਦਵਾਰ ਜਗਰੂਪ ਸਿੰਘ ਨੇ ਕਿਹਾ ਕਿ ਕਾਂਗਰਸ ਪਾਰਟੀ ਦੀ ਸੀਨੀਅਰ ਲੀਡਰਸ਼ਿੱਪ ਨੇ ਜੋ ਮੇਰੇ 'ਤੇ ਭਰੋਸਾ ਕਰਕੇ ਮੈਨੂੰ ਟਿਕਟ ਦਿੱਤੀ ਹੈ ਮੈ ਪੂਰੀ ਤਨਦੇਹੀ ਨਾਲ ਰਾਤ ਦਿਨ ਮਿਹਨਤ ਕਰਕੇ ਇਹ ਸੀਟ ਜਿੱਤ ਕੇ ਮੈਡਮ ਅਰੁਨਾ ਚੌਧਰੀ ਦੀ ਝੋਲੀ ਵਿੱਚ ਪਾਵਾਂਗਾ। ਉਨ੍ਹਾਂ ਕਿਹਾ ਕਿ ਵਾਰਡ ਚ ਵੱਡੀ ਗਿਣਤੀ 'ਚ ਨੌਜਵਾਨ ਮੇਰੇ ਨਾਲ ਮੋਢੇ ਨਾਲ ਮੋਢਾ ਲਾ ਕੇ ਮੇਰਾ ਸਹਿਯੋਗ ਕਰ ਰਹੇ ਹਨ, ਜਿਸ ਤੋਂ ਮੈਨੂੰ ਪੱਕਾ ਯਕੀਨ ਹੈ ਕੀ ਮੇਰੀ ਜਿੱਤ ਯਕੀਨੀ ਹੈ । ਉਨ੍ਹਾਂ ਕਿਹਾ ਕਿ ਜੇਕਰ ਮੇਰੀ ਵਾਰਡ ਦੇ ਲੋਕ ਮੈਨੂੰ ਕੌਂਸਲਰ ਬਣਨ ਦਾ ਮੌਕਾ ਦਿੰਦੇ ਹਨ, ਤਾਂ ਵਾਰਡ ਦੇ ਰਹਿੰਦੇ ਕੰਮ ਸਟਰੀਟ ਲਾਈਟਾਂ, ਗਲੀਆਂ ਨਾਲੀਆਂ ਅਤੇ ਸ਼ਮਸ਼ਾਨਘਾਟ ਦੇ ਕੰਮ ਪਹਿਲ ਦੇ ਆਧਾਰ 'ਤੇ ਹੱਲ ਕੀਤੇ ਜਾਣਗੇ ਅਤੇ ਨੌਜਵਾਨਾਂ ਲਈ ਓਪਨ ਜਿੰਮ ਦਾ ਵੀ ਪ੍ਰਬੰਧ ਕੀਤਾ ਜਾਵੇਗਾ।



ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ



# ਜੇਕਰ ਤੁਸੀਂ ਬਿਮਾਰੀਆਂ ਤੋਂ ਰਹਿਣਾ ਚਾਹੁੰਦੇ ਹੋ ਦੂਰ ਤਾਂ ਅਪਣਾਓ ਇਹ ਨੁਕਤੇ

ਅਜੋਕੇ ਦੌਰ ਵਿੱਚ ਮਨੁੱਖ ਆਪਣੀ ਭੱਜ ਦੌੜ ਵਾਲੀ ਜ਼ਿੰਦਗੀ ਤੋਂ ਤੰਗ ਆ ਚੁੱਕਿਆ ਹੈ ਕਿਉਂਕਿ ਇਸ ਜ਼ਿੰਦਗੀ ਵਿੱਚ ਉਹ ਚੰਗੀ ਸਿਹਤ ਤੋਂ ਵੀ ਦੂਰ ਹੁੰਦਾ ਜਾਰਿਹਾ ਹੈ। ਚੰਗੀ ਸਿਹਤ ਹੀ



ਤੁਹਾਡੇ ਜੀਵਨ ਦਾ ਧੁਰਾ ਹੈ।ਜੇਕਰ ਤੁਸੀਂ ਨਿਰੋਗ ਹੋ ਤਾਂ ਤੁਹਾਡੇ ਲਈ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਮੁੱਲਵਾਨ ਹਨ ਨਹੀਂ ਤਾਂ ਸਭ ਕੁਝ ਬੇਅਰਥ ਹੁੰਦਾ ਹੈ।

**ਰੋਜ਼ਾਨਾ ਕਸਰਤ ਕਰੋ:** ਜੇਕਰ ਤੁਸੀਂ ਹਮੇਸ਼ਾ ਜਵਾਨ ਰਹਿਣਾ ਚਾਹੁੰਦੇ ਹੋ ਤਾਂ ਹਰ ਰੋਜ਼ ਕਸਰਤ ਕਰੋ। ਹਰ ਰੋਜ਼ ਆਪਣੇ ਆਪ ਨੂੰ 30 ਮਿੰਟ ਜ਼ਰੂਰ ਦਿਓ। ਕਸਰਤ ਵਿੱਚ 5 ਕਿਲੋਮੀਟਰ ਤੱਕ ਕਸਰਤ ਕਰੋ ਤੇ ਯੋਗ ਨੂੰ ਜ਼ਰੂਰ ਅਪਣਾਓ। ਕਸਰਤ ਕਰਨ ਨਾਲ ਮਨ ਸੰਤੁਲਨ ਅਵਸਥਾ ਵਿੱਚ ਰਹਿੰਦਾ ਹੈ ਜਿਸ ਨਾਲ ਮਾਨਸਿਕ ਸਮੱਸਿਆਵਾਂ ਤੋਂ ਦੂਰ ਰਹਿੰਦੇ ਹੋ।

**ਜ਼ਿਆਦਾਤਰ ਕੱਚੇ ਭੋਜਨ ਨੂੰ ਡਾਈਟ ਵਿੱਚ ਸ਼ਾਮਲ ਕਰੋ:** ਜੇਕਰ ਤੁਸੀਂ ਲੰਬੀ ਉਮਰ ਭੋਗਣਾ ਚਾਹੁੰਦੇ ਤਾਂ ਕੱਚੀਆਂ ਸਬਜ਼ੀਆਂ ਦੀ ਵਰਤੋਂ ਵਧੇਰੇ ਕਰੋ। ਆਪਣੀ ਡਾਈਟ ਵਿੱਚ ਜ਼ਿਆਦਾਤਰ ਕੱਚੇ ਭੋਜਨ ਨੂੰ ਸ਼ਾਮਲ ਕਰੋ। ਪੁੰਗਰੇ ਹੋਏ ਛੋਲੇ ਅਤੇ ਮੂੰਗੀ ਦੀ ਦਾਲ ਖਾਣ ਨਾਲ ਪ੍ਰੋਟੀਨ ਵਧੇਰੇ ਮਿਲਦਾ ਹੈ ਜੋ ਤੁਹਾਡੀ ਸਿਹਤ ਲਈ ਵਧੇਰੇ ਚੰਗਾ ਹੈ।

**ਪਰਿਵਾਰ ਨੂੰ ਸਮਾਂ ਦਿਓ:** ਚੰਗੀ ਸਿਹਤ ਲਈ ਆਪਣੇ ਪਰਿਵਾਰ ਨਾਲ ਜ਼ਰੂਰ ਬੈਠੋ ਤਾਂ ਕਿ ਤੁਸੀਂ ਮਾਨਸਿਕ ਤੌਰ ਉੱਤੇ ਵੀ ਮਜ਼ਬੂਤ ਹੁੰਦੇ ਹੋ।

### ਸਸਕੈਚਵਨ ਦੀ ਕੇਟਲਿਨ ਵਿਲੋਬੀ ਨੇ ਰਚਿਆ ਇਤਿਹਾਸ

# ਵਾਲਟਰ ਕੱਪ ਜਿੱਤ ਨੂੰ ਦੱਸਿਆ ਪਰਿਵਾਰ ਦੀ ਜਿੱਤ

ਵੈਨਕੂਵਰ , 31 ਮਈ (ਚ.ਨ.ਸ.) : ਕੈਨੇਡਾ ਦੀ ਮਹਿਲਾ ਹਾਕੀ ਲੀਗ ਵਿੱਚ ਮਾਂਟਰੀਅਲ ਵਿਕਤੁਆਰ ਦੀ ਖਿਡਾਰਨ ਕੇਟਲਿਨ ਵਿਲੋਬੀ ਨੇ ਵਾਲਟਰ ਕੱਪ ਜਿੱਤਣ ਮਗਰੋਂ ਇਸ ਇਤਿਹਾਸਕ ਪਲ ਨੂੰ ਆਪਣੇ ਪਰਿਵਾਰ ਦੀ ਜਿੱਤ ਕਰਾਰ ਦਿੱਤਾ ਹੈ। ਸਸਕੈਚਵਨ ਵਿੱਚ ਜਨਮੀ ਕੇਟਲਿਨ ਵਿਲੋਬੀ ਇਹ ਮਾਣ ਹਾਸਲ ਕਰਨ ਵਾਲੀ ਆਪਣੇ ਸੂਬੇ ਦੀ ਪਹਿਲੀ ਖਿਡਾਰਨ ਬਣ ਗਈ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਕੇਟਲਿਨ ਵਿਲੋਬੀ ਦਾ ਸੰਬੰਧ ਕੈਨੇਡਾ ਦੇ ਸਸਕੈਚਵਨ ਸੂਬੇ ਨਾਲ ਹੈ। ਉਹ ਮਾਂਟਰੀਅਲ ਵਿਕਤੁਆਰ ਵੱਲੋਂ ਖੇਡਦੀ ਹੈ ਅਤੇ ਉਸ ਨੇ ਟੀਮ ਦੀ ਵਾਲਟਰ ਕੱਪ ਜਿੱਤ @ਚ ਅਹਿਮ ਭੂਮਿਕਾ ਨਿਭਾਈ।



ਜਿੱਤ ਮਗਰੋਂ ਉਸ ਨੇ ਕਿਹਾ ਕਿ ਇਹ ਸਿਰਫ਼ ਉਸਦੀ ਨਹੀਂ, ਸਗੋਂ ਪੂਰੇ ਪਰਿਵਾਰ ਤੇ ਉਨ੍ਹਾਂ ਸਭ ਲੋਕਾਂ ਦੀ ਜਿੱਤ ਹੈ ਜਿਨ੍ਹਾਂ ਨੇ ਉਸਦੇ ਸਫ਼ਰ ਵਿੱਚ ਉਸਦਾ ਸਾਥ ਦਿੱਤਾ।ਦੱਸਿਆ ਜਾ ਰਿਹਾ ਹੈ ਕਿ ਕੇਟਲਿਨ ਨੇ ਸਸਕੈਚਵਨ ਯੂਨੀਵਰਸਿਟੀ ਨਾਲ ਖੇਡਦਿਆਂ ਆਪਣੀ ਹਾਕੀ ਯਾਤਰਾ ਦੀ ਮਜ਼ਬੂਤ ਸ਼ੁਰੂਆਤ ਕੀਤੀ ਸੀ ਅਤੇ ਹੁਣ ਪੇਸ਼ੇਵਰ ਮਹਿਲਾ ਹਾਕੀ ਲੀਗ @ਚ ਵੱਡੀ ਉਪਲਬਧੀ ਹਾਸਲ ਕਰਕੇ ਆਪਣੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ।ਵਾਲਟਰ ਕੱਪ ਜਿੱਤਣ ਮਗਰੋਂ ਉਸਦੇ ਪਰਿਵਾਰਕ ਮੈਂਬਰ ਵੀ ਮੌਕੇ 'ਤੇ ਮੌਜੂਦ ਸਨ ਅਤੇ ਉਨ੍ਹਾਂ ਨੇ ਟਰਾਫੀ ਨਾਲ ਤਸਵੀਰਾਂ ਖਿੱਚਵਾ ਕੇ ਇਸ ਖੁਸ਼ੀ ਨੂੰ ਸਾਂਝਾ ਕੀਤਾ। ਸਸਕੈਚਵਨ ਵਿੱਚ ਵੀ ਉਸਦੀ ਇਸ ਉਪਲਬਧੀ ਨੂੰ ਲੈ ਕੇ ਖੇਡ ਪ੍ਰੇਮੀਆਂ 'ਚ ਖੁਸ਼ੀ ਦਾ ਮਾਹੌਲ ਹੈ।

# ਅਮਰੀਕੀ ਅਸਮਾਨ 'ਚ ਫਟਿਆ ਉਲਕਾਪਿੰਡ; ਧਮਾਕੇ ਨਾਲ ਹਿੱਲ ਗਏ ਘਰ

ਵਾਸ਼ਿੰਗਟਨ, 31 ਮਈ (ਚ.ਨ.ਸ.) : ਦੁਪਹਿਰ ਨੂੰ, ਉੱਤਰ-ਪੂਰਬੀ ਸੰਯੁਕਤ ਰਾਜ ਅਮਰੀਕਾ ਦੇ ਅਸਮਾਨ ਵਿੱਚ ਇੱਕ ਵਿਸ਼ਾਲ ਉਲਕਾ ਫਟਿਆ, ਜਿਸ ਨਾਲ ਇੱਕ ਜ਼ੋਰਦਾਰ ਬੂਮ ਹੋਇਆ। ਨਾਸਾ ਦੇ ਵਿਗਿਆਨੀਆਂ ਦੇ ਅਨੁਸਾਰ, ਇਸ ਧਮਾਕੇ ਤੋਂ ਪੈਦਾ ਹੋਏ ਸੋਨਿਕ ਬੂਮ ਦੀ ਸ਼ਕਤੀ ਲਗਭਗ 300 ਟਨ ਟੀਐਨਟੀ ਦੇ ਬਰਾਬਰ ਸੀ। ਇਸ ਉੱਚੀ ਆਵਾਜ਼ ਅਤੇ ਇਸ ਨਾਲ ਆਉਣ ਵਾਲੀਆਂ ਕੰਪਨਾਂ ਨੇ ਕਈ ਰਾਜਾਂ ਦੇ ਨਿਵਾਸੀਆਂ ਨੂੰ ਹੈਰਾਨ ਕਰ ਦਿੱਤਾ।ਇਹ ਘਟਨਾ ਸਥਾਨਕ ਸਮੇਂ ਅਨੁਸਾਰ ਦੁਪਹਿਰ 2:06 ਵਜੇ ਵਾਪਰੀ। ਚਮਕਦਾਰ ਉਲਕਾ ਉੱਤਰ-ਪੂਰਬੀ ਮੈਸੇਚਿਉਸੇਟਸ ਅਤੇ ਦੱਖਣ-ਪੂਰਬੀ ਨਿਊ ਹੈਂਪਸ਼ਾਇਰ ਦੇ ਉੱਪਰ ਅਸਮਾਨ ਵਿੱਚ ਹੀ ਟੁੱਟ ਗਿਆ। ਇਸ ਦੇ ਧਮਾਕੇ ਨੇ ਇੰਨੀ ਤੀਬਰ ਆਵਾਜ਼ ਪੈਦਾ ਕੀਤੀ ਕਿ ਇਸ ਦੀਆਂ ਗੂੰਜਾਂ ਪੂਰੇ ਨਿਊ ਇੰਗਲੈਂਡ ਖੇਤਰ ਵਿੱਚ ਸੁਣੀਆਂ ਗਈਆਂ, ਅਤੇ ਕਈ ਖੇਤਰਾਂ ਵਿੱਚ ਇਮਾਰਤਾਂ ਹਿੱਲ ਗਈਆਂ।ਨਾਸਾ ਦੇ ਡਿਪਟੀ ਨਿਊਜ਼ ਚੀਫ ਜੈਨੀਫਰ ਡੋਰੇਨ ਨੇ ਕਿਹਾ ਕਿ ਇਹ ਉਲਕਾ ਕਿਸੇ ਵੀ ਮੌਜੂਦਾ ਸਰਗਰਮ ਉਲਕਾ ਸ਼ਾਵਰ ਦਾ ਹਿੱਸਾ ਨਹੀਂ ਸੀ। ਇਹ ਇੱਕ ਕੁਦਰਤੀ ਆਕਾਸ਼ੀ ਪਿੰਡ ਸੀ - ਪੁਲਾੜ ਮਲਬਾ ਜਾਂ ਧਰਤੀ ਦੇ ਵਾਯੂਮੰਡਲ ਵਿੱਚ ਦੁਬਾਰਾ ਦਾਖਲ ਹੋਣ ਵਾਲਾ ਉਪਗ੍ਰਹਿ ਨਹੀਂ। ਇਸਦੇ ਵਿਘਟਨ ਨੇ ਲਗਭਗ 300 ਟਨ ਟੀਐਨਟੀ ਦੇ ਬਰਾਬਰ ਊਰਜਾ ਛੱਡੀ, ਜਿਸ ਨਾਲ ਇਹ ਜ਼ਬਰਦਸਤ ਆਵਾਜ਼



ਪੈਦਾ ਹੋਈ।ਨਾਸਾ ਦੇ ਅੰਕੜਿਆਂ ਅਨੁਸਾਰ, ਜਦੋਂ ਉਲਕਾ ਧਰਤੀ ਦੇ ਵਾਯੂਮੰਡਲ ਵਿੱਚ ਦਾਖਲ ਹੋਇਆ, ਇਹ ਲਗਭਗ 120,700 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਯਾਤਰਾ ਕਰ ਰਿਹਾ ਸੀ। ਜ਼ਮੀਨ ਤੋਂ ਲਗਭਗ 64 ਕਿਲੋਮੀਟਰ ਦੀ ਉਚਾਈ @ਤੇ, ਇਹ ਤੀਬਰ ਵਾਯੂਮੰਡਲ ਦੇ ਦਬਾਅ ਕਾਰਨ ਟੁੱਟ ਗਿਆ।

# ਫ੍ਰੈਂਚ ਓਪਨ: ਚੈਂਪੀਅਨ ਕੋਕੋ ਗੌਫ ਦਾ ਸਫ਼ਰ ਖ਼ਤਮ; ਨਾਓਮੀ ਓਸਾਕਾ ਅਗਲੇ ਦੌਰ 'ਚ ਪੁੱਜੀ

ਪੈਰਿਸ, 31 ਮਈ (ਚ.ਨ.ਸ.) : ਫ੍ਰੈਂਚ ਓਪਨ ਟੈਨਿਸ ਟੂਰਨਾਮੈਂਟ ਵਿੱਚ ਇੱਕ ਵੱਡਾ ਉਲਟਫੇਰ ਦੇਖਣ ਨੂੰ ਮਿਲਿਆ ਹੈ, ਜਿੱਥੇ ਮੌਜੂਦਾ ਚੈਂਪੀਅਨ



ਕੋਕੋ ਗੌਫ ਮਹਿਲਾ ਸਿੰਗਲਜ਼ ਦੇ ਤੀਜੇ ਦੌਰ ਵਿੱਚ ਹਾਰ ਕੇ ਬਾਹਰ ਹੋ ਗਈ ਹੈ। ਦੂਜੇ ਪਾਸੇ, ਜਾਪਾਨ ਦੀ ਨਾਓਮੀ ਓਸਾਕਾ ਨੇ ਆਪਣੇ ਕਰੀਅਰ ਦੇ 100ਵੇਂ ਗ੍ਰੈਂਡ ਸਲੈਮ ਮੈਚ ਵਿੱਚ ਸ਼ਾਨਦਾਰ ਜਿੱਤ ਦਰਜ ਕਰਦਿਆਂ ਆਪਣੀ ਮੁਹਿੰਮ ਜਾਰੀ ਰੱਖੀ ਹੈ।ਅਮਰੀਕੀ ਸਟਾਰ ਕੋਕੋ ਗੌਫ ਨੂੰ ਰੂਸ ਦੀ ਅਨਾਸਤਾਸੀਆ ਪੋਟਾਪੋਵਾ ਨੇ ਇੱਕ ਸਖ਼ਤ ਮੁਕਾਬਲੇ ਵਿੱਚ 4-6, 7-6 (1), 6-4 ਨਾਲ ਹਰਾਇਆ। ਪੋਟਾਪੋਵਾ ਨੇ ਕੋਰਟ 'ਤੇ ਸ਼ਾਨਦਾਰ ਕਵਰੇਜ ਅਤੇ ਲੰਬੀਆਂ ਰੈਲੀਆਂ ਰਾਹੀਂ ਚੈਂਪੀਅਨ ਖਿਡਾਰਨ ਨੂੰ ਮਾਤ ਦਿੱਤੀ।ਨਾਓਮੀ ਓਸਾਕਾ ਨੇ ਆਪਣੇ ਯਾਦਗਾਰੀ 100ਵੇਂ ਗ੍ਰੈਂਡ ਸਲੈਮ ਮੈਚ ਵਿੱਚ 18 ਸਾਲਾ ਅਮਰੀਕੀ ਖਿਡਾਰਨ ਇਵਾ ਜੋਵਿਕ ਨੂੰ ਤਿੰਨ ਘੰਟੇ ਤੱਕ ਚੱਲੇ ਸੰਘਰਸ਼ਪੂਰਨ ਮੈਚ ਵਿੱਚ 7-6 (5), 6-7 (3), 6-4 ਨਾਲ ਹਰਾਇਆ। ਓਸਾਕਾ ਦਾ ਅਗਲਾ ਮੁਕਾਬਲਾ ਹੁਣ ਵਿਸ਼ਵ ਦੀ ਨੰਬਰ ਇੱਕ ਖਿਡਾਰਨ ਏਰੀਨਾ ਸਬਾਲੇਂਕਾ ਨਾਲ ਹੋਵੇਗਾ, ਜਿਸ ਨੇ ਡਾਰੀਆ ਕਸਾਤਕਿਨਾ ਨੂੰ ਸਿੱਧੇ ਸੈੱਟਾਂ ਵਿੱਚ 6-0, 7-5 ਨਾਲ ਹਰਾਇਆ ਹੈ।

# ਪੀ.ਐਸ.ਜੀ ਦੇ ਚੈਂਪੀਅਨ ਬਣਦਿਆਂ ਹੀ ਸੜਨ ਲੱਗਾ ਪੈਰਿਸ! ਫੈਨਜ਼ ਨੇ ਕਈ ਥਾਈਂ ਲਗਾਈ ਅੱਗ, ਸੈਂਕੜੇ ਗ੍ਰਿਫ਼ਤਾਰ

ਪੈਰਿਸ, 31 ਮਈ (ਚ.ਨ.ਸ.) : ਫੁੱਟਬਾਲ ਕਲੱਬ ਪੈਰਿਸ ਸੇਂਟ-ਜਰਮੇਨ (PSG) ਵੱਲੋਂ ਲਗਾਤਾਰ ਦੂਜੀ ਵਾਰ ਯੂ.ਈ.ਐੱਫ.ਏ. ਚੈਂਪੀਅਨਜ਼ ਲੀਗ ਦਾ ਖ਼ਿਤਾਬ ਜਿੱਤਣ ਤੋਂ ਬਾਅਦ ਫ਼ਰਾਂਸ ਦੀ ਰਾਜਧਾਨੀ ਪੈਰਿਸ ਦੀਆਂ ਸੜਕਾਂ 'ਤੇ ਭਾਰੀ ਹੰਗਾਮਾ ਅਤੇ ਹਿੰਸਕ ਝੜਪਾਂ ਹੋਣ ਦੀ ਖ਼ਬਰ ਹੈ। ਬੁਡਾਪੇਸਟ 'ਚ ਖੇਡੇ ਗਏ ਫਾਈਨਲ ਮੁਕਾਬਲੇ ਵਿੱਚ ਪੀ.ਐੱਸ.ਜੀ. ਵੱਲੋਂ ਆਰਸਨਲ ਨੂੰ ਪੈਨਲਟੀ ਸ਼ੂਟ-ਆਊਟ 'ਚ ਹਰਾਉਣ ਤੋਂ ਤੁਰੰਤ ਬਾਅਦ ਹਜ਼ਾਰਾਂ ਪ੍ਰਸ਼ੰਸਕ ਸੜਕਾਂ 'ਤੇ ਉਤਰ ਆਏ। ਇਸ ਦੌਰਾਨ ਕਈ ਥਾਵਾਂ 'ਤੇ ਹੁੱਲੜਬਾਜ਼ੀ ਹੋਈ, ਜਿਸ ਕਾਰਨ ਪੁਲਸ ਨੇ ਦੇਸ਼ ਭਰ 'ਚ 416 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ, ਜਿਨ੍ਹਾਂ 'ਚੋਂ 283 ਗ੍ਰਿਫ਼ਤਾਰੀਆਂ ਇਕੱਲੇ ਪੈਰਿਸ ਵਿੱਚ ਹੋਈਆਂ ਹਨ।ਫ਼ਰਾਂਸ ਦੇ ਗ੍ਰਹਿ ਮੰਤਰੀ ਲੋਰੈਂਟ ਨੂਨੇਜ਼ ਨੇ ਇਸ ਹਿੰਸਾ ਨੂੰ ਪੂਰੀ ਤਰ੍ਹਾਂ ਅਸਵੀਕਾਰਯੋਗ ਕਰਾਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਝੜਪਾਂ ਵਿੱਚ 7 ਪੁਲਸ ਅਧਿਕਾਰੀ ਵੀ ਜ਼ਖ਼ਮੀ ਹੋਏ ਹਨ। ਸੁਰੱਖਿਆ ਅਧਿਕਾਰੀਆਂ ਮੁਤਾਬਕ, ਪੈਰਿਸ ਦੇ ਪਾਰਕ ਡੇਸ ਪ੍ਰਿੰਸਿਸ ਸਟੇਡੀਅਮ ਦੇ ਬਾਹਰ 4,000 ਤੋਂ 5,000



ਹੁੱਲੜਬਾਜ਼ ਇਕੱਠੇ ਹੋ ਗਏ ਸਨ। ਜਦੋਂ ਲਗਭਗ 150 ਲੋਕਾਂ ਨੇ ਜ਼ਬਰਦਸਤੀ ਸਟੇਡੀਅਮ ਦਾ ਗੇਟ ਤੋੜ ਕੇ ਅੰਦਰ ਵੜਨ ਦੀ ਕੋਸ਼ਿਸ਼ ਕੀਤੀ, ਤਾਂ ਪੁਲਸ ਨੇ ਉਨ੍ਹਾਂ ਨੂੰ ਪਿੱਛੇ ਧੱਕ ਦਿੱਤਾ। ਇਸ ਤੋਂ ਬਾਅਦ ਗੁੱਸੇ 'ਚ ਆਏ ਸਮਰਥਕਾਂ ਨੇ ਪੁਲਸ 'ਤੇ ਪੱਥਰ, ਬੋਤਲਾਂ ਅਤੇ ਪਟਾਕੇ ਸੁੱਟਣੇ ਸ਼ੁਰੂ ਕਰ ਦਿੱਤੇ, ਜਿਸ ਦੇ ਜਵਾਬ ਵਿੱਚ ਪੁਲਸ ਨੇ ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੀ ਵਰਤੋਂ ਕੀਤੀ।ਇਸ ਹੰਗਾਮੇ ਦੌਰਾਨ ਹੁੱਲੜਬਾਜ਼ਾਂ ਨੇ ਸੜਕਾਂ 'ਤੇ ਖੜ੍ਹੇ ਕਿਰਾਏ ਦੀਆਂ ਬਾਈਕਸ ਨੂੰ ਵੀ ਅੱਗ ਲਗਾ ਦਿੱਤੀ, ਜਿਸ ਨਾਲ 6 ਗੱਡੀਆਂ ਅਤੇ ਇੱਕ ਬੱਸ ਸ਼ੈਲਟਰ ਪੂਰੀ ਤਰ੍ਹਾਂ ਸੜ ਗਏ।

# ਤਿੱਬਤੀ ਭਾਈਚਾਰੇ ਨੇ ਚੀਨ ਦੇ ਸਰਕਾਰੀ ਪੰਚੇਨ ਲਾਮਾ ਨੂੰ ਨਕਾਰਿਆ: ਅਮਰੀਕੀ ਰਿਪੋਰਟ

ਵਾਸ਼ਿੰਗਟਨ , 31 ਮਈ (ਚ.ਨ.ਸ.) : ਅਮਰੀਕਾ ਦੀ ਪ੍ਰਤਿਸ਼ਠਾਵਾਨ ਪੱਤ੍ਰਿਕਾ ਜਰਨਲ ਆਫ



ਡੈਮੋਕਰੇਸੀ 'ਚ ਪ੍ਰਕਾਸ਼ਿਤ ਇੱਕ ਤਾਜ਼ਾ ਲੇਖ ਨੇ ਤਿੱਬਤੀ ਬੌਧ ਲੀਡਰਸ਼ਿਪ ਅਤੇ ਚੀਨ ਦੀ ਭੂਮਿਕਾ ਨੂੰ ਲੈ ਕੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਇਸ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਚੀਨ ਦੀ ਕਮਿਊਨਿਸਟ ਪਾਰਟੀ ਵੱਲੋਂ ਨਿਯੁਕਤ ਕੀਤੇ ਗਏ 11ਵੇਂ ਪੰਚੇਨ ਲਾਮਾ ਦਾ ਮਾਮਲਾ ਇਸ ਗੱਲ ਦੀ ਮਿਸਾਲ ਹੈ ਕਿ ਧਾਰਮਿਕ ਮਾਨਤਾ ਸਰਕਾਰੀ ਹੁਕਮਾਂ ਨਾਲ ਸਥਾਪਿਤ ਨਹੀਂ ਕੀਤੀ ਜਾ ਸਕਦੀ। ਦਲਾਈ ਲਾਮਾ ਦੇ ਭਤੀਜੇ ਖੇਡਰੂਬ ਥੋਂਡੁਪ ਅਨੁਸਾਰ, ਜੇਕਰ ਚੀਨ 14ਵੇਂ ਦਲਾਈ ਲਾਮਾ ਦੇ ਉੱਤਰਾਧਿਕਾਰੀ ਦੀ ਚੋਣ ਵਿੱਚ ਵੀ ਇਸੇ ਤਰ੍ਹਾਂ ਦਖਲ ਦਿੰਦਾ ਹੈ ਤਾਂ ਉਸ ਨੂੰ ਤਿੱਬਤੀ ਸਮਾਜ ਅਤੇ ਅੰਤਰਰਾਸ਼ਟਰੀ ਭਾਈਚਾਰੇ ਦੇ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਲੇਖ ਮੁਤਾਬਕ, ਸਾਲ 1995 @ਚ ਜਦੋਂ ਦਲਾਈ ਲਾਮਾ ਨੇ ਛੇ ਸਾਲਾ ਗੇਧੁਨ ਚੋਏਕੀ ਨਿਯਿਮਾ ਨੂੰ 11ਵੇਂ ਪੰਚੇਨ ਲਾਮਾ ਵਜੋਂ ਮਾਨਤਾ ਦਿੱਤੀ ਸੀ ਤਾਂ ਚੀਨ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਸੀ। ਇਸ ਤੋਂ ਬਾਅਦ ਬੀਜਿੰਗ ਨੇ ਆਪਣੀ ਮਰਜ਼ੀ ਨਾਲ ਗਿਆਨਕੈਨ ਨੋਰਬੂ ਨੂੰ ਪੰਚੇਨ ਲਾਮਾ ਐਲਾਨ ਦਿੱਤਾ। ਰਿਪੋਰਟ ਕਹਿੰਦੀ ਹੈ ਕਿ ਤਿੰਨ ਦਹਾਕੇ ਬੀਤ ਜਾਣ ਦੇ ਬਾਵਜੂਦ ਵੀ ਚੀਨ ਦੁਆਰਾ ਨਿਯੁਕਤ ਇਸ ਪੰਚੇਨ ਲਾਮਾ ਨੂੰ ਤਿੱਬਤੀ ਭਾਈਚਾਰੇ ਵਿੱਚ ਰੂਹਾਨੀ ਸਵੀਕਾਰਤਾ ਨਹੀਂ ਮਿਲ ਸਕੀ ਅਤੇ ਉਨ੍ਹਾਂ ਦੀ ਪਛਾਣ ਸਿਰਫ਼ ਚੀਨੀ ਸਰਕਾਰੀ ਢਾਂਚੇ ਤੱਕ ਹੀ ਸੀਮਤ ਹੈ।

# ਆਸਟ੍ਰੇਲੀਆ ਦਾ ਨਾਗਰਿਕ ਪੰਜਾਬ 'ਚ ਹੋਇਆ ਲਾਪਤਾ

ਅੰਮ੍ਰਿਤਸਰ , 31 ਮਈ (ਚ.ਨ.ਸ.) : ਮੈਲਬੋਰਨ ਦੇ ਰਹਿਣ ਵਾਲੇ 66 ਸਾਲਾ ਆਸਟਰੇਲੀਆਈ ਨਾਗਰਿਕ ਅਤੇ ਹਾਈ ਸਕੂਲ ਅਧਿਆਪਕ ਸੁਨੀਲ ਸ਼ਰਮਾ ਪੰਜਾਬ ਵਿਚ ਭੇਦਭਰੀ ਹਾਲਤ ਵਿਚ ਲਾਪਤਾ ਹੋ ਗਿਆ। ਜਾਣਕਾਰੀ



ਅਨੁਸਾਰ ਸੁਨੀਲ ਸ਼ਰਮਾ ਨਾਲ ਆਖ਼ਰੀ ਵਾਰ 22 ਮਈ ਨੂੰ ਸੰਪਰਕ ਹੋਇਆ ਸੀ, ਜਦੋਂ ਉਹ ਅਪਣੀ ਸੇਵਾਮੁਕਤੀ ਤੋਂ ਪਹਿਲਾਂ ਦੀ ਇਕ ਜਾਇਦਾਦ ਵੇਚਣ ਦੀ ਤਿਆਰੀ ਦੇ ਸਿਲਸਿਲੇ ਵਿਚ ਅੰਮ੍ਰਿਤਸਰ ਗਿਆ ਸੀ।ਡਾਇਮੰਡ ਵੈਲੀ ਕਾਲਜ ਵਿਚ ਗਣਿਤ ਦੇ ਅਧਿਆਪਕ ਸ਼ਰਮਾ, ਫ਼ਤਿਹਗੜ੍ਹ ਚੂੜੀਆਂ ਰੋਡ ਸਥਿਤ ਆਸ਼ੀਆਨਾ ਅੈਸਟੇਟ ਵਿਚ ਅਪਣੀ ਜਾਇਦਾਦ ਦੇ ਨਵੀਨੀਕਰਨ ਅਤੇ ਰੰਗ-ਰੋਗਨ ਦੇ ਕੰਮ ਦੀ ਦੇਖਭਾਲ ਲਈ ਪੰਜਾਬ ਗਏ ਹੋਏ ਸਨ। ਉਨ੍ਹਾਂ ਦੀ ਬੇਟੀ ਸੁਰਭੀ ਸ਼ਰਮਾ ਅਨੁਸਾਰ ਯਾਤਰਾ ਦੌਰਾਨ ਪਰਵਾਰ ਉਨ੍ਹਾਂ ਨਾਲ ਲਗਾਤਾਰ ਸੰਪਰਕ ਵਿਚ ਸੀ। ਉਨ੍ਹਾਂ ਨੇ 21 ਮਈ ਨੂੰ ਅਤੇ ਫਿਰ 22 ਮਈ ਦੀ ਸਵੇਰ ਨੂੰ ਅਪਣੇ ਬੱਚਿਆਂ ਨਾਲ ਗੱਲ ਕੀਤੀ ਸੀ। ਅਗਲੇ ਦਿਨ ਤਕ ਉਨ੍ਹਾਂ ਦਾ ਮੋਬਾਈਲ ਫ਼ੋਨ ਬੰਦ ਹੋ ਚੁੱਕਾ ਸੀ। ਮੋਹਾਲੀ ਤੋਂ ਅੰਮ੍ਰਿਤਸਰ ਜਾ ਰਹੇ ਸ਼ਰਮਾ ਅਤੇ ਉਨ੍ਹਾਂ ਦੀ ਕਾਰ ਦੋਵਾਂ ਦੇ ਲਾਪਤਾ ਹੋਣ ਤੋਂ ਬਾਅਦ ਪਰਵਾਰ ਚਿੰਤਤ ਹੋ ਗਿਆ। ਬਾਅਦ ਵਿਚ ਜਦੋਂ ਉਨ੍ਹਾਂ ਦੇ ਦੋਸਤਾਂ ਨੇ ਘਰ ਦੀ ਜਾਂਚ ਕੀਤੀ ਤਾਂ ਗੇਟ ਬੰਦ ਮਿਲੇ ਅਤੇ ਨਾ ਤਾਂ ਸ਼ਰਮਾ ਦਾ ਕੋਈ ਸੁਰਾਗ ਮਿਲਿਆ ਅਤੇ ਨਾ ਹੀ ਉਨ੍ਹਾਂ ਦੀ ਗੱਡੀ ਦਾ।

### ਟਰੰਪ ਵੱਲੋਂ ਤਿੰਨ ਰਿਪਬਲਿਕਨ ਉਮੀਦਵਾਰਾਂ ਦੀ ਹਮਾਇਤ

# ਸਾਊਥ ਕੈਰੋਲੀਨਾ, ਆਇਓਵਾ ਤੇ ਓਕਲਾਹੋਮਾ 'ਚ ਗਵਰਨਰ ਲਈ ਚੋਣਾਂ

ਕੋਲੰਬੀਆ , 31 ਮਈ (ਚ.ਨ.ਸ.) : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਾਊਥ ਕੈਰੋਲੀਨਾ, ਆਇਓਵਾ ਅਤੇ ਓਕਲਾਹੋਮਾ ਸੂਬਿਆਂ ਵਿੱਚ ਗਵਰਨਰ ਲਈ ਚੋਣਾਂ ਲਈ ਤਿੰਨ ਰਿਪਬਲਿਕਨ ਉਮੀਦਵਾਰਾਂ ਨੂੰ ਹਮਾਇਤ ਦਿੱਤੀ ਹੈ। ਉਨ੍ਹਾਂ ਸੋਸ਼ਲ ਮੀਡੀਆ ਪੋਸਟਾਂ ਰਾਹੀਂ ਸਾਊਥ ਕੈਰੋਲੀਨਾ ਦੀ ਲੈਫਟੀਨੈਂਟ ਗਵਰਨਰ ਪਾਮੇਲਾ ਐਵੇਟ, ਆਇਓਵਾ ਦੇ ਪ੍ਰਤੀਨਿਧ ਰੈਂਡੀ ਫੀਨਸਟ੍ਰਾ ਅਤੇ ਓਕਲਾਹੋਮਾ ਦੇ ਸਾਬਕਾ ਸਟੇਟ ਸੈਨੇਟਰ ਮਾਈਕ ਮਾਜ਼ੇਈ ਦਾ ਪੱਖ ਪੂਰਿਆ। ਤਿੰਨੋਂ ਸੂਬਿਆਂ ਵਿੱਚ ਕਈ ਸਾਲਾਂ ਬਾਅਦ ਪਹਿਲੀ ਵਾਰ ਰਿਪਬਲਿਕਨ ਪਾਰਟੀ ਦੇ ਅੰਦਰ ਹੀ ਇੰਨੀ ਸਖ਼ਤ ਟੱਕਰ ਹੈ। ਆਇਓਵਾ 'ਚ ਮੰਗਲਵਾਰ, ਸਾਊਥ ਕੈਰੋਲੀਨਾ 'ਚ 9 ਜੂਨ ਅਤੇ ਓਕਲਾਹੋਮਾ 'ਚ 16 ਜੂਨ ਨੂੰ ਪ੍ਰਾਇਮਰੀ ਚੋਣਾਂ ਹੋਣੀਆਂ ਹਨ, ਜਿੱਥੇ ਟਰੰਪ ਦਾ ਸਮਰਥਨ ਬੇਹੱਦ ਅਹਿਮ ਮੰਨਿਆ ਜਾ ਰਿਹਾ ਹੈ।ਸਾਊਥ ਕੈਰੋਲੀਨਾ ਵਿੱਚ ਪਾਮੇਲਾ ਐਵੇਟ ਨੂੰ ਮੌਜੂਦਾ ਗਵਰਨਰ ਹੈਨਰੀ ਮੈਕਮਾਸਟਰ ਦੀ ਵੀ ਹਮਾਇਤ ਹਾਸਲ ਹੈ। ਟਰੰਪ ਨੇ 2024 ਦੀਆਂ ਚੋਣਾਂ



ਵਿੱਚ ਐਵੇਟ ਵੱਲੋਂ ਕੀਤੇ ਗਏ ਪ੍ਰਚਾਰ ਦੀ ਤਾਰੀਫ਼ ਕੀਤੀ ਅਤੇ ਕਿਹਾ ਕਿ ਗਵਰਨਰ ਦੇ ਪੁੱਤਰ ਹੈਨਰੀ ਮੈਕਮਾਸਟਰ ਜੂਨੀਅਰ ਦਾ ਉਨ੍ਹਾਂ ਦੇ ਨਾਲ ਚੋਣ ਮੈਦਾਨ ਵਿੱਚ ਉਤਰਨ ਦਾ ਵੱਡਾ ਫ਼ਾਇਦਾ ਹੋਵੇਗਾ। ਇੱਥੇ ਐਵੇਟ ਦਾ ਮੁਕਾਬਲਾ ਨੈਨਸੀ ਮੇਸ, ਰਾਲਫ਼ ਨੋਰਮਨ ਅਤੇ ਐਲਨ ਵਿਲਸਨ ਵਰਗੇ ਦਿੱਗਜਾਂ ਨਾਲ ਹੈ। ਦੂਜੇ ਪਾਸੇ ਆਇਓਵਾ ਵਿੱਚ ਟਰੰਪ ਨੇ ਰੈਂਡੀ ਫੀਨਸਟ੍ਰਾ ਦੀ ਹਮਾਇਤ 'ਚ ਕਿਹਾ ਕਿ ਉਹ ਸਰਹੱਦੀ ਸੁਰੱਖਿਆ ਅਤੇ ਆਰਥਿਕਤਾ ਲਈ ਅਣਥੱਕ ਲੜਾਈ ਲੜਨਗੇ। ਫੀਨਸਟ੍ਰਾ ਇੱਥੇ ਮੌਜੂਦਾ ਗਵਰਨਰ ਕਿਮ ਰੇਨੋਲਡਸ ਦੀ ਜਗ੍ਹਾ ਲੈਣ ਲਈ ਐਡੀ ਐਂਡਰਿਊਜ਼ ਅਤੇ ਜ਼ੈਕ ਲਾਹਨ ਸਮੇਤ ਚਾਰ ਹੋਰ ਉਮੀਦਵਾਰਾਂ ਨਾਲ ਮੁਕਾਬਲਾ ਕਰ ਰਹੇ ਹਨ।

# ਗ੍ਰੀਨ ਕਾਰਡ ਲਈ ਅਮਰੀਕਾ ਤੋਂ ਦੇਸ਼ ਪਰਤਣਾ ਲਾਜ਼ਮੀ ਨਹੀਂ

ਵਾਸ਼ਿੰਗਟਨ , 31 ਮਈ (ਚ.ਨ.ਸ.) : ਅਮਰੀਕਾ ਵਿਚ ਪੱਕੇ ਹੋਣ ਦੀ ਇੱਛਾ ਰੱਖਣ ਵਾਲੇ ਪ੍ਰਵਾਸੀਆਂ, ਖਾਸ ਕਰ ਕੇ ਭਾਰਤੀਆਂ ਲਈ ਇਕ ਸੁੱਖਦ ਖ਼ਬਰ ਸਾਹਮਣੇ ਆਈ ਹੈ। ਯੂ.ਐਸ. ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ (ਡੀ.ਐਚ.ਐੱਸ.) ਨੇ ਸਾਫ਼ ਕੀਤਾ ਹੈ ਕਿ ਗ੍ਰੀਨ ਕਾਰਡ ਦੀ ਅਰਜ਼ੀ ਦੇਣ ਵਾਲੇ ਸਾਰੇ ਪ੍ਰਵਾਸੀਆਂ ਨੂੰ ਅਪਣੇ ਦੇਸ਼ ਵਾਪਸ ਜਾਣ ਦੀ ਲੋੜ ਨਹੀਂ ਪਵੇਗੀ।ਇਸ ਤੋਂ ਪਹਿਲਾਂ ਯੂ.ਐਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਦੇ ਇਕ ਨੋਟਿਸ ਕਾਰਨ ਪ੍ਰਵਾਸੀਆਂ ਵਿਚ ਭਾਰੀ ਚਿੰਤਾ ਪਾਈ ਜਾ ਰਹੀ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਪੱਕੀ ਰਿਹਾਇਸ਼ ਦੇ ਚਾਹਵਾਨਾਂ ਨੂੰ ਗ੍ਰੀਨ ਕਾਰਡ ਦੀ ਉਡੀਕ ਅਪਣੇ ਦੇਸ਼ ਪਰਤ ਕੇ ਕਰਨੀ ਹੋਵੇਗੀ। ਇਸ ਮਾਮਲੇ 'ਤੇ ਸਪੱਸ਼ਟੀਕਰਨ ਦਿੰਦੇ ਹੋਏ




ਡੀ.ਐਚ.ਐਸ. ਦੇ ਬੁਲਾਰੇ ਨੇ ਕਿਹਾ, "ਇਹ ਸਿਰਫ਼ ਅਧਿਕਾਰੀਆਂ ਨੂੰ ਉਨ੍ਹਾਂ ਦੇ ਵਿਵੇਕੀ ਅਧਿਕਾਰਾਂ ਦੀ ਯਾਦ ਦਿਵਾਉਣ ਲਈ ਸੀ, ਜੋ ਹਮੇਸ਼ਾ ਹਰ ਕੇਸ ਦੇ ਅਧਾਰ 'ਤੇ ਮੌਜੂਦ ਹੁੰਦੇ ਹਨ।" ਵਿਭਾਗ ਮੁਤਾਬਕ 22 ਮਈ ਦਾ ਮੈਮੋ ਕੋਈ ਪੂਰਨ ਤਬਦੀਲੀ ਨਹੀਂ ਸੀ।ਹੁਣ ਇਹ ਇਮੀਗ੍ਰੇਸ਼ਨ ਅਧਿਕਾਰੀਆਂ 'ਤੇ ਨਿਰਭਰ ਕਰੇਗਾ ਕਿ ਕਿਸੇ ਵਿਅਕਤੀ ਨੂੰ ਪ੍ਰਕਿਰਿਆ ਲਈ ਵਿਦੇਸ਼ ਭੇਜਣਾ ਹੈ ਜਾਂ ਨਹੀਂ। ਇਹ ਨਿਯਮ ਮੁੱਖ ਤੌਰ 'ਤੇ ਉਨ੍ਹਾਂ ਲੋਕਾਂ 'ਤੇ ਸਖ਼ਤੀ ਨਾਲ ਲਾਗੂ ਹੋ ਸਕਦਾ ਹੈ ਜੋ ਵੀਜ਼ਾ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਉੱਥੇ ਰਹਿ ਰਹੇ ਹਨ। ਇਸ ਫੈਸਲੇ ਦਾ ਸਵਾਗਤ ਕਰਦਿਆਂ, 'ਇੰਡੀਆਸਪੋਰਾ' ਦੇ ਕਾਰਜਕਾਰੀ ਨਿਰਦੇਸ਼ਕ ਸੰਜੀਵ ਜੋਸ਼ੀਪੁਰਾ ਨੇ ਕਿਹਾ, "ਜੇਕਰ ਸਾਰਿਆਂ ਨੂੰ ਵਾਪਸ ਭੇਜਣ ਦਾ ਫੈਸਲਾ ਸਖ਼ਤੀ ਨਾਲ ਲਾਗੂ ਹੁੰਦਾ, ਤਾਂ ਉੱਚ ਹੁਨਰਮੰਦ ਭਾਰਤੀ ਪੇਸ਼ੇਵਰਾਂ, ਖਾਸ ਕਰ ਕੇ ਐਚ-1ਬੀ (ਐਚ.-1ਬੀ.) ਵੀਜ਼ਾ ਧਾਰਕਾਂ ਵਿਚ ਨਿਰਾਸ਼ਾ ਪੈਦਾ ਹੁੰਦੀ।

# ਮੱਖਣ ਸਵੀਟਸ ਵਿਖੇ 3 ਸਾਲਾ ਗੁਰਮੋਹ ਲਈ ਫੰਡਰੇਜ਼ਿੰਗ ਮੁਹਿੰਮ

ਸਰੀ , 31 ਮਈ (ਚ.ਨ.ਸ.) : 3 ਸਾਲਾ ਬੱਚਾ ਗੁਰਮੋਹ ਇੱਕ ਗੰਭੀਰ ਬਿਮਾਰੀ ਨਾਲ ਜੂਝ ਰਿਹਾ ਹੈ ਅਤੇ ਉਸਦੇ ਇਲਾਜ ਲਈ ਭਾਈਚਾਰੇ ਦੇ




ਸਹਿਯੋਗ ਦੀ ਲੋੜ ਹੈ। ਇਸ ਮਕਸਦ ਲਈ ਮੱਖਣ ਸਵੀਟਸ ਵਿਖੇ ਇੱਕ ਫੰਡਰੇਜ਼ਿੰਗ ਮੁਹਿੰਮ ਦਾ ਆਯੋਜਨ ਕੀਤਾ ਗਿਆ, ਜਿੱਥੇ ਪਰਿਵਾਰ ਅਤੇ ਸਮਰਥਕਾਂ ਨੇ ਲੋਕਾਂ ਨੂੰ ਮਦਦ ਲਈ ਅੱਗੇ ਆਉਣ ਦੀ ਅਪੀਲ ਕੀਤੀ। ਗੁਰਮੋਹ ਦੇ ਪਰਿਵਾਰ ਨੇ ਦੱਸਿਆ ਕਿ ਬੱਚੇ ਦੇ ਇਲਾਜ ਲਈ ਵੱਡੇ ਖਰਚਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਸਥਾਨਕ ਭਾਈਚਾਰਾ, ਦੋਸਤ ਅਤੇ ਸਮਾਜਿਕ ਸੰਸਥਾਵਾਂ ਉਸਦੀ ਸਹਾਇਤਾ ਲਈ ਇਕੱਠੇ ਹੋ ਰਹੇ ਹਨ। ਫੰਡਰੇਜ਼ਿੰਗ ਦੌਰਾਨ ਆਏ ਲੋਕਾਂ ਨੇ ਗੁਰਮੋਹ ਦੇ ਜਲਦੀ ਸਿਹਤਯਾਬ ਹੋਣ ਦੀ ਕਾਮਨਾ ਕੀਤੀ ਅਤੇ ਪਰਿਵਾਰ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਆਯੋਜਕਾਂ ਨੇ ਕਿਹਾ ਕਿ ਛੋਟੀ ਤੋਂ ਛੋਟੀ ਮਦਦ ਵੀ ਬੱਚੇ ਦੇ ਇਲਾਜ ਅਤੇ ਪਰਿਵਾਰ ਲਈ ਵੱਡਾ ਸਹਾਰਾ ਬਣ ਸਕਦੀ ਹੈ। ਆਓ, ਗੁਰਮੋਹ ਦੀ ਮੁਸਕਾਨ ਬਚਾਉਣ ਲਈ ਇਕੱਠੇ ਹੋਈਏ ਅਤੇ ਇਸ ਨਿੱਕੀ ਜ਼ਿੰਦਗੀ ਨੂੰ ਆਸ ਅਤੇ ਹੌਸਲਾ ਦੇਈਏ।

# ਯੂਕ੍ਰੇਨ ਜੰਗ 'ਚ ਤਾਲਿਬਾਨੀ ਲੜਾਕਿਆਂ ਦੀ ਐਂਟਰੀ! ਰੂਸ-ਅਫ਼ਗਾਨ ਵਿਚਾਲੇ ਹੋਇਆ ਗੁਪਤ ਫ਼ੌਜੀ ਸਮਝੌਤਾ

ਮਾਸਕੋ , 31 ਮਈ (ਚ.ਨ.ਸ.) : ਰੂਸ ਅਤੇ ਅਫਗਾਨਿਸਤਾਨ ਵਿਚਾਲੇ ਦਹਾਕਿਆਂ ਪੁਰਾਣੀ ਦੁਸ਼ਮਣੀ ਹੁਣ ਗੂੜ੍ਹੀ ਦੋਸਤੀ ਵਿੱਚ ਬਦਲਦੀ ਨਜ਼ਰ ਆ ਰਹੀ ਹੈ। ਰੂਸ ਨੇ ਹਾਲ ਹੀ ਵਿੱਚ ਤਾਲਿਬਾਨ



ਸਰਕਾਰ ਨੂੰ ਅੱਤਵਾਦੀ ਸੂਚੀ ਵਿੱਚੋਂ ਹਟਾਉਣ ਅਤੇ ਮਾਨਤਾ ਦੇਣ ਦੀ ਪ੍ਰਕਿਰਿਆ ਦਰਮਿਆਨ ਅਫਗਾਨਿਸਤਾਨ ਨਾਲ ਇੱਕ ਵੱਡਾ ਫੌਜੀ ਸਮਝੌਤਾ ਕੀਤਾ ਹੈ। ਇਸ ਸਮਝੌਤੇ ਤੋਂ ਬਾਅਦ ਅੰਤਰਰਾਸ਼ਟਰੀ ਪੱਧਰ 'ਤੇ ਇਹ ਚਰਚਾ ਛਿੜ ਗਈ ਹੈ ਕਿ ਕੀ ਹੁਣ ਤਾਲਿਬਾਨੀ ਲੜਾਕੇ ਯੂਕਰੇਨ ਵਿਰੁੱਧ ਜੰਗ ਵਿੱਚ ਰੂਸ ਦੀ ਮਦਦ ਕਰਨਗੇ।ਰਿਪੋਰਟਾਂ ਅਨੁਸਾਰ ਰੂਸ ਨੇ ਪਹਿਲਾਂ ਹੀ ਉੱਤਰੀ ਕੋਰੀਆ ਨਾਲ ਰੱਖਿਆ ਸਮਝੌਤਾ ਕੀਤਾ ਹੋਇਆ ਹੈ, ਜਿਸ ਤਹਿਤ ਹਜ਼ਾਰਾਂ ਉੱਤਰੀ ਕੋਰੀਆਈ ਸੈਨਿਕ ਰੂਸ ਦੇ ਕੁਰਸਕ ਖੇਤਰ ਵਿੱਚ ਲੜ ਰਹੇ ਹਨ। ਹੁਣ ਅਫਗਾਨਿਸਤਾਨ ਨਾਲ ਹੋਏ ਇਸ ਨਵੇਂ ਸਮਝੌਤੇ ਤੋਂ ਬਾਅਦ ਮਾਹਿਰ ਅੰਦਾਜ਼ਾ ਲਗਾ ਰਹੇ ਹਨ ਕਿ ਤਾਲਿਬਾਨੀ ਲੜਾਕਿਆਂ ਨੂੰ ਯੁੱਧ ਲੜਨ ਲਈ ਯੂਕਰੇਨ ਭੇਜਿਆ ਜਾ ਸਕਦਾ ਹੈ। ਹਾਲਾਂਕਿ, ਕਈ ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੀ ਸੰਭਾਵਨਾ ਬਹੁਤ ਜ਼ਿਆਦਾ ਨਹੀਂ ਹੈ।ਇਹ ਸਮਝੌਤਾ ਰੂਸ ਨੂੰ ਏਸ਼ੀਆ ਵਿੱਚ ਆਪਣੇ ਪੱਛਮੀ-ਵਿਰੋਧੀ ਗਠਜੋੜ ਦਾ ਵਿਸਥਾਰ ਕਰਨ ਵਿੱਚ ਮਦਦ ਕਰੇਗਾ, ਜਿਸ ਵਿੱਚ ਪਹਿਲਾਂ ਹੀ ਚੀਨ, ਈਰਾਨ ਅਤੇ ਉੱਤਰੀ ਕੋਰੀਆ ਸ਼ਾਮਲ ਹਨ।

# ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਨੇ ਭਾਰਤ ਭਰ ਵਿੱਚ ਏਕਲਵਿਆ ਮਾਡਲ ਰਿਹਾਇਸ਼ੀ ਸਕੂਲਾਂ 'ਚ 75 ਸਪੇਸ ਲੈਬਾਂ ਕੀਤੀਆਂ ਸਥਾਪਤ

ਨਵੀਂ ਦਿੱਲੀ , 31 ਮਈ (ਅੰਮ੍ਰਿਤਪਾਲ ਸਿੰਘ) : ਕਬਾਇਲੀ ਵਿਦਿਆਰਥੀਆਂ ਵਿੱਚ ਵਿਗਿਆਨਕ ਸਿੱਖਿਆ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇੱਕ ਇਤਿਹਾਸਕ ਪਹਿਲਕਦਮੀ ਵਿੱਚ, ਭਾਰਤ ਸਰਕਾਰ ਦੇ ਕਬਾਇਲੀ ਮਾਮਲਿਆਂ ਦੇ ਮੰਤਰਾਲੇ ਨੇ ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ (ਬੀਪੀਸੀਐਲ) ਦੇ ਸਹਿਯੋਗ ਨਾਲ, 18 ਰਾਜਾਂ ਵਿੱਚ ਏਕਲਵਿਆ ਮਾਡਲ ਰਿਹਾਇਸ਼ੀ ਸਕੂਲਾਂ (ਈਐਮਆਰਐਸ) ਵਿੱਚ ਸਫਲਤਾਪੂਰਵਕ 75 ਸਪੇਸ ਲੈਬਾਂ ਸਥਾਪਤ ਕੀਤੀਆਂ ਹਨ। ਇਹ ਪਹਿਲ ਬੀਪੀਸੀਐਲ ਦੇ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀਐਸਆਰ) ਸਹਾਇਤਾ ਦੁਆਰਾ ਲਾਗੂ ਕੀਤੀ ਗਈ ਹੈ, ਜਿਸ ਵਿੱਚ ਲਗਭਗ 12 ਕਰੋੜ ਦਾ ਨਿਵੇਸ਼ ਹੈ, ਜੋ ਕਿ ਗੁਣਵੱਤਾ ਵਾਲੀ ਸਿੱਖਿਆ ਨੂੰ ਅੱਗੇ ਵਧਾਉਣ ਅਤੇ ਕਬਾਇਲੀ ਨੌਜਵਾਨਾਂ ਵਿੱਚ ਵਿਗਿਆਨਕ ਸੁਭਾਅ ਨੂੰ ਉਤਸ਼ਾਹਿਤ ਕਰਨ ਲਈ ਦੋਵਾਂ ਸੰਸਥਾਵਾਂ ਦੀ ਸਾਂਝੀ ਵਚਨਬੱਧਤਾ ਨੂੰ ਮਜ਼ਬੂਤ ਕਰਦਾ ਹੈ। ਕਬਾਇਲੀ ਮਾਮਲਿਆਂ ਦਾ ਮੰਤਰਾਲਾ ਅਨੁਸੂਚਿਤ ਕਬਾਇਲੀ ਵਿਦਿਆਰਥੀਆਂ ਨੂੰ ਗੁਣਵੱਤਾ ਵਾਲੀ ਰਿਹਾਇਸ਼ੀ ਸਿੱਖਿਆ ਪ੍ਰਦਾਨ ਕਰਨ ਲਈ EMRS ਚਲਾਉਂਦਾ ਹੈ, ਜਿਸ ਨਾਲ ਉਹ ਉੱਚ ਸਿੱਖਿਆ ਪ੍ਰਾਪਤ ਕਰ ਸਕਣ ਅਤੇ ਵਿਭਿੰਨ ਖੇਤਰਾਂ ਵਿੱਚ ਅਰਥਪੂਰਨ ਕਰੀਅਰ ਬਣਾ ਸਕਣ। ਅਕਾਦਮਿਕ ਤੋਂ ਇਲਾਵਾ, ਇਹ ਸਕੂਲ ਸਿਹਤ, ਪੋਸ਼ਣ ਅਤੇ ਸ਼ਖ਼ਸੀਅਤ ਸੁਧਾਰ ਸਮੇਤ ਸੰਪੂਰਨ ਵਿਕਾਸ @ਤੇ ਕੇਂਦ੍ਰਤ ਕਰਦੇ ਹਨ। ਵਰਤਮਾਨ ਵਿੱਚ, ਦੇਸ਼ ਭਰ ਵਿੱਚ 499 EMRS ਕਾਰਜਸ਼ੀਲ ਹਨ, ਜੋ ਕਬਾਇਲੀ ਸਿੱਖਿਆ ਲਈ ਉੱਤਮਤਾ ਕੇਂਦਰਾਂ ਵਜੋਂ ਕੰਮ ਕਰਦੇ ਹਨ। ਨਵੀਆਂ ਸਥਾਪਿਤ ਸਪੇਸ ਲੈਬਾਂ ਵਿਦਿਆਰਥੀਆਂ ਨੂੰ ਪੁਲਾੜ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਵਿੱਚ ਅਨੁਭਵੀ ਸਿੱਖਣ ਦੇ ਮੌਕੇ ਪ੍ਰਦਾਨ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ। ਉੱਨਤ ਵਿਗਿਆਨਕ ਬੁਨਿਆਦੀ ਢਾਂਚੇ ਅਤੇ ਇੰਟਰਐਕਟਿਵ ਸਿਖਲਾਈ ਸਾਧਨਾਂ ਨੂੰ ਪੇਸ਼ ਕਰਕੇ, ਇਹ ਪਹਿਲ ਕਬਾਇਲੀ ਭਾਈਚਾਰਿਆਂ ਦੇ ਨੌਜਵਾਨ ਸਿਖਿਆਰਥੀਆਂ ਵਿੱਚ ਉਤਸੁਕਤਾ, ਨਵੀਨਤਾ ਅਤੇ ਵਿਗਿਆਨਕ ਪੁੱਛਗਿੱਛ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰਦੀ ਹੈ।






# ਪਟਿਆਲਾ-ਆਸ/ਪਾਸ



## ਬਜ਼ੁਰਗ ਦਾ ਬੇਰਹਿਮੀ ਨਾਲ ਕਤਲ

### ➢ਪੁਲਿਸ ਵੱਲੋਂ ਦੋਸ਼ੀ ਪਤੀ-ਪਤਨੀ ਕੁਝ ਘੰਟਿਆਂ 'ਚ ਗ੍ਰਿਫ਼ਤਾਰ



ਸਮਾਣਾ, 31 ਮਈ (ਵਿਜੇ ਕੁਮਾਰ) : ਬੀਤੀ ਰਾਤ ਸਦਰ ਪੁਲਿਸ ਦੇ ਅਧੀਨ ਪੈਂਦੇ ਪਿੰਡ ਅਚਰਾਲ ਖੁਰਦ ਵਿੱਚ ਇੱਕ ਦੰਪਤੀ (ਪਤੀ-ਪਤਨੀ) ਵੱਲੋਂ ਗੁਆਂਢੀ ਦੇ ਘਰ ਦਾਖਲ ਹੋ ਕੇ ਤੇਜ਼ਧਾਰ ਖਪਰਾ-ਨੁਮਾ ਹਥਿਆਰ ਨਾਲ ਘਰ ਦੇ ਬਜ਼ੁਰਗ ਵਿਅਕਤੀ ਦਾ ਕਤਲ ਕਰ ਦਿੱਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਕਤਲ ਤੋਂ ਬਾਅਦ ਪਰਿਵਾਰ ਵੱਲੋਂ ਪਛਾਣ ਲਏ ਜਾਣ 'ਤੇ ਦੋਸ਼ੀ ਦੰਪਤੀ ਫਰਾਰ ਹੋ ਗਿਆ। ਸੂਚਨਾ ਮਿਲਣ 'ਤੇ ਪਹੁੰਚੀ ਸਦਰ ਪੁਲਿਸ ਦੇ ਅਧਿਕਾਰੀਆਂ ਨੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਮਹਿਜ਼ ਕੁਝ ਘੰਟਿਆਂ ਵਿੱਚ ਹੀ ਦੋਸ਼ੀ ਪਤੀ-ਪਤਨੀ ਨੂੰ ਨਜ਼ਦੀਕੀ ਪਿੰਡ ਦੀ ਅਨਾਜ ਮੰਡੀ ਵਿੱਚੋਂ ਕਾਬੂ ਕਰਕੇ ਹਿਰਾਸਤ ਵਿੱਚ ਲੈ ਲਿਆ। ਦੋਸ਼ੀਆਂ ਦੀ ਪਛਾਣ ਹਰਸੇਵਕ ਸਿੰਘ ਅਤੇ ਉਸਦੀ ਪਤਨੀ ਬਵਨਪ੍ਰੀਤ ਕੌਰ ਨਿਵਾਸੀ ਪਿੰਡ ਅਚਰਾਲ ਖੁਰਦ ਵਜੋਂ ਹੋਈ ਹੈ। ਸਦਰ ਪੁਲਿਸ ਥਾਣਾ ਵਿਖੇ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਦੌਰਾਨ ਡੀ.ਐਸ.ਪੀ. ਗੁਰਦੀਪ ਸਿੰਘ ਅਤੇ ਸਦਰ ਪੁਲਿਸ ਮੁਖੀ ਇੰਸਪੈਕਟਰ ਅਜੇ ਕੁਮਾਰ ਪੁਰੋਚਾ ਨੇ ਦੱਸਿਆ ਕਿ ਮ੍ਰਿਤਕ ਮਹਿੰਦਰ ਸਿੰਘ (75) ਦੇ ਪੁੱਤਰ ਦਵਿੰਦਰ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਉਹ ਆਪਣੇ ਪਿਤਾ ਦੇ ਪਰਿਵਾਰ ਨਾਲ ਰਹਿੰਦਾ ਹੈ ਅਤੇ ਫਾਇਨਾਂਸ (ਵਿੱਤ) ਦਾ ਕਾਰੋਬਾਰ ਕਰਦਾ ਹੈ। ਅੱਜ-ਕੱਲ੍ਹ ਉਸਦੇ ਘਰ ਵਿੱਚ ਉਸਾਰੀ ਦਾ ਕੰਮ ਚੱਲ ਰਿਹਾ ਹੈ, ਜਿਸ ਕਰਕੇ ਘਰ ਵਿੱਚ ਕਾਫੀ ਨਕਦੀ ਪਈ ਰਹਿੰਦੀ ਹੈ। ਐਤਵਾਰ ਤੜਕੇ ਸਵੇਰੇ ਲਗਭਗ 2 ਵਜੇ ਉਸਨੇ ਦੇਖਿਆ ਕਿ ਉਨ੍ਹਾਂ ਦੇ ਗੁਆਂਢੀ ਹਰਸੇਵਕ ਸਿੰਘ ਆਪਣੀ ਪਤਨੀ ਬਵਨਪ੍ਰੀਤ ਕੌਰ ਨਾਲ ਤੇਜ਼ਧਾਰ ਹਥਿਆਰ ਸਮੇਤ ਕੰਧ ਟੱਪ ਕੇ ਉਨ੍ਹਾਂ ਦੇ ਘਰ ਅੰਦਰ ਦਾਖਲ ਹੋਏ। ਉਸ ਵੇਲੇ ਉਸ ਦੇ ਪਿਤਾ ਬਾਥਰੂਮ ਵੱਲ ਜਾ ਰਹੇ ਸੀ ਮੁਲਜ਼ਮ ਬਵਨਪ੍ਰੀਤ ਕੌਰ ਨੇ ਉਸਦੇ ਪਿਤਾ ਨੂੰ ਫੜ ਲਿਆ ਅਤੇ ਹਰਸੇਵਕ ਸਿੰਘ ਨੇ ਤੇਜ਼ਧਾਰ ਹਥਿਆਰਾਂ ਨਾਲ ਉਸਦੇ ਪਿਤਾ ਦੀ ਗਰਦਨ 'ਤੇ ਜ਼ੋਰਦਾਰ ਬਾਰ ਕੀਤਾ, ਜਿਸ ਨਾਲ ਉਸ ਦੇ ਪਿਤਾ ਜ਼ਮੀਨ 'ਤੇ ਡਿੱਗ ਗਏ ਅਤੇ ਉੱਥੇ ਹੀ ਦਮ ਤੋੜ ਦਿੱਤਾ। ਘਰ ਵਿੱਚ ਰੌਸ਼ਨੀ ਹੋਣ ਕਾਰਨ ਪਛਾਣੇ ਜਾਣ 'ਤੇ ਦੋਸ਼ੀ ਪਤੀ-ਪਤਨੀ ਮੁੱਖ ਗੇਟ ਖੋਲ੍ਹ ਕੇ ਉੱਥੋਂ ਫਰਾਰ ਹੋ ਗਏ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਸੂਚਨਾ ਮਿਲਦਿਆਂ ਹੀ ਸਦਰ ਪੁਲਿਸ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਪੁਲਿਸ ਵੱਲੋਂ ਕਤਲ ਸਮੇਤ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਦੋਸ਼ੀਆਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਕੀਤੀ ਗਈ। ਇਸ ਦੌਰਾਨ ਪੁਲਿਸ ਨੇ ਮੁਸਤੈਦੀ ਦਿਖਾਉਂਦੇ ਹੋਏ ਨਜ਼ਦੀਕੀ ਪਿੰਡ ਕਾਦਰਾਬਾਦ ਦੀ ਅਨਾਜ ਮੰਡੀ ਵਿੱਚ ਲੁਕੇ ਹੋਏ ਦੋਸ਼ੀਆਂ ਨੂੰ ਦਬੋਚ ਲਿਆ। ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮ ਹਰਸੇਵਕ ਸਿੰਘ ਤੇ ਪਹਿਲਾਂ ਵੀ ਹੱਤਿਆ ਦਾ ਇੱਕ ਮਾਮਲਾ ਦਰਜ ਹੈ ਮੁਲਜ਼ਮਾਂ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰ ਹੋਰ ਪੁੱਛਗਿੱਛ ਲਈ ਪੁਲਿਸ ਰਿਮਾਂਡ 'ਤੇ ਲੈ ਕੇ ਕਾਰਵਾਈ ਕੀਤੀ ਜਾਵੇਗੀ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਸ਼ਰਧਾਲੂਆਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਨਮਾਨ ਕਰ ਰਹੀ ਹੈ ਪੰਜਾਬ ਸਰਕਾਰ: ਡਾ. ਬਲਬੀਰ ਸਿੰਘ

### ➢ਸਿਹਤ ਮੰਤਰੀ ਨੇ ਤੀਰਥ ਯਾਤਰਾ ਲਈ ਸ਼ਰਧਾਲੂਆਂ ਦੀ ਬੱਸ ਰਵਾਨਾ ਕੀਤੀ



ਪਟਿਆਲਾ, 31 ਮਈ (ਰੁਪਾਣਾ) : ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਦਿਹਾਤੀ ਦੇ ਵਾਰਡ ਨੰਬਰ 4, ਸਿੱਧੂ ਕਲੋਨੀ ਅਤੇ ਮਨਜੀਤ ਨਗਰ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸ਼ਰਧਾਲੂਆਂ ਦੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਅਤੇ ਸ਼ਰਧਾਲੂ ਹਾਜ਼ਰ ਸਨ, ਜਿਨ੍ਹਾਂ ਵਿੱਚ ਯੋਜਨਾ ਪ੍ਰਤੀ ਖਾਸਾ ਉਤਸ਼ਾਹ ਵੇਖਣ ਨੂੰ ਮਿਲਿਆ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕ-ਭਲਾਈ ਅਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਨਮਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਰਾਹੀਂ ਪੰਜਾਬ ਦੇ ਹਜ਼ਾਰਾਂ ਸ਼ਰਧਾਲੂਆਂ ਨੂੰ ਵੱਖ-ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਸੁਨਹਿਰੀ ਮੌਕਾ ਮਿਲ ਰਿਹਾ ਹੈ। ਇਸ ਯੋਜਨਾ ਅਧੀਨ ਅੱਜ ਰਵਾਨਾ ਹੋਈ ਬੱਸ ਵਿੱਚ ਸ਼ਾਮਲ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਦੁਰਗਿਆਣਾ ਮੰਦਰ ਅਤੇ ਹੋਰ ਪ੍ਰਮੁੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨਗੇ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਸ ਯੋਜਨਾ ਦਾ ਲਾਭ ਖ਼ਾਸ ਤੌਰ 'ਤੇ ਉਨ੍ਹਾਂ ਲੋਕਾਂ ਨੂੰ ਮਿਲ ਰਿਹਾ ਹੈ ਜੋ ਆਰਥਿਕ ਜਾਂ ਹੋਰ ਕਾਰਨਾਂ ਕਰਕੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ। ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਲੋਕ-ਭਲਾਈ ਸਕੀਮ ਲੋਕਾਂ ਵਿੱਚ ਕਾਫ਼ੀ ਹਰਮਨਪਿਆਰੀ ਸਾਬਤ ਹੋ ਰਹੀ ਹੈ ਅਤੇ ਇਲਾਕਾ ਵਾਸੀਆਂ ਵੱਲੋਂ ਇਸ ਨੂੰ ਭਰਵਾਂ ਸਹਿਯੋਗ ਅਤੇ ਸ਼ਲਾਘਾ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਭਾਵਨਾਵਾਂ ਅਤੇ ਉਮੀਦਾਂ ਨੂੰ ਧਿਆਨ ਵਿੱਚ ਰੱਖਦਿਆਂ ਸਰਕਾਰ ਅਜਿਹੀਆਂ ਹੋਰ ਭਲਾਈ ਯੋਜਨਾਵਾਂ ਵੀ ਲਗਾਤਾਰ ਲਾਗੂ ਕਰ ਰਹੀ ਹੈ। ਸ਼ਰਧਾਲੂਆਂ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਯੋਜਨਾ ਕਾਰਨ ਉਨ੍ਹਾਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਸੁਨਹਿਰੀ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਸਮਾਜ ਦੇ ਹਰ ਵਰਗ ਲਈ ਲਾਭਦਾਇਕ ਸਾਬਤ ਹੋ ਰਹੀ ਹੈ। ਇਸ ਮੌਕੇ ਵਾਰਡ ਨੰਬਰ 4 ਤੋਂ ਐਮ.ਸੀ. ਮਨਦੀਪ ਸਿੰਘ ਵਿਰਦੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਉਨ੍ਹਾਂ ਨੇ ਵੀ ਇਸ ਲੋਕ-ਹਿਤੈਸ਼ੀ ਯੋਜਨਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਵਚਨਬੱਧ ਹੋ ਕੇ ਕੰਮ ਕਰ ਰਹੀ ਹੈ ਅਤੇ ਅਜਿਹੀਆਂ ਯੋਜਨਾਵਾਂ ਲੋਕਾਂ ਦੀ ਜ਼ਿੰਦਗੀ ਵਿੱਚ ਸਕਾਰਾਤਮਕ ਬਦਲਾਅ ਲਿਆ ਰਹੀਆਂ ਹਨ। ਸਮਾਗਮ ਦੌਰਾਨ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਡਾ. ਬਲਬੀਰ ਸਿੰਘ ਨੇ ਉਨ੍ਹਾਂ ਦੀ ਸੁਖਦ ਅਤੇ ਸੁਰੱਖਿਅਤ ਯਾਤਰਾ ਦੀ ਕਾਮਨਾ ਕੀਤੀ ।

## ਗੁਰਦੁਆਰਾ ਸਿੱਧਸਰ ਅਲੌਹਰਾਂ ਸਾਹਿਬ ਵਿਖੇ ਪੂਰਨਮਾਸ਼ੀ ਮੌਕੇ ਸਜੇ ਧਾਰਮਿਕ ਦੀਵਾਨ



ਨਾਭਾ, 31 ਮਈ (ਗੁਰਚਰਨ ਸਿੰਘ ਚੌਧਰੀ ਮਾਜਰਾ) : ਨਾਭਾ ਦੇ ਨਜ਼ਦੀਕ ਇਤਿਹਾਸਕ ਗੁਰਦੂਆਰਾ ਸਿੱਧਸਰ ਅਲੌਹਰਾਂ ਸਾਹਿਬ ਵਿਖੇ ਪੂਰਨਮਾਸ਼ੀ ਦਾ ਪਾਵਨ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਿੱਖ ਪ੍ਰਚਾਰਕ ਜਥੇਦਾਰ ਬਾਬਾ ਕਸ਼ਮੀਰਾ ਸਿੰਘ ਜੀ ਦੀ ਅਗਵਾਈ ਹੇਠ ਵਿਸ਼ਾਲ ਧਾਰਮਿਕ ਦਿਵਾਨ ਸਜਾਏ ਗਏ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕਰਕੇ ਗੁਰੂ ਘਰ ਨਤਮਸਤਕ ਹੋ ਕੇ ਅਸੀਸਾਂ ਪ੍ਰਾਪਤ ਕੀਤੀਆਂ।ਧਾਰਮਿਕ ਸਮਾਗਮ ਦੌਰਾਨ ਰਾਗੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ। ਇਸ ਦੇ ਨਾਲ ਹੀ ਗੁਰੂ ਕਾ ਅਟੁੱਟ ਲੰਗਰ ਵੀ ਵਰਤਾਇਆ ਗਿਆ ਅਤੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਕਈ ਪ੍ਰਾਣੀਆਂ ਨੇ ਗੁਰੂ ਵਾਲੇ ਬਣਨ ਦਾ ਸੁਭਾਗ ਪ੍ਰਾਪਤ ਕੀਤਾ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁਖੀ ਜਥੇਦਾਰ ਬਾਬਾ ਕਸ਼ਮੀਰਾ ਸਿੰਘ ਜੀ ਨੇ ਸੰਗਤਾਂ ਨੂੰ ਕ੍ਰੀਤਨ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਜੀਵਨ ਬਤੀਤ ਕਰਨ ਅਤੇ ਗੁਰੂਆਂ ਵੱਲੋਂ ਦਰਸਾਏ ਸੱਚ, ਸੇਵਾ ਅਤੇ ਸਿਮਰਨ ਦੇ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ।

## ਹਲਕਾ ਸਨੌਰ ਪ੍ਰੈਸ ਕਲੱਬ ਦੀ ਨਵੀਂ ਬਾਡੀ ਦਾ ਐਲਾਨ

### ➢ਗੁਰਜੀਤ ਸਿੰਘ ਉਲਟਪੁਰ ਸੀਨੀਅਰ ਮੀਤ ਪ੍ਰਧਾਨ ਤੇ ਦੇਵ ਮਾਨ ਚੇਅਰਮੈਨ ਬਣੇ

### ➢ਮੁਖਤਿਆਰ ਸਿੰਘ ਨੌਗਾਵਾਂ ਮੁੜ ਪ੍ਰਧਾਨ ਬਣੇ



ਦੇਵੀਗੜ੍ਹ/ਡਕਾਲਾ, 31 ਮਈ (ਗੁਰਜੀਤ ਸਿੰਘ ਢੌਟ/ਗੁਰਸੇਵਕ ਸਿੰਘ) : ਹਲਕਾ ਸਨੌਰ ਅੰਦਰ ਕੁਝ ਸਾਲ ਪਹਿਲਾਂ ਸਥਾਪਤ ਹਲਕਾ ਸਨੌਰ ਪ੍ਰੈਸ ਕਲੱਬ ਦੀ ਇੱਕ ਜ਼ਰੂਰੀ ਮੀਟਿੰਗ ਬਲਬੇੜਾ ਵਿਖੇ ਹੋਈ, ਜਿਸ ਵਿੱਚ ਹਲਕਾ ਸਨੌਰ ਦੇ ਕਸਬਾ ਦੇਵੀਗੜ੍ਹ, ਬਲਬੇੜਾ, ਭੁਨਰਹੇੜੀ ਅਤੇ ਡਕਾਲਾ ਤੋਂ ਬਹੁਤ ਸਾਰੇ ਪੱਤਰਕਾਰ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਨਵੀਂ ਬਾਡੀ ਦਾ ਐਲਾਨ ਕੀਤਾ ਗਿਆ, ਜਿਸ ਵਿੱਚ ਸਰਬਸੰਮਤੀ ਨਾਲ ਦੇਵ ਸਿੰਘ ਮਾਨ ਚੇਅਰਮੈਨ, ਮੁਖਤਿਆਰ ਸਿੰਘ ਨੌਗਾਵਾਂ ਦੂਜੀ ਵਾਰ ਪ੍ਰਧਾਨ ਥਾਪੇ ਗਏ। ਇਸ ਤੋਂ ਇਲਾਵਾ ਗੁਰਜੀਤ ਸਿੰਘ ਉਲਟਪੁਰ ਸੀਨੀਅਰ ਮੀਤ ਪ੍ਰਧਾਨ, ਨਰਿੰਦਰ ਸਿੰਘ ਬਲਬੇੜਾ ਮੀਤ ਪ੍ਰਧਾਨ, ਗੁਰਸੇਵਕ ਸਿੰਘ ਕਰਹਾਲੀ ਜਨਰਲ ਸਕੱਤਰ ਰਾਮ ਸਰੂਪ ਪੰਜੋਲਾ ਖਜਾਨਚੀ, ਭੁਪਿੰਦਰ ਸਿੰਘ ਲਵਲੀ ਜੁਆਇੰਟ ਸਕੱਤਰ, ਅਮਨਦੀਪ ਸਿੰਘ ਨੌਗਾਵਾਂ ਪ੍ਰੈਸ ਸਕੱਤਰ, ਪਰਗਟ ਸਿੰਘ ਬਲਬੇੜਾ ਸਲਾਹਕਾਰ, ਸਿਮਰਨਜੀਤ ਸਿੰਘ ਸੱਗੂ ਐਡਵੋਕੇਟ ਕਾਨੂੰਨੀ ਸਲਾਹਕਾਰ, ਰਾਜਿੰਦਰ ਸਿੰਘ ਮੌਜੀ ਮੈਂਬਰ, ਬਲਜਿੰਦਰ ਸਿੰਘ ਜਗੌਲੀ ਮੈਂਬਰ, ਵਿਜੈ ਸ਼ਰਮਾ ਮੈਂਬਰ ਅਤੇ ਜੀ.ਐਸ. ਮਹਿਰੋਕ ਮੈਂਬਰ ਚੁਣੇ ਗਏ।ਇਸ ਮੌਕੇ ਕਲੱਬ ਪ੍ਰਧਾਨ ਮੁਖਤਿਆਰ ਸਿੰਘ ਨੌਗਾਵਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਮੂਹ ਪੱਤਰਕਾਰ ਭਾਈਚਾਰੇ ਨੂੰ ਆਉਂਦੀਆਂ ਮੁਸ਼ਕਲਾਂ ਦੇ ਹੱਲ ਅਤੇ ਕਲੱਬ ਦੀ ਬਿਹਤਰੀ ਲਈ ਕੰਮ ਕੀਤਾ ਜਾਵੇਗਾ। ਇਸ ਮੌਕੇ ਚੁਣੇ ਗਏ ਆਹੁਦੇਦਾਰਾਂ ਨੇ ਮੀਡੀਆ ਦੀ ਅਜ਼ਾਦੀ, ਪੱਤਰਕਾਰਾਂ ਦੇ ਹਿੱਤਾਂ ਦੀ ਰਾਖੀ ਅਤੇ ਸਮਾਜ ਵਿੱਚ ਸਚਾਈ ਨੂੰ ਉਜਾਗਰ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰਨ ਦਾ ਪ੍ਰਣ ਲਿਆ। ਉਨ੍ਹਾ ਕਿਹਾ ਕਿ ਹਲਕਾ ਸਨੌਰ ਪ੍ਰੈਸ ਕਲੱਬ ਹਮੇਸ਼ਾਂ ਹੀ ਪੱਤਰਕਾਰਾਂ ਦੀ ਏਕਤਾ ਅਤੇ ਭਲਾਈ ਲਈ ਕੰਮ ਕਰਦਾ ਰਹੇਗਾ। ਇਸ ਮੌਕੇ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਆਉਂਦੇ ਕੁਝ ਹੀ ਦਿਨਾਂ 'ਚ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਲਈ ਸਭ ਤੋਂ ਪਹਿਲਾਂ ਹਲਕੇ ਦੇ ਵੱਖ-ਵੱਖ ਕਸਬਿਆਂ ਦੇ ਲੋਕਾਂ ਨੂੰ ਮੁਫਤ ਪੌਦੇ ਵੰਡੇ ਜਾਣਗੇ, ਉਪਰੰਤ ਹੋਰ ਲੋਕ ਭਲਾਈ ਦੇ ਕਾਰਜ ਵੀ ਉਲੀਕੇ ਜਾਣਗੇ।

## ਥੈਲੇਸੀਮੀਆ ਪੀੜਤ ਬੱਚਿਆਂ ਲਈ ਖ਼ੂਨਦਾਨ ਕੈਂਪ ਲਗਾਇਆ



ਸਮਾਣਾ, 31 ਮਈ (ਵਿਜੇ ਕੁਮਾਰ) : ਥੈਲੇਸੀਮੀਆ ਪੀੜਤ ਬੱਚਿਆਂ ਦੀ ਖ਼ੂਨ ਦੀ ਲੋੜ ਨੂੰ ਪੂਰਾ ਕਰਨ ਦੇ ਉਦੇਸ਼ ਨਾਲ ਪਟਿਆਲਾ ਥੈਲੇਸੈਮਿਕ ਚਿਲਡਰਨ ਵੈਲਫੇਅਰ ਐਸੋਸੀਏਸ਼ਨ ਵੱਲੋਂ 203ਵੇਂ ਖ਼ੂਨਦਾਨ ਕੈਂਪ ਦਾ ਸਫਲ ਆਯੋਜਨ ਕੀਤਾ ਗਿਆ। ਕੈਂਪ ਵਿੱਚ ਸਮਾਜ ਦੇ ਵੱਖ-ਵੱਖ ਵਰਗਾਂ ਨਾਲ ਸੰਬੰਧਿਤ ਲੋਕਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ ਅਤੇ ਕੁੱਲ 140 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ। ਇਸ ਮੌਕੇ ਪ੍ਰਸਿੱਧ ਸਮਾਜ ਸੇਵਿਕਾ ਮੈਡਮ ਸਤਿੰਦਰ ਪਾਲ ਕੌਰ ਵਾਲੀਆ ਅਤੇ ਰਾਜੇਸ਼ ਸ਼ਰਮਾ ਪੰਜੋਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਖ਼ੂਨਦਾਤਾਵਾਂ ਦਾ ਹੌਸਲਾ ਵਧਾਉਂਦੇ ਹੋਏ ਇਸ ਪੁੰਨ ਦੇ ਕਾਰਜ ਦੀ ਸ਼ਲਾਘਾ ਕੀਤੀ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਖ਼ੂਨਦਾਨ ਲਈ ਪ੍ਰੇਰਿਤ ਕੀਤਾ। ਐਸੋਸੀਏਸ਼ਨ ਦੇ ਪ੍ਰਧਾਨ ਵਿਜੇ ਪਾਹਵਾ, ਉਪ ਪ੍ਰਧਾਨ ਰਾਜੀਵ ਅਰੋੜਾ, ਮਹਾਂ ਸਕੱਤਰ ਤਰਲੋਕ ਸਿੰਘ ਅਤੇ ਸਕੱਤਰ ਸ਼ੈਂਟੀ ਅਰੋੜਾ ਨੇ ਦੱਸਿਆ ਕਿ ਗਰਮੀ ਦੇ ਮੌਸਮ ਦੌਰਾਨ ਅਕਸਰ ਬਲੱਡ ਬੈਂਕਾਂ ਵਿੱਚ ਖ਼ੂਨ ਦੀ ਕਮੀ ਹੋ ਜਾਂਦੀ ਹੈ, ਜਿਸਦਾ ਸਭ ਤੋਂ ਵੱਧ ਅਸਰ ਥੈਲੇਸੀਮੀਆ ਪੀੜਤ ਬੱਚਿਆਂ 'ਤੇ ਪੈਂਦਾ ਹੈ। ਅਜਿਹੇ ਬੱਚਿਆਂ ਨੂੰ ਜ਼ਿੰਦਗੀ ਭਰ ਨਿਯਮਿਤ ਤੌਰ 'ਤੇ ਖ਼ੂਨ ਚੜ੍ਹਾਉਣ ਦੀ ਲੋੜ ਹੁੰਦੀ ਹੈ। ਇਸੇ ਕਾਰਨ ਸੰਸਥਾ ਵੱਲੋਂ ਹਰ 15 ਦਿਨਾਂ ਬਾਅਦ ਰਾਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਵਿੱਚ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਵੇਲੇ ਸੰਸਥਾ ਨਾਲ ਜੁੜੇ 260 ਤੋਂ ਵੱਧ ਥੈਲੇਸੀਮੀਆ ਪੀੜਤ ਬੱਚਿਆਂ ਨੂੰ ਨਿਯਮਿਤ ਖ਼ੂਨ ਦੀ ਲੋੜ ਰਹਿੰਦੀ ਹੈ ਅਤੇ ਹਰ ਰੋਜ਼ ਲਗਭਗ 30 ਤੋਂ 40 ਯੂਨਿਟ ਖ਼ੂਨ ਦੀ ਜ਼ਰੂਰਤ ਪੈਂਦੀ ਹੈ। ਇਸ ਮੌਕੇ ਮੈਡਮ ਸੁਨੀਤਾ ਅਰੋੜਾ, ਜਸਪ੍ਰੀਤ ਕੌਰ ਅਤੇ ਬਲੱਡ ਬੈਂਕ ਦੀ ਪੂਰੀ ਟੀਮ ਸਮੇਤ ਵੱਡੀ ਗਿਣਤੀ ਵਿੱਚ ਖ਼ੂਨਦਾਤਾ ਅਤੇ ਸਮਾਜ ਸੇਵੀ ਹਾਜ਼ਰ ਸਨ।

## ਬੈਸਟ ਕਾਟਨ ਫੈਕਟਰੀ 'ਚ ਅੱਗ ਲੱਗਣ ਕਾਰਨ ਲੱਖਾਂ ਦਾ ਨੁਕਸਾਨ

ਸਮਾਣਾ, 31 ਮਈ (ਵਿਜੇ ਕੁਮਾਰ) : ਸਮਾਣਾ-ਪਟਿਆਲਾ ਸੜਕ 'ਤੇ ਸਥਿਤ ਇੱਕ ਬੈਸਟ ਕਾਟਨ ਫੈਕਟਰੀ ਵਿੱਚ



ਅਚਾਨਕ ਅੱਗ ਲੱਗਣ ਕਾਰਨ ਮਾਲ, ਮਸ਼ੀਨਰੀ ਅਤੇ ਇਮਾਰਤ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਣ ਦੀ ਖ਼ਬਰ ਹੈ। ਫਾਇਰ ਬ੍ਰਿਗੇਡ ਦੀਆਂ ਕਈ ਗੱਡੀਆਂ ਨੇ 2 ਘੰਟਿਆਂ ਦੀ ਭਾਰੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਫੈਕਟਰੀ ਦੇ ਡਾਇਰੈਕਟਰ ਆਰੀਅਨ ਨੇ ਦੱਸਿਆ ਕਿ ਐਤਵਾਰ ਸਵੇਰੇ 9 ਵਜੇ ਫੈਕਟਰੀ ਵਿੱਚ ਅੱਗ ਲੱਗਣ ਦੀ ਸੂਚਨਾ ਮਿਲਣ 'ਤੇ ਜਦੋਂ ਉਹ ਤੁਰੰਤ ਫੈਕਟਰੀ ਪਹੁੰਚੇ ਤਾਂ ਮਸ਼ੀਨਰੀ ਰੂਮ ਅਤੇ ਗੋਦਾਮ ਵਿੱਚ ਅੱਗ ਲੱਗੀ ਹੋਈ ਸੀ। ਉਨ੍ਹਾਂ ਨੇ ਮਜ਼ਦੂਰਾਂ ਨਾਲ ਮਿਲ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਸੂਚਨਾ ਮਿਲਣ 'ਤੇ ਪਹੁੰਚੀਆਂ ਫਾਇਰ ਬ੍ਰਿਗੇਡ ਦੀਆਂ ਕੁੱਲ ਪੰਜ ਗੱਡੀਆਂ ਨੇ ਅੱਗ 'ਤੇ ਕਾਬੂ ਪਾਇਆ। ਪਰ ਇਸ ਦੌਰਾਨ ਗੋਦਾਮ ਵਿੱਚ ਪਿਆ ਲੱਖਾਂ ਰੁਪਏ ਦਾ ਮਾਲ ਅਤੇ ਮਸ਼ੀਨਰੀ ਸੜ ਕੇ ਸਵਾਹ ਹੋ ਗਈ। ਉਨ੍ਹਾਂ ਨੇ ਨੁਕਸਾਨ ਦਾ ਅਨੁਮਾਨ 25 ਲੱਖ ਰੁਪਏ ਦੱਸਿਆ ਅਤੇ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਬਿਆਨ ਕੀਤਾ।

## ਭਾਰਤ ਵਿਕਾਸ ਪ੍ਰੀਸ਼ਦ ਨੇ ਪੰਛੀਆਂ ਲਈ ਪਾਣੀ ਦੇ ਕਟੋਰੇ ਵੰਡੇ



ਸਮਾਣਾ, 31 ਮਈ (ਵਿਜੇ ਕੁਮਾਰ/ਜਵੰਦਾ) : ਭਾਰਤ ਵਿਕਾਸ ਪ੍ਰੀਸਦ ਵੱਲੋਂ ਯੂਨਿਕ ਪਾਰਕ ਵਿਖੇ ਇੱਕ ਆਯੋਜਿਤ ਇਕ ਵਿਸੇਸ਼ ਪ੍ਰੋਗਰਾਮ 'ਚ ਮੁੱਖ ਮਹਿਮਾਨ ਵਜੋਂ ਪਹੁੰਚੇ ਨਗਰ ਕੌਂਸਲ ਸਮਾਣਾ ਦੇ ਸਾਬਕਾ ਪ੍ਰਧਾਨ ਯਸਪਾਲ ਸਿੰਗਲਾ ਨੇ ਸ਼ਿਰਕਤ ਕੀਤੀ। ਸੰਸਥਾ ਕੋਆਰਡੀਨੇਟਰ ਐਡਵੋਕੇਟ ਵਿਜੇ ਡਾਵਰ ਅਤੇ ਪ੍ਰੋਜੈਕਟ ਚੇਅਰਮੈਨ ਸੀਤਾ ਰਾਮ ਗੁਪਤਾ ਦੀ ਅਗਵਾਈ ਹੇਠ ਤਹਿਸੀਲ ਪਾਰਕ ਯੋਗਾ ਕਲੱਬ ਦੇ ਮੈਂਬਰਾਂ ਨੂੰ ਪੰਛੀਆਂ ਦੇ ਪਾਣੀ ਪੀਣ ਲਈ ਕਟੋਰੇ ਵੰਡੇ ਗਏ। ਇਸ ਤੋਂ ਪਹਿਲਾਂ ਵੀ ਪ੍ਰੀਸਦ ਵੱਲੋਂ ਸਤੀ ਮੰਦਰ 'ਚ ਯੋਗਾ ਕਰਨ ਵਾਲਿਆਂ ਨੂੰ ਕਟੋਰੇ ਦੇ ਕੇ ਪੰਛੀਆਂ ਦੀ ਸੇਵਾ ਕਰਨ ਲਈ ਪ੍ਰੇਰਿਆ ਗਿਆ। ਇਸ ਮੌਕੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦਿਆਂ ਯਸਪਾਲ ਸਿੰਗਲਾ ਅਤੇ ਐਡਵੋਕੇਟ ਵਿਜੇ ਡਾਵਰ ਨੇ ਕਿਹਾ ਕਿ ਗਰਮੀ ਦਾ ਪ੍ਰਕੋਪ ਬਹੁਤ ਜਿਆਦਾ ਹੈ, ਜਿਸ ਕਾਰਨ ਪਾਣੀ ਦੇ ਕੁਦਰਤੀ ਸਰੋਤ ਲਗਾਤਾਰ ਸੁੱਕਦੇ ਜਾ ਰਹੇ ਹਨ। ਅਜਿਹੇ ਬਿਖੜੇ ਸਮੇਂ ਵਿੱਚ ਪੰਛੀਆਂ ਦੀ ਜਾਨ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਆਪਣੇ ਘਰਾਂ ਦੀਆਂ ਛੱਤਾਂ, ਬਾਲਕੋਨੀਆਂ ਅਤੇ ਬਗੀਚਿਆਂ ਵਿੱਚ ਪਾਣੀ ਦੇ ਕਟੋਰੇ ਭਰ ਕੇ ਰੱਖਣੇ ਚਾਹੀਦੇ ਹਨ ਤਾਂ ਜੋ ਕੋਈ ਵੀ ਬੇਜੁਬਾਨ ਪੰਛੀ ਪਿਆਸ ਨਾਲ ਤੜਫ ਕੇ ਨਾ ਮਰਨ। ਉਨ੍ਹਾਂ ਕਿਹਾ ਕਿ ਮਨੁੱਖ ਵੱਲੋਂ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਵਿੱਚੋਂ ਇਹ ਬੇਜੁਬਾਨਾਂ ਦੀ ਸੇਵਾ ਸਭ ਤੋਂ ਮਹਾਨ ਅਤੇ ਉੱਤਮ ਸੇਵਾ ਹੈ। ਪ੍ਰੀਸ਼ਦ ਪ੍ਰਧਾਨ ਰਜਿੰਦਰ ਪ੍ਰਸ਼ਾਦ ਨੇ ਯੋਗਾ ਕਲੱਬ ਦੇ ਸਮੂਹ ਮੈਂਬਰਾਂ ਨੂੰ ਅਪੀਲ ਕੀਤੀ ਕਿ ਹਰੇਕ ਮੈਂਬਰ ਆਪਣੇ ਘਰ ਦੀ ਛੱਤ 'ਤੇ ਪੰਛੀਆਂ ਲਈ ਪਾਣੀ ਦਾ ਕਟੋਰਾ ਜ਼ਰੂਰ ਰੱਖੇ। ਉਨ੍ਹਾਂ ਕਿਹਾ ਕਿ ਕਟੋਰੇ ਨੂੰ ਹਰ ਰੋਜ ਸਾਫ ਕਰਕੇ ਤਾਜਾ ਪਾਣੀ ਭਰਿਆ ਜਾਵੇ। ਇਸ ਮੌਕੇ ਪ੍ਰੀਸ਼ਦ ਸਰਪ੍ਰਸਤ ਚਮਨ ਲਾਲ ਗੋਇਲ, ਸੈਕਟਰੀ ਬ੍ਰਿਸਭਾਨ ਕਾਂਸਲ, ਖਜਾਨਚੀ ਸੁਮਿਤ ਸਿੰਗਲਾ, ਵਿਜੇ ਸਿੰਗਲਾ, ਰਿਕੀ ਸਿੰਗਲਾ, ਵਿਕਾਸ ਛੋਟੂ, ਵਿਕਾਸ, ਸੁਭਾਸ ਚੰਦ, ਬਲਵਿੰਦਰ ਸਿੰਘ, ਸ਼ਾਮ ਲਾਲ, ਰਾਕੇਸ਼ ਅਧਿਆਪਕ, ਪਰਮਿੰਦਰ ਅਰੋੜਾ, ਨੰਦ ਕਿਸ਼ੋਰ, ਅਸ਼ੋਕ ਛਾਬੜਾ ਆਦਿ ਵੀ ਹਾਜ਼ਰ ਸਨ।

## ਆਲ ਇੰਡੀਆ ਪਿੰਗਲਾ ਆਸ਼ਰਮ ਵਿਖੇ 11 ਲੋੜਵੰਦ ਲੜਕੀਆਂ ਦੇ ਵਿਆਹ ਪੂਰਨ ਗੁਰਮਰਿਆਦਾ ਅਨੁਸਾਰ ਸੰਪੰਨ



ਸਨੌਰ, 31 ਮਈ (ਪ੍ਰਥਮ ਕੁਮਾਰ) : ਮਾਨਵਤਾ ਦੀ ਸੇਵਾ ਨੂੰ ਸਮਰਪਿਤ ਪ੍ਰਮੁੱਖ ਸਮਾਜ ਸੇਵੀ ਸੰਸਥਾ 'ਆਲ ਇੰਡੀਆ ਪਿੰਗਲਾ ਆਸ਼ਰਮ', ਸਨੌਰ ਰੋਡ ਪਟਿਆਲਾ ਵਿਖੇ ਅੱਜ 11 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਵਿਆਹ ਪੂਰਨ ਧਾਰਮਿਕ ਰੀਤੀ-ਰਿਵਾਜਾਂ ਅਤੇ ਗੁਰਮਰਿਆਦਾ ਅਨੁਸਾਰ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਸੰਪੰਨ ਹੋਏ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ-ਛਾਇਆ ਹੇਠ ਪੜ੍ਹੇ ਗਏ ਅਨੰਦ ਕਾਰਜਾਂ ਦੌਰਾਨ ਨਵ-ਵਿਆਹੇ ਜੋੜਿਆਂ ਨੇ ਲਾਵਾਂ ਲਈਆਂ। ਆਸ਼ਰਮ ਦੇ ਮੁੱਖ ਸੰਚਾਲਕ ਸੰਤ ਬਾਬਾ ਬਲਬੀਰ ਸਿੰਘ ਜੀ ਦੀ ਦੇਖ-ਰੇਖ ਹੇਠ ਆਯੋਜਿਤ ਇਸ ਮਹਾਨ ਕਾਰਜ ਦੌਰਾਨ ਵੱਖ-ਵੱਖ ਖੇਤਰਾਂ ਤੋਂ ਪਹੁੰਚੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਨਵ-ਵਿਆਹੇ ਜੋੜਿਆਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਅਤੇ ਆਸ਼ੀਰਵਾਦ ਦਿੱਤਾ। ਸਮਾਗਮ ਦੀ ਸਫਲਤਾ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਮੁੱਖ ਸੰਚਾਲਕ ਸੰਤ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਲੋੜਵੰਦ ਪਰਿਵਾਰਾਂ ਦੀਆਂ ਧੀਆਂ ਦੇ ਹੱਥ ਪੀਲੇ ਕਰਕੇ ਉਨ੍ਹਾਂ ਦੇ ਘਰ ਵਸਾਉਣਾ ਸੰਸਥਾ ਦਾ ਮੁੱਖ ਮਨੋਰਥ ਹੈ। ਪ੍ਰਬੰਧਕਾਂ ਅਤੇ ਪਤਵੰਤਿਆਂ ਨੇ ਨਿਭਾਈਆਂ ਡਿਊਟੀਆਂ ਅਤੇ ਬਾਬਾ ਸੁਖਦੇਵ ਸਿੰਘ, ਬਾਬਾ ਜਸਵਿੰਦਰ ਸਿੰਘ ਪਟਿਆਲੇ ਵਾਲੇ, ਭਾਈ ਹਰਪ੍ਰੀਤ ਸਿੰਘ, ਭਾਈ ਕ੍ਰਿਸ਼ਨ ਸਿੰਘ ਗਦਾਪੁਰ ਵਾਲੇ, ਭਾਈ ਦਿਲਪ੍ਰੀਤ ਸਿੰਘ, ਕਰਮਜੀਤ ਕੌਰ, ਬੀਬੀ ਅਮ੍ਰਿਤ ਕੌਰ ਖਾਲਸਾ, ਬੀਬੀ ਮਹਿੰਦਰ ਕੌਰ ਖਾਲਸਾ ਆਨੰਦਪੁਰ ਸਾਹਿਬ ਵਾਲੇ, ਭਾਈ ਇੰਦਰਪ੍ਰੀਤ ਸਿੰਘ ਠਾਕਰ, ਗੁਰਪ੍ਰੀਤ ਸਿੰਘ, ਭਾਈ ਬਰਕਤ ਸਿੰਘ ਸ਼ਾਹਬਾਦ ਵਾਲੇ, ਭਾਈ ਜਗੀਰ ਸਿੰਘ, ਭਾਈ ਰਾਜ ਸਿੰਘ ਕੁਲਾਂ ਵਾਲੇ, ਭਾਈ ਹਰਿੰਦਰ ਸਿੰਘ ਖਾਲਸਾ ਪਟਿਆਲੇ ਵਾਲੇ, ਭਾਈ ਦਿਲਬਾਗ ਸਿੰਘ ਕਵੀਸਰੀ ਜਥਾ, ਬਾਬਾ ਭੁਪਿੰਦਰ ਸਿੰਘ, ਬਾਬਾ ਜਰਨੈਲ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਇੰਦਰਪ੍ਰੀਤ ਸਿੰਘ ਨੇ ਕਥਾ, ਕੀਰਤਨ ਤੇ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਹਾਜ਼ਰ ਜਥੇਦਾਰ ਮੋਹਨ ਸਿੰਘ ਕਰਤਾਰਪੁਰ, ਸਮਾਜਿਕ ਤੇ ਧਾਰਮਿਕ ਆਗੂ ਕ੍ਰਿਸ਼ਨ ਸਿੰਘ ਸਨੌਰ, ਐੱਸਐੱਚਓ ਜਨਕ ਰਾਜ ਸ਼ਰਮਾ ਬਹਾਦਰਗੜ੍ਹ, ਐੱਸਐੱਚਓ ਗੁਰਪ੍ਰੀਤ ਸਿੰਘ ਸਮਰਾਓ ਅਰਬਨ ਅਸਟੇਟ, 'ਸਮਾਜ ਸੇਵੀ ਸੰਤ ਰਤਨ ਐਵਾਰਡ' ਨਾਲ ਸਨਮਾਨਿਤ ਮਨਜੀਤ ਸਿੰਘ ਚੌਹਾਨ ਸਨੌਰ, ਮਨਪ੍ਰੀਤ ਸਿੰਘ ਸਨੌਰ, ਤੇਜਿੰਦਰਪਾਲ ਸਿੰਘ ਸੰਧੂ, ਬੀਬੀ ਜਸਮੀਤ ਕੌਰ ਛੀਨਾ, ਰਜਿੰਦਰ ਸਿੰਘ ਮੌਜੀ, ਇੰਦਰਪਾਲ ਸਿੰਘ ਸੰਧੂ, ਜਗਦੇਵ ਸਿੰਘ ਤੇਜਾ, ਗੁਰਮੋਹਨ ਸਿੰਘ ਮੰਡੋਲੀ, ਪਲਵਿੰਦਰ ਸਿੰਘ, ਜਰਨੈਲ ਸਿੰਘ, ਕਰਤਾਰ ਸਿੰਘ, ਦਿਲਪ੍ਰੀਤ ਸਿੰਘ, ਗੁਰਸ਼ਰਨ ਸਿੰਘ, ਬਾਬਾ ਰਾਜ ਸਿੰਘ, ਭਾਈ ਜਸਵੰਤ ਸਿੰਘ, ਮੇਅਰ ਕੁੰਦਨ ਗੋਗੀਆ, ਸ਼ੁਸ਼ੀਲ ਮਿੱਡਾ, ਬਾਬਾ ਸੁਖਦੇਵ ਸਿੰਘ ਅਮਨ ਨਗਰ, ਪ੍ਰਮੋਦ ਕੁਮਾਰ ਸਾਬਕਾ ਡੀਈਓ, ਲਖਵਿੰਦਰ ਸਿੰਘ ਪ੍ਰਧਾਨ, ਸੰਜੀਵ ਕੁਮਾਰ ਐਹਿਰੂ, ਹਰਜੋਤ ਸਿੰਘ, ਹਰਦੀਪ ਸਿੰਘ ਬੀਜੇਪੀ, ਨਿਸ਼ਾਨ ਸਿੰਘ ਸਨੌਰ, ਭਾਈ ਸੁਖਦੇਵ ਸਿੰਘ, ਭੁਪਿੰਦਰ ਸਿੰਘ ਮਸੀਗਣ, ਸੰਜੀਵ ਸਿੰਘ ਆਰਐਸਐਸ, ਅਜੀਤ ਸਿੰਘ ਭੱਟੀ ਸਾਬਕਾ ਪ੍ਰਿੰਸੀਪਲ, ਡਾ ਹਰਨੇਕ ਸਿੰਘ, ਉਪਕਾਰ ਸਿੰਘ, ਜਤਿੰਦਰ ਗਰੇਵਾਲ, ਅਸ਼ਵਨੀ ਕੁਮਾਰ, ਲਤਾ ਰਾਣੀ ਨੇ ਵੀ ਸੇਵਾਂ ਵਿੱਚ ਯੋਗਦਾਨ ਪਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸਾਰੀਆਂ ਸ਼ਖਸੀਅਤਾਂ ਨੇ ਆਸ਼ਰਮ ਵੱਲੋਂ ਕੀਤੇ ਜਾ ਰਹੇ ਇਸ ਨਿਸ਼ਕਾਮ ਯਤਨ ਦੀ ਭਰਪੂਰ ਸ਼ਲਾਘਾ ਕੀਤੀ।

## ਵਿਧਾਇਕ ਅਜੀਤਪਾਲ ਸਿੰਘ ਕੋਹਲੀ ਵੱਲੋਂ ਵਾਰਡ ਨੰਬਰ 46 ਤੋਂ ਸ਼ਰਧਾਲੂਆਂ ਦੀ ਬੱਸ ਰਵਾਨਾ



ਪਟਿਆਲਾ, 31 ਮਈ (ਰੁਪਾਣਾ) : ਪੰਜਾਬ ਸਰਕਾਰ ਦੀ ਲੋਕ ਭਲਾਈ ਯੋਜਨਾ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਤਹਿਤ ਅੱਜ ਪਟਿਆਲਾ ਸ਼ਹਿਰੀ ਤੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਵਾਰਡ ਨੰਬਰ 46 ਦੇ ਸ਼ੇਰਾਂ ਵਾਲਾ ਗੇਟ ਤੋਂ ਸ਼ਰਧਾਲੂਆਂ ਦੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਧਾਰਮਿਕ ਆਸਥਾ ਨਾਲ ਜੁੜੇ ਲੋਕਾਂ ਲਈ ਇੱਕ ਵੱਡਾ ਉਪਰਾਲਾ ਹੈ। ਇਸ ਯੋਜਨਾ ਰਾਹੀਂ ਸ਼ਰਧਾਲੂਆਂ ਨੂੰ ਵੱਖ-ਵੱਖ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਲੋਕਾਂ ਨੂੰ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਵਿਧਾਇਕ ਕੋਹਲੀ ਨੇ ਯਾਤਰਾ 'ਤੇ ਜਾ ਰਹੇ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੀ ਸੁਖਦ ਅਤੇ ਮੰਗਲਮਈ ਯਾਤਰਾ ਦੀ ਕਾਮਨਾ ਕੀਤੀ। ਸ਼ਰਧਾਲੂਆਂ ਨੇ ਵੀ ਪੰਜਾਬ ਸਰਕਾਰ ਅਤੇ ਵਿਧਾਇਕ ਕੋਹਲੀ ਦਾ ਧੰਨਵਾਦ ਕਰਦਿਆਂ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਐਮਸੀ ਵਾਰਡ ਨੰਬਰ 46 ਜਗਤਾਰ ਸਿੰਘ ਤਾਰੀ ਅਤੇ ਹਰਵਿੰਦਰਪਾਲ ਸਿੰਘ ਵਿੰਟੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਉਨ੍ਹਾਂ ਨੇ ਸ਼ਰਧਾਲੂਆਂ ਨੂੰ ਯਾਤਰਾ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਇਸ ਯੋਜਨਾ ਨੂੰ ਲੋਕਾਂ ਲਈ ਲਾਭਕਾਰੀ ਦੱਸਿਆ।

## ਸੰਜੇ ਸਾਹਨੀ ਨਾਲ ਸੁਰਜੀਤ ਸਿੰਘ ਰੱਖੜਾ ਨੇ ਵੱਖ-ਵੱਖ ਮੁੱਦਿਆਂ 'ਤੇ ਕੀਤੀ ਚਰਚਾ



ਸਮਾਣਾ, 31 ਮਈ (ਜਵੰਦਾ): ਸਾਬਕਾ ਕੈਬਨਿਟ ਮੰਤਰੀ ਸ. ਸੁਰਜੀਤ ਸਿੰਘ ਰੱਖੜਾ ਵਿਸ਼ੇਸ਼ ਤੌਰ 'ਤੇ 'ਆਪ' ਪਾਰਟੀ ਦੇ ਬਲਾਕ ਪ੍ਰਧਾਨ ਸੰਜੇ ਸਾਹਨੀ ਦੇ ਗ੍ਰਹਿ ਵਿਖੇ ਪਹੁੰਚੇ। ਇਸ ਦੌਰਾਨ ਜਿੱਥੇ ਸਾਹਨੀ ਪਰਿਵਾਰ ਵੱਲੋਂ ਸ. ਰੱਖੜਾ ਦਾ ਉੱਥੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਅਹਿਮ ਮੁਲਾਕਾਤ ਦੌਰਾਨ ਸੁੱਖੀ ਧਾਲੀਵਾਲ, ਸ੍ਰੀ ਕਪੂਰ ਚੰਦ ਬਾਂਸਲ, ਕੌਂਸਲਰ ਰਾਣਾ ਸੇਖੋਂ, ਅਸ਼ੋਕ ਮੋਦਗਿਲ, ਗੁਰਦਿਆਲ ਰੰਧਾਵਾ, ਗੁਰਦੀਪ ਸ਼ਰਮਾ ਅਤੇ ਨਿਤਿਨ ਜੈਨ ਆਦਿ ਸ਼ਾਮਲ ਸਨ। ਇਸ ਮੌਕੇ ਵੱਡੀ ਗਿਣਤੀ ਵਿੱਚ ਹਾਜ਼ਰ ਹੋਰਨਾਂ ਸਥਾਨਕ ਆਗੂਆਂ ਅਤੇ ਵਰਕਰਾਂ ਨੇ ਸ. ਰੱਖੜਾ ਨਾਲ ਹਲਕੇ ਦੀ ਮੌਜੂਦਾ ਸਿਆਸੀ ਸਥਿਤੀ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ।

## ਅਗਰਵਾਲ ਸਮਾਜ ਸਭਾ ਨੇ ਨੋਟ ਬੁੱਕਾਂ, ਸਕੂਲ ਬੈਗ ਤੇ ਸਟੇਸ਼ਨਰੀ ਵੰਡੀ




ਪਟਿਆਲਾ, 31 ਮਈ (ਰੁਪਾਣਾ) : ਅਗਰਵਾਲ ਸਮਾਜ ਸਭਾ ਪਟਿਆਲਾ ਦੇ ਪ੍ਰਧਾਨ ਸੌਰਭ ਜੈਨ, ਸਕੱਤਰ ਕੇ.ਕੇ. ਬਾਂਸਲ ਅਤੇ ਖਜ਼ਾਨਚੀ ਐਸ.ਕੇ. ਗੋਇਲ ਦੀ ਅਗਵਾਈ ਹੇਠ ਆਰੀਆ ਹਾਈ ਸਕੂਲ, ਗੁਰੂ ਨਾਨਕ ਨਗਰ, ਪਟਿਆਲਾ ਵਿਖੇ 80 ਬੱਚਿਆਂ ਨੂੰ ਨੋਟਬੁੱਕਾਂ, ਸਕੂਲ ਬੈਗ ਅਤੇ ਸਟੇਸ਼ਨਰੀ ਵੰਡੀ। ਬੱਚਿਆਂ ਨੂੰ ਗਰਮੀ ਤੋਂ ਬਚਾਉਣ ਲਈ ਪਾਣੀ ਦੀਆਂ ਬੋਤਲਾਂ ਵੀ ਵੰਡੀਆਂ ਗਈਆਂ। ਇਹ ਚੀਜ਼ਾਂ ਸਭਾ ਦੇ ਮੁੱਖ ਸਲਾਹਕਾਰ ਸੁਰੇਸ਼ ਗਰਗ ਅਤੇ ਕ੍ਰਿਸ਼ਨਾ ਗਰਗ ਦੁਆਰਾ ਪ੍ਰਦਾਨ ਕੀਤੀਆਂ ਗਈਆਂ। ਇਸ ਮੌਕੇ 'ਤੇ ਅਗਰਵਾਲ ਸਮਾਜ ਸਭਾ, ਪਟਿਆਲਾ ਦੇ ਪ੍ਰਧਾਨ ਸੌਰਭ ਜੈਨ ਨੇ ਕਿਹਾ ਕਿ ਅਗਰਵਾਲ ਸਮਾਜ ਹਮੇਸ਼ਾ ਦੂਜਿਆਂ ਦੀ ਮਦਦ ਕਰਨ ਵਿੱਚ ਸਭ ਤੋਂ ਅੱਗੇ ਰਿਹਾ ਹੈ। ਅਗਰਵਾਲ ਸਮਾਜ ਸਭਾ ਦੇ ਪੈਟਰਨ ਸੋਹਿੰਦਰ ਕਾਂਸਲ ਨੇ ਦੱਸਿਆ ਕਿ ਸਭਾ ਮੈਡੀਕਲ ਕੈਂਪ, ਅੱਖਾਂ ਦੀ ਜਾਂਚ ਕੈਂਪ ਅਤੇ ਹੋਰ ਬਹੁਤ ਸਾਰੇ ਪ੍ਰੋਗਰਾਮ ਆਯੋਜਿਤ ਕਰ ਰਹੀ ਹੈ। ਪੈਟਰਨ ਪਵਨ ਗੋਇਲ ਨੇ ਕਿਹਾ ਕਿ ਸਭਾ ਸਕੂਲਾਂ ਵਿੱਚ ਬੱਚਿਆਂ ਦੀ ਅੱਖਾਂ ਦੀ ਜਾਂਚ ਕਰ ਰਹੀ ਹੈ ਅਤੇ ਅੱਖਾਂ ਦੀਆਂ ਬਿਮਾਰੀਆਂ ਤੋਂ ਪੀੜਤ ਬੱਚਿਆਂ ਦੀ ਮਦਦ ਕਰ ਰਹੀ ਹੈ। ਇਸ ਮੌਕੇ ਧਰਮਪਾਲ ਗਰਗ, ਧਰਿੰਦਰ ਮਿੱਤਲ, ਹਰਮੇਸ਼ ਸਿੰਗਲਾ, ਮੁਕੇਸ਼ ਸਿੰਗਲਾ, ਅਸ਼ੋਕ ਗੋਇਲ, ਤਰਸੇਮ ਬਾਂਸਲ, ਉਰਮਿਲ ਮਿੱਤਲ, ਸਰੋਜ ਕਾਂਸਲ, ਰਮਨਾ ਗਰਗ ਅਤੇ ਮੰਜੂ ਸਿੰਗਲਾ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਆਰੀਆ ਹਾਈ ਸਕੂਲ ਦੀ ਪ੍ਰਿੰਸੀਪਲ ਰੇਖਾ ਸੋਈ ਨੇ ਅਗਰਵਾਲ ਸਮਾਜ ਸਭਾ ਪਟਿਆਲਾ ਦਾ ਬੱਚਿਆਂ ਦੀ ਮਦਦ ਕਰਨ ਲਈ ਧੰਨਵਾਦ ਕੀਤਾ।

## 35 ਬੋਤਲਾਂ ਸ਼ਰਾਬ ਬ੍ਰਾਮਦ

ਘਨੌਰ, 31 ਮਈ (ਮਦਨ ਲਾਲ) : ਥਾਣਾ ਘਨੌਰ ਪੁਲਿਸ ਨੇ ਕਥਿਤ ਦੋਸ਼ੀਆਂ ਗੋਰਵ ਵਾਸੀ ਬਘੋਰਾ, ਮਨਪ੍ਰੀਤ ਸਿੰਘ ਪੁੱਤਰ ਮਨਮੋਹਨ ਸਿੰਘ ਵਾਸੀ ਵਾਰਡ ਨੰ. 11 ਥਾਣਾ ਘਨੌਰ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏਐਸਆਈ ਅਵਤਾਰ ਸਿੰਘ ਸਮੇਤ ਪੁਲਿਸ ਪਾਰਟੀ ਨਹਿਰ ਪੁਲ ਸਰਾਲਾ ਹੈਡ ਮੌਜੂਦ ਸੀ, ਜੋ ਦੋਸ਼ੀਆਨ ਦੇ ਮੋਟਰਸਾਇਕਲ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 24 ਬੋਤਲਾਂ ਸ਼ਰਾਬ ਠੇਕਾ ਦੇਸੀ ਮਾਲਟਾ ਹਰਿਆਣਾ ਦੀਆ ਬ੍ਰਾਮਦ ਹੋਈਆਂ। ਇਸੇ ਤਰ੍ਹਾਂ ਥਾਣਾ ਘੱਗਾ ਪੁਲਿਸ ਨੇ ਕਥਿਤ ਦੋਸ਼ੀ ਰਾਜੂ ਸਿੰਘ ਵਾਸੀ ਪਿੰਡ ਸਧਾਰਨਪੁਰ ਵਿਰੁੱਧ ਮਾਮਲਾ ਦਰਜ ਕੀਤਾ ਹੈ।ਏਐਸਆਈ ਪਰਮਜੀਤ ਸਿੰਘ ਸਮੇਤ ਪੁਲਿਸ ਪਾਰਟੀ ਪਿੰਡ ਸਧਾਰਨਪੁਰ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 11 ਬੋਤਲਾਂ ਸ਼ਰਾਬ ਠੇਕਾ ਦੇਸੀ ਹੀਰ ਸੋਫੀਆ ਹਰਿਆਣਾ ਦੀਆਂ ਬ੍ਰਾਮਦ ਹੋਈਆਂ।

## ਵਾਰਡ ਨੰਬਰ 6 ਤੋਂ ਜੇਤੂ ਕਪੂਰ ਚੰਦ ਬਾਂਸਲ ਨੇ ਰੱਖੜਾ ਤੋਂ ਲਿਆ ਅਸ਼ੀਰਵਾਦ



ਸਮਾਣਾ, 31 ਮਈ (ਜਵੰਦਾ): ਸਮਾਣਾ ਨਗਰ ਕੌਂਸਲ ਚੋਣਾਂ ਵਿੱਚ ਵਾਰਡ ਨੰਬਰ 6 ਤੋਂ ਸ਼ਾਨਦਾਰ ਅਤੇ ਵੱਡੀ ਲੀਡ ਨਾਲ ਜਿੱਤ ਦਰਜ ਕਰਨ ਵਾਲੇ ਉਮੀਦਵਾਰ ਸ੍ਰੀ ਕਪੂਰ ਚੰਦ ਬਾਂਸਲ ਅਤੇ ਉਨ੍ਹਾਂ ਦੇ ਸਪੁੱਤਰ ਹੁਸਨਦੀਪ ਬਾਂਸਲ ਵੱਲੋਂ ਅੱਜ ਸਾਬਕਾ ਕੈਬਨਿਟ ਮੰਤਰੀ ਸ. ਸੁਰਜੀਤ ਸਿੰਘ ਰੱਖੜਾ ਨਾਲ ਇੱਕ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਨਿੱਘੀ ਅਤੇ ਅਹਿਮ ਮੁਲਾਕਾਤ ਦੌਰਾਨ ਸ੍ਰੀ ਕਪੂਰ ਚੰਦ ਬਾਂਸਲ ਨੇ ਸ. ਰੱਖੜਾ ਦਾ ਮੂੰਹ ਮਿੱਠਾ ਕਰਵਾਇਆ। ਸਾਬਕਾ ਮੰਤਰੀ ਸ. ਸੁਰਜੀਤ ਸਿੰਘ ਰੱਖੜਾ ਨੇ ਸ੍ਰੀ ਬਾਂਸਲ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਇਸ ਵੱਡੀ ਜਿੱਤ ਦੀ ਹਾਰਦਿਕ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਲੋਕਾਂ ਨੇ ਮਿਹਨਤੀ ਅਤੇ ਇਮਾਨਦਾਰ ਲੀਡਰਸ਼ਿਪ 'ਤੇ ਮੋਹਰ ਲਗਾਈ ਹੈ। ਉਨ੍ਹਾਂ ਉਮੀਦ ਜਤਾਈ ਕਿ ਸ੍ਰੀ ਬਾਂਸਲ ਹਮੇਸ਼ਾ ਦੀ ਤਰ੍ਹਾਂ ਵਾਰਡ ਨੰਬਰ 6 ਦੇ ਵਸਨੀਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਨਗੇ ਅਤੇ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹਿਣਗੇ। ਇਸ ਮੌਕੇ ਹਲਕੇ ਦੇ ਮੌਜੂਦਾ ਸਿਆਸੀ ਹਾਲਾਤ ਅਤੇ ਵਾਰਡ ਦੇ ਵਿਕਾਸ ਕਾਰਜਾਂ ਦੀ ਰੂਪ-ਰੇਖਾ ਸਬੰਧੀ ਵੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।